ਅਧਿਆਇ ਤੀਜਾ

# ਨਿਰਮਲ ਜਸਵਾਲ ਅਤੇ ਰਸ਼ਪਿੰਦਰ ਰਸ਼ਿਮ ਦੀਆਂ ਕਹਾਣੀਆਂ ਵਿੱਚ ਨਾਰੀਵਾਦੀ ਚੇਤਨਾ

## ਅਧਿਆਇ ਤੀਜਾ

# ਨਿਰਮਲ ਜਸਵਾਲ ਅਤੇ ਰਸ਼ਪਿੰਦਰ ਰਸ਼ਿਮ ਦੀਆਂ ਕਹਾਣੀਆਂ ਵਿੱਚ ਨਾਰੀਵਾਦੀ ਚੇਤਨਾ

ਨਿਰਮਲ ਜਸਵਾਲ ਅਤੇ ਰਸ਼ਪਿੰਦਰ ਰਸ਼ਿਮ ਦਾ ਨਾਂ ਸਮਕਾਲੀ ਦੌਰ ਦੇ ਪੰਜਾਬੀ ਕਹਾਣੀਕਾਰਾਂ ਵਿੱਚ ਗਿਣਿਆ ਜਾਂਦਾ ਹੈ। ਪੰਜਾਬੀ ਕਹਾਣੀ ਸਾਹਿਤ ਦੇ ਖੇਤਰ ਵਿੱਚ ਇਹਨਾਂ ਕਹਾਣੀਕਾਰਾਂ ਦਾ ਆਪਣਾ ਵਿਸ਼ੇਸ਼ ਯੋਗਦਾਨ ਅਤੇ ਵਿਲੱਖਣ ਸਥਾਨ ਹੈ। ਨਿਰਮਲ ਜਸਵਾਲ ਦੇ ਹੁਣ ਤੱਕ ਤਿੰਨ ਕਹਾਣੀ ਸੰਗ੍ਰਹਿ ਇਕ ਚੁੱਪ ਜਿਹੀ ਕੁੜੀ (2002), ਮੱਛੀਆਂ ਕੱਚ ਦੀਆਂ (2004) ਅਤੇ ਅੰਗਾਰ (2013) ਪ੍ਰਕਾਸ਼ਿਤ ਹੋ ਚੁੱਕੇ ਹਨ। ਰਸ਼ਪਿੰਦਰ ਰਸ਼ਿਮ ਛਲੇਡਾ (2004), ਅੰਜੀਰ ਦਾ ਰੁੱਖ (2007) ਅਤੇ ਉੱਧੜੀ ਹੋਈ ਗੁੱਡੀ (2012) ਕਹਾਣੀ ਸੰਗ੍ਰਹਿਆਂ ਨਾਲ ਪੰਜਾਬੀ ਕਹਾਣੀ ਸਾਹਿਤ ਵਿੱਚ ਵਾਧਾ ਕਰਦੀ ਹੈ। ਨਿਰਮਲ ਜਸਵਾਲ ਔਰਤ-ਮਰਦ ਦੇ ਗੁੰਝਲਦਾਰ ਅਤੇ ਵਿਵਰਜਿਤ ਰਿਸ਼ਤੇ ਨੂੰ ਨਿਸੰਗਤਾ ਸਹਿਤ ਪੇਸ਼ ਕਰਨ ਵਾਲੀ ਬੇਬਾਕ ਕਹਾਣੀਕਾਰ ਹੈ। ਪ੍ਰੇਮ ਪ੍ਰਕਾਸ਼ ਅਨੁਸਾਰ :

> ਨਿਰਮਲ ਔਰਤ ਮਰਦ ਦੇ ਉਲਝੇ ਰਿਸ਼ਤਿਆਂ ਦੀਆਂ ਕਹਾਣੀਆਂ ਲਿਖਦੀ ਏ। ਉਹ ਹੋਰਾਂ ਕਹਾਣੀਕਾਰ ਇਸਤਰੀਆਂ ਵਾਂਗ ਔਰਤ ਦੇ ਦੁੱਖਾਂ ਦੇ ਰੋਣੇ ਨਹੀਂ ਰੋਂਦੀ ਤੇ ਨਾ ਈ ਆਪਣੇ ਬਾਪ ਤੇ ਵੀਰ ਨੂੰ ਛੱਡ ਕੇ ਸਾਰੇ ਮਰਦਾਂ ਨੂੰ ਨਿੰਦਦੀ ਏ।[1]

ਡਾ. ਸਤਿੰਦਰ ਸਿੰਘ ਨੂਰ ਅਨੁਸਾਰ :

> ਨਿਰਮਲ ਜਸਵਾਲ ਦੀਆਂ ਕਹਾਣੀਆਂ ਮਨੁੱਖੀ ਰਿਸ਼ਤਿਆਂ ਦੀਆਂ ਡੂੰਘੀਆਂ ਮਨੋਵਿਗਿਆਨਕ ਤਹਿਆਂ ਨੂੰ ਫਰੋਲਦੀਆਂ ਪ੍ਰੰਪਰਕ ਕਹਾਣੀ ਵਾਂਗ ਸਿੱਧੀ ਲਕੀਰ ਵਿੱਚ ਨਹੀਂ ਤੁਰਦੀਆਂ। ....ਔਰਤ ਦੀਆਂ ਉਹ ਕਈ ਨਿਝੱਕ ਤੌਰ ਤੇ ਉਹ ਜਟਿਲ ਪਰਤਾਂ ਬਿਆਨਦੀ ਹੈ, ਜੋ ਪੰਜਾਬੀ ਲੇਖਿਕਾਵਾਂ ਨੇ ਪਹਿਲਾਂ ਨਹੀਂ ਬਿਆਨੀਆਂ।[2]

ਨਿਰਮਲ ਜਸਵਾਲ ਨੇ ਔਰਤ ਮਨ ਦੀਆਂ ਉਹਨਾਂ ਸੂਖ਼ਮ ਭਾਵਨਾਵਾਂ ਨੂੰ ਜ਼ੁਬਾਨ ਦਿੱਤੀ ਹੈ ਜਿਹੜੀਆਂ ਪਿੱਤਰੀ ਸਮਾਜਿਕ ਪ੍ਰਬੰਧ ਦੇ ਕਠੋਰ ਮੁੱਲ ਵਿਧਾਨ ਹੇਠ ਦੱਬ ਜਾਂਦੀਆਂ ਹਨ। ਉਸ ਦੀਆਂ ਜ਼ਿਆਦਾਤਰ ਕਹਾਣੀਆਂ ਔਰਤ-ਮਰਦ ਦੇ ਜਿਨਸੀ ਸੰਬੰਧਾਂ ਦੀਆਂ ਵੱਖ-ਵੱਖ ਸਮੀਕਰਣਾਂ ਨਾਲ ਸੰਬੰਧਿਤ ਹਨ। ਉਸ ਦੀਆਂ ਕਹਾਣੀਆਂ ਵਿੱਚ ਪੇਸ਼ ਨਾਰੀ ਪਾਤਰ ਪਿੱਤਰਕੀ ਸਮਾਜਿਕ ਪ੍ਰਬੰਧ ਵਿਚਲੇ ਸਮਾਜ-ਸਭਿਆਚਾਰਕ ਬੰਧਨਾਂ ਨੂੰ ਤਿਆਗ ਕੇ ਸਰੀਰਕ, ਮਾਨਸਿਕ ਖੁੱਲ੍ਹ ਮਾਣਨ ਦੇ ਇਛੁੱਕ ਹਨ। ਇਹ ਨਾਰੀ ਪਾਤਰ ਸੰਸਾਰ ਪੱਧਰ

ਤੇ ਔਰਤ ਦੀ ਬਦਲ ਰਹੀ ਸਥਿਤੀ ਤੋਂ ਵਾਕਫ਼ ਤੇ ਪ੍ਰਭਾਵਿਤ ਹਨ। ਮਹਾਂਨਗਰਾਂ ਵਿੱਚ ਰਹਿਣ ਵਾਲੀਆਂ ਇਹ ਔਰਤ ਪਾਤਰਾਂ ਸਥਾਪਿਤ ਖੋਖਲੇ ਪਿੱਤਰਕੀ ਆਦਰਸ਼ਾਂ ਅਤੇ ਨੈਤਿਕ ਮਾਪਦੰਡਾਂ ਪ੍ਰਤੀ ਵਿਦਰੋਹੀ ਸੁਰ ਅਲਾਪਦੀਆਂ ਨਜ਼ਰ ਆਉਂਦੀਆਂ ਹਨ। ਇਹ ਔਰਤ ਪਾਤਰਾਂ ਆਪਣੀਆਂ ਅਸਤਿਤਵੀ ਲੋੜਾਂ ਅਤੇ ਪਛਾਣ ਪ੍ਰਤੀ ਚੇਤੰਨ ਹਨ ਅਤੇ ਪ੍ਰੰਪਰਕ ਔਰਤਾਂ ਵਾਂਗ ਪੈਤਰਿਕ ਮਾਨਸਿਕਤਾ ਵਾਲੇ ਅਜਿਹੇ ਮਰਦ ਨਾਲ ਰਿਸ਼ਤਾ ਰੱਖਣ ਦੀਆਂ ਇੱਛੁਕ ਨਹੀਂ ਜਿਹੜਾ ਔਰਤ ਨੂੰ ਇਕ ਵਸਤ ਦੇ ਰੂਪ ਵਿੱਚ ਤਬਦੀਲ ਕਰ ਦਿੰਦਾ ਹੈ। ਮਹਾਂਨਗਰੀ ਉਪਭੋਗੀ ਸਭਿਆਚਾਰ ਵਿੱਚ ਵਿਚਰਦੀਆਂ ਇਹ ਪਾਤਰਾਂ ਬਿਨਾਂ ਕਿਸੇ ਆਤਮ ਗਿਲਾਨੀ ਅਹਿਸਾਸ ਦੇ ਆਪਣੇ ਸਾਥੀ ਮਰਦ ਪਾਤਰਾਂ ਨੂੰ ਉਸੇ ਤਰ੍ਹਾਂ ਭੋਗਦੀਆਂ ਹਨ ਜਿਵੇਂ ਕਿ ਮਰਦ ਪਾਤਰ ਉਹਨਾਂ ਨੂੰ ਭੋਗਦੇ ਹਨ।

ਰਸ਼ਪਿੰਦਰ ਰਸ਼ਿਮ ਦੀਆਂ ਕਹਾਣੀਆਂ ਦੇ ਵਿਸ਼ੇ-ਵਸਤੂ ਦਾ ਘੇਰਾ ਪੇਂਡੂ ਅਨੁਭਵ ਤੋਂ ਲੈ ਕੇ ਮਹਾਂਨਗਰੀ ਅਤੇ ਸ਼ਹਿਰੀ ਮੱਧਵਰਗੀ ਜੀਵਨ ਜਾਚ ਦੇ ਚਿਤਰਨ ਤੱਕ ਫੈਲਿਆ ਹੋਇਆ ਹੈ। ਉਸਨੇ ਔਰਤ ਮਨ ਦੀ ਸੰਵੇਦਨਾ ਨੂੰ ਵਧੇਰੇ ਗਹਿਰਾਈ ਅਤੇ ਨਿਰਪੱਖਤਾ ਨਾਲ ਪ੍ਰਗਟਾਇਆ ਹੈ। ਰਘਬੀਰ ਸਿੰਘ ਸਿਰਜਣਾ ਅਨੁਸਾਰ :

> ਇਕ ਲੇਖਕ ਵਜੋਂ ਰਸ਼ਿਮ ਨਾਰੀ ਦੀ ਹੋਂਦ ਦਾ ਸੱਚ ਸਾਹਮਣੇ ਲਿਆਉਂਦੀ ਹੈ। ਉਸ ਦੇ ਨਾਰੀਵਾਦੀ ਸਰੋਕਾਰਾਂ ਵਿੱਚ ਨਰ ਅਤੇ ਨਾਰੀ ਦੋਹਾਂ ਲਈ ਪਰਸਪਰ ਪਛਾਣ ਉੱਤੇ ਆਧਾਰਿਤ ਸੰਤੁਲਨ ਜ਼ਿੰਦਗੀ ਦੀ ਚਾਹਤ ਹੈ। ਨਾਰੀ ਲਈ ਨਰ ਦੀ ਕੁਦਰਤੀ ਸਿੱਕ ਹਾਬੜਾ ਨਾ ਬਣੇ ਅਤੇ ਅਜਿਹੀ ਸਮਾਜ-ਵਿਵਸਥਾ ਹੋਵੇ, ਜਿਸ ਵਿੱਚ ਨਰ ਵੱਲੋਂ ਨਾਰੀ ਦਾ ਸਰੀਰਕ ਮਾਨਸਿਕ ਸ਼ੋਸ਼ਣ ਨਾ ਹੋਵੇ, ਇਹ ਉਸਦੀ ਕੋਸ਼ਿਸ਼ ਹੈ।[3]

ਡਾ. ਵਨੀਤਾ ਅਨੁਸਾਰ :

> ਰਸ਼ਿਮ ਦੀ ਹਰ ਕਹਾਣੀ ਇਕ ਦੂਜੀ ਤੋਂ ਵੱਖਰੀ ਹੈ। ਉਹ ਔਰਤ ਦੀ ਦ੍ਰਿਸ਼ਟੀ ਤੋਂ ਸਮਾਜ ਦੀਆਂ ਬਹੁਤ ਸਾਰੀਆਂ ਪਰਤਾਂ ਦਾ ਇਕੇਰਾਂ ਹੀ ਵਿਸ਼ਲੇਸ਼ਣ ਕਰਦੀ ਹੈ। ਜੋ ਮਨੋਵਿਗਿਆਨਕ ਵੀ ਹੁੰਦਾ ਹੈ ਅਤੇ ਸਮਾਜਿਕ ਵੀ। ਉਸ ਦੀਆਂ ਕਹਾਣੀਆਂ ਸਮਾਜ ਉੱਤੇ ਇਕ ਤਿੱਖੀ ਕਟਾਖ਼ਸ਼ ਹਨ ਤੇ ਉਹ ਅਜਿਹੀ ਕਹਾਣੀ ਦੀ ਸੰਰਚਨਾ ਅਤੇ

ਗਲਪੀ ਭਾਸ਼ਾ ਦੀ ਸਿਰਜਣਾ ਨੂੰ ਵੀ ਪ੍ਰਭਾਵਸ਼ਾਲੀ ਰੂਪ ਵਿੱਚ ਸਮਝਦੀ ਹੈ।[4]

ਰਸ਼ਪਿੰਦਰ ਰਸ਼ਿਮ ਦੀਆਂ ਕਹਾਣੀਆਂ ਔਰਤ-ਮਰਦ ਸੰਬੰਧਾਂ ਦੀਆਂ ਅੰਦਰੂਨੀ ਪਰਤਾਂ ਨੂੰ ਉਘਾੜਦੀਆਂ ਹੋਈਆਂ ਪਿੱਤਰੀ ਸਮਾਜ ਵਿੱਚ ਔਰਤ ਦੀ ਸਥਿਤੀ ਦੀ ਯਥਾਰਥਕ ਤਸਵੀਰ ਪੇਸ਼ ਕਰਦੀਆਂ ਹਨ। ਰਸ਼ਿਮ ਘਰ, ਪਰਿਵਾਰ ਅਤੇ ਵਿਆਹ ਜਿਹੀਆਂ ਪਿੱਤਰਸੱਤਾਤਮਕ ਸੰਸਥਾਵਾਂ ਵਿੱਚ ਮਰਦ ਹੱਥੋਂ ਸ਼ੋਸ਼ਿਤ ਹੋ ਰਹੀ ਨਾਰੀ ਦੇ ਦੁਖਾਂਤ ਨੂੰ ਡੂੰਘੀ ਸੰਵੇਦਨਸ਼ੀਲਤਾ ਨਾਲ ਪ੍ਰਗਟਾਉਂਦੀ ਹੋਈ ਸਮਾਜ ਦੇ ਨਾਰੀ ਪ੍ਰਤੀ ਸੰਕੀਰਣ ਨਜ਼ਰੀਏ ਨੂੰ ਬਦਲਣ ਉੱਤੇ ਜ਼ੋਰ ਦਿੰਦੀ ਹੈ। ਉਸ ਦੀਆਂ ਕਹਾਣੀਆਂ ਵਿੱਚ ਜਿੱਥੇ ਪ੍ਰੰਪਰਕ ਸੰਸਕਾਰਾਂ ਦੀ ਪਾਲਣਾ ਕਰਨ ਵਾਲੀਆਂ ਆਦਰਸ਼ ਭਾਰਤੀ ਨਾਰੀ ਪਾਤਰਾਂ ਦੀ ਚਿਹਨਕਾਰੀ ਹੋਈ ਹੈ, ਉੱਥੇ ਦੂਜੇ ਪਾਸੇ ਅਜਿਹੇ ਨਾਰੀ ਪਾਤਰ ਵੀ ਵਿਦਮਾਨ ਹੋਏ ਹਨ ਜੋ ਪਿੱਤਰੀ ਸਮਾਜ ਵਿੱਚ ਆਪਣੀ ਅਧੀਨਗੀ ਵਾਲੀ ਸਥਿਤੀ ਨੂੰ ਸਵੀਕਾਰ ਨਹੀਂ ਕਰਦੇ। ਇਹ ਨਾਰੀ ਪਾਤਰ ਸੁਚੇਤ ਹੋ ਕੇ ਪ੍ਰੰਪਰਕ ਸਮਾਜ-ਸਭਿਆਚਾਰਕ ਮਰਿਆਦਾਵਾਂ ਦਾ ਖੰਡਨ ਕਰਦੇ ਹਨ ਅਤੇ ਨਵੀਆਂ ਕਦਰਾਂ ਸਥਾਪਿਤ ਕਰਦੇ ਹਨ। ਰਸ਼ਪਿੰਦਰ ਰਸ਼ਿਮ ਨਵ-ਪੂੰਜੀਵਾਦੀ, ਉਪਭੋਗਤਾਵਾਦੀ ਅਤੇ ਖ਼ਪਤ ਸਭਿਆਚਾਰ ਦੇ ਫਲਸਰੂਪ ਨਾਰੀ ਦੇਹ ਦੇ ਹੋ ਰਹੇ ਸ਼ੋਸ਼ਣ, ਮਹਾਂਨਗਰੀ ਸਭਿਆਚਾਰ ਵਿੱਚ ਦੇਹਵਾਦੀ ਰੁਚੀਆਂ ਦੇ ਪਨਪਣ ਕਾਰਨ ਟੁੱਟ ਰਹੀਆਂ ਨੈਤਿਕ ਕਦਰਾਂ-ਕੀਮਤਾਂ ਅਤੇ ਔਰਤ-ਮਰਦ ਸੰਬੰਧਾਂ ਵਿੱਚ ਆ ਰਹੇ ਬਦਲਾਅ ਨੂੰ ਬੜੀ ਗੰਭੀਰਤਾ ਨਾਲ ਪੇਸ਼ ਕਰਦੀ ਹੈ।

**ਘਰ, ਪਰਿਵਾਰ, ਵਿਆਹ ਸੰਸਥਾ ਅਤੇ ਔਰਤ**

ਜਦੋਂ ਅਸੀਂ ਪਿੱਤਰਤੰਤਰੀ ਬਣਤਰ ਵਾਲੇ ਭਾਰਤੀ ਸਮਾਜਿਕ ਢਾਂਚੇ ਦੀਆਂ ਮੂਲ ਅਤੇ ਮਹਤੱਵਪੂਰਨ ਇਕਾਈਆਂ ਘਰ, ਪਰਿਵਾਰ ਅਤੇ ਵਿਆਹ ਆਦਿ ਵਿੱਚ ਔਰਤ ਦੀ ਸਥਿਤੀ ਨੂੰ ਦੇਖਦੇ ਹਾਂ ਤਾਂ ਸਾਨੂੰ ਔਰਤ ਹਰ ਪੱਧਰ ਤੇ ਪੀੜਤ ਅਤੇ ਸ਼ੋਸ਼ਿਤ ਹੁੰਦੀ ਦਿਖਾਈ ਦਿੰਦੀ ਹੈ। ਇਹਨਾਂ ਪਿੱਤਰਸੱਤਾਤਮਕ ਸੰਸਥਾਵਾਂ, ਸੰਰਚਨਾਵਾਂ ਵਿੱਚ ਮਰਦ ਸੱਤਾ ਦੀ ਏਕਾਧਿਕਾਰਤਾ ਕਾਰਨ ਨਾਰੀ ਆਪਣੇ ਆਪ ਨੂੰ ਬੇਬਸ, ਲਾਚਾਰ, ਮਜ਼ਬੂਰ ਅਤੇ ਅਣਗੌਲਿਆ ਮਹਿਸੂਸ ਕਰਦੀ ਹੈ। ਸੰਪਤੀ ਉੱਤੇ ਮਰਦ ਦਾ ਅਧਿਕਾਰ ਹੋਣ ਕਾਰਨ ਪਰਿਵਾਰ ਵਿਚਲੇ ਫੈਸਲੇ ਮੁਖੀ ਮਰਦ ਦੁਆਰਾ ਲਏ ਜਾਂਦੇ ਹਨ ਅਤੇ ਨਾਰੀ ਦਾ ਮੁਖੀ ਦੇ ਹੁਕਮਾਂ ਨੂੰ ਮੰਨਣਾ ਜ਼ਰੂਰੀ ਸਮਝਿਆ ਜਾਂਦਾ ਹੈ। ਏਂਗਲਜ਼ ਅਨੁਸਾਰ, 'ਪਰਿਵਾਰ ਵਿੱਚ ਮਰਦ ਬੁਰਜੂਆ ਹੈ ਅਤੇ ਨਾਰੀ ਪ੍ਰੋਲੇਤਾਰੀ ਸ਼੍ਰੇਣੀ ਵਿੱਚ ਹੈ। ਪਰਿਵਾਰ ਦੀ ਸੰਰਚਨਾ ਪਿੱਤਰਤੰਤਰੀ ਹੋਣ ਕਾਰਨ ਨਾਰੀ ਨੂੰ ਪਿਤਾ, ਪਤੀ ਅਤੇ ਪੁੱਤਰ ਦੇ ਕਹਿਣੇ ਵਿੱਚ ਚੱਲਣਾ ਸਿਖਾਇਆ ਜਾਂਦਾ ਹੈ।'[5] ਨਾਰੀ ਨੂੰ ਪੁਰਸ਼ ਦੇ ਦਾਬੇ ਅਧੀਨ ਰੱਖਣ ਲਈ ਪਿੱਤਰਸੱਤਾ ਦੁਆਰਾ ਅਜਿਹੀਆਂ ਰਵਾਇਤਾਂ, ਪ੍ਰੰਪਰਾਵਾਂ, ਮਿੱਥਾਂ ਅਤੇ ਮਨੌਤਾਂ ਦਾ ਨਿਰਮਾਣ ਕੀਤਾ ਗਿਆ ਜਿਨ੍ਹਾਂ ਨੂੰ ਨਾਰੀ ਸਹਿਜ

ਸੁਭਾਅ ਹੀ ਆਤਮਸਾਤ ਕਰ ਲੈਂਦੀ ਹੈ। ਪਿੱਤਰਸੱਤਾਤਮਕ ਸਮਾਜ ਨੇ ਆਪਣੀ ਸੁਵਿਧਾ ਅਨੁਸਾਰ ਜਿਹੜੇ ਨਿਯਮ, ਕਾਨੂੰਨ ਅਤੇ ਸਿਧਾਂਤ ਬਣਾਏ ਉਨ੍ਹਾਂ ਨੂੰ ਪਿੱਤਰੀ ਸਾਂਸਕ੍ਰਿਤਕ ਮੁੱਲ ਵਿਧਾਨ ਉੱਚਿਤ ਹੀ ਨਹੀਂ ਠਹਿਰਾਉਂਦਾ, ਸਗੋਂ ਇਸਨੂੰ ਪ੍ਰੱਪਕ ਕਰਨ ਦਾ ਵੀ ਹਰ ਹੀਲਾ ਵਰਤਦਾ ਹੈ। ਕਹਾਣੀਕਾਰ ਨਿਰਮਲ ਜਸਵਾਲ ਅਤੇ ਰਸ਼ਪਿੰਦਰ ਰਸ਼ਿਮ ਨੇ ਨਾਰੀ ਨੂੰ ਘਰ, ਪਰਿਵਾਰ ਅਤੇ ਵਿਆਹ ਜਿਹੀਆਂ ਪਿੱਤਰੀ ਸੰਸਥਾਵਾਂ ਦੇ ਪ੍ਰਕਰਣ ਵਿੱਚ ਰੱਖ ਕੇ ਨਾਰੀ ਅਸਤਿਤਵ ਨਾਲ ਜੁੜੇ ਮਸਲਿਆਂ ਨੂੰ ਆਪਣੀਆਂ ਕਹਾਣੀਆਂ ਰਾਹੀਂ ਉਠਾਉਣ ਦਾ ਯਤਨ ਕੀਤਾ ਹੈ। ਇਹ ਕਹਾਣੀਆਂ ਇਹਨਾਂ ਸੰਸਥਾਵਾਂ ਪਿੱਛੇ ਕਾਰਜਸ਼ੀਲ ਪਿੱਤਰਕੀ ਰਾਜਨੀਤੀ ਦੀ ਪੋਲ ਖੋਲ੍ਹਦੀਆਂ ਹੋਈਆਂ ਨਾਰੀ ਨਾਲ ਹੁੰਦੇ ਵਿਤਕਰੇ ਅਤੇ ਨਾਰੀ ਦਮਨ ਨੂੰ ਰੂਪਮਾਨ ਕਰਦੀਆਂ ਹਨ।

ਭਾਰਤੀ ਪੰਜਾਬੀ ਨਾਰੀ ਲਈ 'ਘਰ' ਮਹਿਜ਼ ਇੱਟਾਂ ਵੱਟਿਆਂ ਦਾ ਬਣਿਆ ਮਕਾਨ ਨਹੀਂ ਬਲਕਿ ਉਸਦੇ ਚਾਵਾਂ, ਰੀਝਾਂ ਅਤੇ ਸੁਪਨਿਆਂ ਦਾ ਸੰਸਾਰ ਹੈ, ਉਸਦੀ ਪਛਾਣ ਦਾ ਆਧਾਰ ਹੈ। ਇਸ ਲਈ ਉਹ ਘਰ ਨਾਲ ਮੋਹ ਦੀਆਂ ਤੰਦਾਂ ਵਿੱਚ ਬੱਝੀ ਹੋਈ ਹਰ ਪ੍ਰਸਥਿਤੀ ਵਿੱਚ ਘਰ ਵਿੱਚ ਆਪਣੀ ਹੋਂਦ ਬਰਕਰਾਰ ਰੱਖਣਾ ਚਾਹੁੰਦੀ ਹੈ। ਪਿੱਤਰਕੀ ਮਾਨਸਿਕਤਾ ਕਾਰਨ ਉਹ ਸਹੁਰੇ ਘਰ ਨੂੰ ਆਪਣਾ ਸਥਾਈ ਟਿਕਾਣਾ ਸਮਝਦੀ ਹੋਈ ਕਿਸੇ ਵੀ ਕੀਮਤ ਤੇ ਇਸਨੂੰ ਛੱਡਣ ਬਾਰੇ ਸੋਚ ਵੀ ਨਹੀਂ ਸਕਦੀ। ਉਹ ਮਰਦ ਪਤੀ ਦੀਆਂ ਜ਼ਿਆਦਤੀਆਂ ਨੂੰ ਸਹਿੰਦੀ ਹੋਈ ਵੀ ਉਸਦੇ ਨਾਲ ਰਹੀ ਜਾਂਦੀ ਹੈ। ਨਾਰੀਵਾਦੀ ਦ੍ਰਿਸ਼ਟੀ ਤੋਂ ਦੇਖੀਏ ਤਾਂ ਪਿੱਤਰਕੀ ਸਮਾਜ ਵਿੱਚ ਘਰ ਜਿੱਥੇ ਮਰਦ ਸੱਤਾ ਦੀ ਛੋਟੀ ਤੋਂ ਛੋਟੀ ਸਲਤਨਤ ਹੈ, ਉੱਥੇ ਨਾਰੀ ਦੇ ਦਮਨ ਦਾ ਪ੍ਰਥਮ ਕੇਂਦਰ ਵੀ ਘਰ ਹੈ। ਨਾਰੀ ਚਾਹੇ ਪਿਤਾ ਦੇ ਘਰ ਵਿੱਚ ਹੋਵੇ ਜਾਂ ਪਤੀ ਦੇ ਘਰ ਵਿੱਚ ਉਹ ਪੁਰਸ਼ ਸੱਤਾ ਹੱਥੋਂ ਕਿਸੇ ਨਾ ਕਿਸੇ ਰੂਪ ਵਿੱਚ ਸ਼ੋਸ਼ਿਤ ਹੁੰਦੀ ਨਜ਼ਰ ਆਉਂਦੀ ਹੈ।

ਰਸ਼ਪਿੰਦਰ ਰਸ਼ਿਮ ਦੁਆਰਾ ਰਚਿਤ 'ਬੀਬੋ' ਕਹਾਣੀ ਪਿੱਤਰਸੱਤਾ ਵਾਲੇ ਸਹੁਰੇ ਘਰ ਵਿੱਚ ਪਤੀ ਤੇ ਸੱਸ ਸਮੇਤ ਸਮੁੱਚੇ ਪਰਿਵਾਰਕ ਮੈਂਬਰਾਂ ਹੱਥੋਂ ਸਰੀਰਕ, ਮਾਨਸਿਕ ਸ਼ੋਸ਼ਣ ਦਾ ਸ਼ਿਕਾਰ ਹੋ ਰਹੀ ਪਾਤਰ ਬੀਬੋ ਦੀ ਦਮਿਤ ਸਥਿਤੀ ਨੂੰ ਰੂਪਮਾਨ ਕਰਦੀ ਹੈ। ਗਰੀਬ ਮਾਪਿਆਂ ਦੀ ਧੀ ਪਾਤਰ ਬੀਬੋ ਦਾ ਕਸੂਰ ਇਹ ਸੀ ਕਿ ਉਹ ਆਪਣੇ ਨਾਲ ਸਹੁਰਿਆਂ ਦੀ ਤਵੱਕੋਆਤ ਅਨੁਸਾਰ ਦਾਜ ਨਹੀਂ ਲਿਆਈ ਸੀ। ਦਹੇਜ ਨਾ ਲਿਆਉਣ ਦੀ ਸੂਰਤ ਵਿੱਚ ਸਹੁਰੇ ਘਰ ਵਿੱਚ ਪਹਿਲੇ ਦਿਨ ਹੀ ਉਹ ਆਪਣੀ ਸੱਸ ਦੇ ਕ੍ਰੋਧਿਤ ਬੋਲ ਸੁਣ ਕੇ ਮਾਨਸਿਕ ਤਣਾਉ ਵਿੱਚ ਘਿਰ ਜਾਂਦੀ ਹੈ :

> "ਫੱਫੇ ਕੁੱਟਣੀਆਂ ਕਹਿੰਦੀਆਂ ਨੇ 'ਸੁੱਧਾ ਸੋਨਾ ਆ' - ਹੋਊ ਭਾਈ ਹੋਊ, ਤਦੇ ਤਾਂ ਅਗਲੀ ਦੇ ਬਾਪੂ ਨੇ ਹੱਥੀਂ-ਕੰਨੀਂ ਝੂੰਗੇ ਵਿੱਚ ਚਾਰ ਟੂੰਮਾਂ ਪਾ ਕੇ ਈ ਸਾਰ ਲਿਆ।"[6]

ਇੱਥੇ ਸੱਸ ਦੇ ਰੂਪ ਵਿੱਚ ਔਰਤ ਪਾਤਰ ਦਾ ਆਪਣੀ ਹੀ ਧਿਰ (ਨਾਰੀ ਜਾਤੀ) ਦੇ ਖ਼ਿਲਾਫ਼ ਭੁਗਤਣਾ ਪਿੱਤਰਕੀ ਸਿਆਸਤ ਦਾ ਨਤੀਜਾ ਹੈ। ਦਰਅਸਲ ਪਿੱਤਰਸੱਤਾਤਮਕ ਸਮਾਜ ਵਿੱਚ ਔਰਤ ਮਰਦ ਹੱਥੋਂ ਹੀ ਸ਼ੋਸ਼ਿਤ ਨਹੀਂ ਹੁੰਦੀ ਬਲਕਿ ਪਿੱਤਰੀ ਵਿਚਾਰਧਾਰਾ ਨੂੰ ਪ੍ਰਣਾਈ ਔਰਤ ਰਾਹੀਂ ਵੀ ਦਾਮਨਿਤ ਹੁੰਦੀ ਹੈ। ਨਾਰੀਵਾਦੀ ਚਿੰਤਕ ਕਮਲਾ ਭਸੀਨ ਅਨੁਸਾਰ :

> ਪਿੱਤਰਸੱਤਾ ਨੂੰ ਪੁਰਸ਼ ਹੀ ਨਹੀਂ ਮੰਨਦੇ, ਔਰਤਾਂ ਵੀ ਪਿੱਤਰਸੱਤਾਤਮਕ ਹੋ ਸਕਦੀਆਂ ਹਨ ਅਤੇ ਹੁੰਦੀਆਂ ਹਨ। ਕਿਉਂਕਿ ਇਸਤਰੀਆਂ ਵੀ ਪਿੱਤਰ-ਸੱਤਾਤਮਕ ਪਰਿਵਾਰਾਂ ਅਤੇ ਸਮਾਜਾਂ ਵਿੱਚ ਪੈਦਾ ਹੁੰਦੀਆਂ ਹਨ, ਉਹ ਵੀ ਪਿੱਤਰਸੱਤਾ ਨੂੰ ਮੰਨਦੀਆਂ ਹਨ। ...ਔਰਤਾਂ ਅਤੇ ਲੜਕੀਆਂ ਉੱਤੇ ਹੋਣ ਵਾਲੀ ਹਿੰਸਾ ਦੇ ਪਿੱਛੇ ਪਿੱਤਰਸੱਤਾਤਮਕ ਵਿਚਾਰਧਾਰਾ ਅਤੇ ਢਾਂਚਾ ਹੈ। ਅਗਰ ਪਿੱਤਰਸੱਤਾ ਹੈ ਤਾਂ ਔਰਤਾਂ ਉੱਤੇ ਹਿੰਸਾ ਹੁੰਦੀ ਰਹੇਗੀ।[7]

ਕਹਾਣੀ ਵਿੱਚ ਸਹੁਰੇ ਪਰਿਵਾਰ ਦੇ ਜ਼ੁਲਮਾਂ ਨੂੰ ਚੁੱਪਚਾਪ ਸਹਿਣ ਵਾਲੀ ਪਾਤਰ ਬੀਬੋ ਵੀ ਨਾਰੀਵਾਦੀ ਦ੍ਰਿਸ਼ਟੀ ਤੋਂ ਪਿੱਤਰਕੀ ਪ੍ਰਬੰਧ ਦੀ ਸ਼ਿਕਾਰ ਅਤੇ ਪਿੱਤਰਕੀ ਮਾਨਸਿਕਤਾ ਵਾਲੀ ਔਰਤ ਦੇ ਰੂਪ ਵਿੱਚ ਉੱਭਰ ਕੇ ਸਾਹਮਣੇ ਆਉਂਦੀ ਹੈ। ਵਿਆਹ ਤੋਂ ਕੁਝ ਦਿਨ ਬਾਅਦ ਹੀ ਉਹ ਪਤੀ, ਸੱਸ, ਦਿਉਰ ਦੇ ਪਿੱਤਰਸੱਤਾਤਮਕ ਰਵੱਈਏ ਦੀ ਸ਼ਿਕਾਰ ਹੋ ਜਾਂਦੀ ਹੈ। ਪਾਤਰ ਬੀਬੋ ਭਾਵੇਂ ਆਪਣੇ ਚਾਵਾਂ, ਰੀਝਾਂ ਅਤੇ ਖ਼ੁਸ਼ੀਆਂ ਦੀ ਕੁਰਬਾਨੀ ਦੇ ਕੇ ਸਹੁਰੇ ਘਰ ਵਿੱਚ ਆਪਣੀ ਜਗ੍ਹਾ ਬਣਾਉਣ ਦੀ ਹਰ ਸੰਭਵ ਕੋਸ਼ਿਸ਼ ਕਰਦੀ ਹੈ ਪ੍ਰੰਤੂ ਇਸ ਸਭ ਦੇ ਬਾਵਜੂਦ ਘਰ ਵਿੱਚ ਉਸਨੂੰ 'ਨਹਿਸ਼' ਮੰਨਿਆ ਜਾਂਦਾ ਹੈ ਅਤੇ ਵਿਭਿੰਨ ਤਰੀਕਿਆਂ ਨਾਲ ਉਸ ਦਾ ਸਰੀਰਕ, ਮਾਨਸਿਕ ਸ਼ੋਸ਼ਣ ਕੀਤਾ ਜਾਂਦਾ ਹੈ। ਸਥਿਤੀ ਦਾ ਦੁਖਾਂਤ ਇਹ ਹੈ ਕਿ ਪਾਤਰ ਬੀਬੋ ਆਪਣੀ ਦੁਖਾਂਤਕ ਸਥਿਤੀ ਵਿੱਚੋਂ ਬਾਹਰ ਨਿਕਲਣ ਦੀ ਬਜਾਇ ਪਿੱਤਰਸੱਤਾ ਦੀ ਗ਼ੁਲਾਮ ਬਣ ਕੇ ਰਹਿ ਜਾਂਦੀ ਹੈ :

> ਜਦੋਂ ਪਹਿਲੀ ਵਾਰੀ ਪਾਲੀ ਨੇ ਬੀਬੋ ਨੂੰ 'ਕੱਸ ਕੇ' ਚਪੇੜ ਮਾਰੀ ਤਾਂ ਉਹ ਚੁੱਪਚਾਪ ਸਹਿ ਗਈ। ਦੂਜੀ ਵਾਰੀ ਕਿਸੇ ਗੱਲੋਂ ਕੁੱਟਿਆ ਤਾਂ ਵੀ ਉਹ ਸਹਿ ਗਈ। ਤੀਸਰੀ ਵਾਰੀ ਫਿਰ ਚੌਥੀ, ...ਪੰਜਵੀਂ ...ਛੇਵੀਂ ...ਸੱਤਵੀਂ ...ਹਰ ਵਾਰੀ ਉਹ ਸਹਿੰਦੀ ਗਈ, ਸਹਿੰਦੀ ਗਈ।[8]

ਕਹਾਣੀ ਦੇ ਅੰਤ ਵਿੱਚ ਪਾਤਰ ਬੀਬੋ ਪਿੱਤਰੀ ਪ੍ਰਬੰਧ ਦੇ ਨੁਮਾਇੰਦਿਆਂ ਹੱਥੋਂ ਨਿਰੰਤਰ ਸ਼ੋਸ਼ਿਤ ਹੁੰਦੀ ਹੋਈ ਅਖ਼ੀਰ ਆਤਮ ਹੱਤਿਆ ਕਰ ਲੈਂਦੀ ਹੈ। ਦਰਅਸਲ ਪਾਤਰ ਬੀਬੋ ਦੁਆਰਾ ਆਪਣੀ ਸਥਿਤੀ ਤੋਂ ਛੁੱਟਣ ਲਈ ਮੌਤ ਦਾ ਰਾਹ ਅਪਣਾਉਣਾ ਉਸਦੀ ਪੈਤਰਿਕ ਮਾਨਸਿਕ ਘਾੜਤ ਦਾ ਪਰਿਣਾਮ ਹੈ। ਪਾਤਰ ਬੀਬੋ ਜਿਸ

ਪਿੱਤਰੀ ਸਮਾਜ ਪ੍ਰਬੰਧ ਵਿੱਚ ਜੰਮੀ-ਪਲੀ ਅਤੇ ਜਵਾਨ ਹੋਈ ਹੈ ਉਸ ਸਿਸਟਮ ਨੇ ਉਸਦੀ ਮਾਨਸਿਕਤਾ ਨੂੰ ਅਜਿਹਾ ਬਣਾ ਦਿੱਤਾ ਕਿ ਉਹ ਆਪਣੇ ਮਾਨਵੀ ਹੱਕਾਂ, ਅਧਿਕਾਰਾਂ ਲਈ ਸੰਘਰਸ਼ ਕਰਨ ਦੀ ਬਜਾਇ ਅਖੌਤੀ ਆਦਰਸ਼ ਭਾਰਤੀ ਔਰਤ ਦੇ ਰੂਪ ਨੂੰ ਬਰਕਰਾਰ ਰੱਖਣ ਲਈ ਆਪਣੀ ਜਾਨ ਦੀ ਕੁਰਬਾਨੀ ਦੇਣ ਨੂੰ ਤਰਜੀਹ ਦਿੰਦੀ ਹੈ। ਰਾਕੇਸ਼ ਕੁਮਾਰ ਅਨੁਸਾਰ :

> ਔਰਤ ਪਿੱਤਰਸੱਤਾਤਮਕ ਨਿਯਮਾਂ, ਕਾਨੂੰਨਾਂ, ਸਿਧਾਂਤਾਂ, ਜੀਵਨ ਮੁੱਲਾਂ ਨੂੰ ਝੱਲਦੀ ਝੱਲਦੀ ਇੰਨੀ ਅਭਿਆਸੀ ਹੋ ਗਈ ਹੈ ਕਿ ਉਹਨਾਂ ਨੂੰ ਨਿਭਾਉਣਾ ਉਸ ਨੇ ਆਪਣਾ ਪਰਮ ਧਰਮ, ਕਰਤੱਵ ਸਮਝ ਲਿਆ ਹੈ। ਉਸ ਲਈ ਅਸੁਰੱਖਿਆ ਪੈਦਾ ਕਰਦਾ ਹੈ ਕਿ ਜੇਕਰ ਉਹ ਇਹਨਾਂ ਸਾਂਚਿਆਂ ਵਿੱਚ ਢਲਣ ਤੋਂ ਇਨਕਾਰ ਕਰੇਗੀ ਤਾਂ ਜਿਵੇਂ ਸਮਾਜ ਵਿੱਚ ਆਦਰਸ਼ ਨਾਰੀ ਨਹੀਂ ਰਹੇਗੀ। ...ਇਤਿਹਾਸ ਪ੍ਰਕ੍ਰਿਆ ਨੇ ਹੀ ਉਹਨਾਂ ਨੂੰ ਉਤਪੀੜਤ, ਨਿਰਦੇਸ਼ਿਤ, ਨਿਯੰਤਰਿਤ ਹੋਣਾ ਸਿਖਾ ਦਿੱਤਾ ਹੈ।[9]

ਦੂਜੇ ਪਾਸੇ ਨਾਰੀਵਾਦ ਨਾਰੀ ਨੂੰ ਸਮੱਸਿਆਵਾਂ ਤੇ ਤਨਾਵਾਂ ਨਾਲ ਟਕਰਾਉਣ ਜਾਂ ਸਾਹਮਣਾ ਕਰਨ ਲਈ ਸਿੱਧੇ-ਅਸਿੱਧੇ ਰੂਪ ਵਿੱਚ ਪ੍ਰੇਰਿਤ ਕਰਦਾ ਹੈ। ਆਤਮਹੱਤਿਆ ਕਰਨੀ ਨਾਰੀਵਾਦੀ ਸੋਚ ਦੇ ਵਿਪਰੀਤ ਮਾਨਵਤਾ ਵਿਰੋਧੀ ਕਰਮ ਹੈ।

ਏਸੇ ਤਰ੍ਹਾਂ 'ਰਜਨੀ' ਕਹਾਣੀ ਵੀ ਪਿੱਤਰੀ ਸਮਾਜਿਕ ਪ੍ਰਬੰਧ ਵਿੱਚ ਔਰਤ ਦੀ ਹਾਸ਼ੀਆਕ੍ਰਿਤ ਸਥਿਤੀ ਦਾ ਬਿਰਤਾਂਤ ਹੈ। ਕਹਾਣੀ ਇੱਕ ਪੜ੍ਹੀ-ਲਿਖੀ ਲੜਕੀ ਪਾਤਰ ਰਜਨੀ ਦੁਆਲੇ ਘੁੰਮਦੀ ਹੈ ਜਿਹੜੀ ਆਪਣੇ ਲਈ ਅਜਿਹਾ ਜੀਵਨ ਸਾਥੀ ਚੁਣਨਾ ਚਾਹੁੰਦੀ ਹੈ ਜੋ ਉਸਦੀਆਂ ਸੱਧਰਾਂ ਦੇ ਹਾਣ ਦਾ ਹੋਵੇ, ਜੋ ਜ਼ਿੰਦਗੀ ਭਰ ਉਸਦੇ ਹਰ ਸੁੱਖ-ਦੁੱਖ ਵਿੱਚ ਉਸਦਾ ਭਾਈਵਾਲ ਬਣ ਸਕੇ ਪ੍ਰੰਤੂ ਸਥਿਤੀ ਦਾ ਦੁਖਾਂਤ ਇਹ ਹੈ ਕਿ ਪੈਤਰਿਕ ਮਾਨਸਿਕਤਾ ਅਤੇ ਕੱਟੜ ਰਵਾਇਤੀ ਸੋਚ ਵਾਲੇ ਪਿਤਾ ਨੂੰ ਇਹ ਹਰਗਿਜ਼ ਮਨਜ਼ੂਰ ਨਹੀਂ ਕਿ ਉਸਦੀ ਧੀ ਆਪਣੀ ਜ਼ਿੰਦਗੀ ਦਾ ਫੈਸਲਾ ਖ਼ੁਦ ਕਰੇ। ਪਿੱਤਰਕੀ ਪ੍ਰਬੰਧ ਦਾ ਸ਼ਿਕਾਰ ਪਿਤਾ ਰਜਨੀ ਦੀ ਸੁਤੰਤਰ ਵਰ ਚੋਣ ਦੀ ਇੱਛਾ ਨੂੰ ਦਰੜ ਕੇ ਉਸਨੂੰ ਅਜਿਹੇ ਨਿਕੰਮੇ ਮਰਦ ਨਾਲ ਨਰੜ ਦਿੰਦਾ ਹੈ ਜਿਹੜਾ ਕਿਸੇ ਵੀ ਪੱਖ ਤੋਂ ਰਜਨੀ ਦੇ ਮੇਚ ਦਾ ਨਹੀਂ ਸੀ। ਪਿਤਾ ਦੁਆਰਾ ਸਹੇੜੇ ਮਰਦ ਨਾਲ ਜ਼ਿੰਦਗੀ ਕੱਟਣ ਲਈ ਮਜ਼ਬੂਰ ਪਾਤਰ ਰਜਨੀ ਆਪਣਾ ਦਰਦ ਇਸ ਤਰ੍ਹਾਂ ਬਿਆਨ ਕਰਦੀ ਹੈ :

> ਪਿਤਾ ਜੀ ਨੂੰ ਤਾਂ ਪਹਿਲੋਂ ਹੀ ਕਿਸੇ ਨੇ ਦੱਸਿਆ ਸੀ ਕਿ ਮੁੰਡਾ ਕੰਮ ਚੋਰ ਏ, ਪਰ ਉਨ੍ਹਾਂ ਨੂੰ ਤੇ ਉਸ ਵੇਲੇ ਕਾਹਲ ਸੀ, ਕਹਿੰਦੇ ਰਹੇ, 'ਕੋਈ ਗੱਲ ਨਹੀਂ, ਵਿਆਹ ਤੋਂ ਬਾਅਦ ਆਪੇ ਜ਼ਿੰਮੇਵਾਰੀ ਪਵੇਗੀ ਤਾਂ ਠੀਕ ਹੋ ਜਾਵੇਗਾ।' ਪਰ ਠੀਕ ਉਹਨੇ ਕੀ ਹੋਣਾ ਏ। ਉਹ ਜ਼ਿੰਮੇਵਾਰੀ ਸਮਝੇ, ਤਦ ਨਾ।[10]

ਪਾਤਰ ਰਜਨੀ ਦੀ ਉਪਰੋਕਤ ਸਥਿਤੀ ਦਾ ਜ਼ਿੰਮੇਵਾਰ ਉਹ ਪਿੱਤਰੀ ਸਮਾਜਿਕ ਢਾਂਚਾ ਹੈ ਜਿੱਥੇ ਔਰਤ ਪੁਰਸ਼ ਸੱਤਾ ਦੀ ਅਧੀਨਗੀ ਵਿੱਚ ਰਹਿਣ ਲਈ ਮਜ਼ਬੂਰ ਹੈ ਅਤੇ ਉਹ ਪੁਰਸ਼ (ਪਿਤਾ) ਦਾ ਹਰ ਫੈਸਲਾ ਮੰਨਣ ਲਈ ਪਾਬੰਦ ਹੈ। ਪਾਤਰ ਰਜਨੀ ਵਰਗੀ ਪੜ੍ਹੀ-ਲਿਖੀ ਅਤੇ ਚੇਤੰਨ ਲੜਕੀ ਭਾਵੇਂ ਆਪਣਾ ਵਰ ਖ਼ੁਦ ਚੁਣਨ ਦੀ ਇੱਛਾ ਰੱਖਦੀ ਹੈ ਪ੍ਰੰਤੂ ਉਸਨੂੰ ਮਜ਼ਬੂਰਨ ਆਪਣੇ ਪਿਤਾ ਦੀ ਸੱਤਾ ਸਾਹਮਣੇ ਝੁਕਣਾ ਪੈਂਦਾ ਹੈ। ਇਸ ਪ੍ਰਸੰਗ ਵਿੱਚ ਡਾ. ਚੰਦਹਰ ਸਿੰਘ ਬੇਦੀ ਦੀ ਇਹ ਟਿੱਪਣੀ ਢੁੱਕਵੀਂ ਜਾਪਦੀ ਹੈ :

> ਪਰੰਪਰਾਗਤ ਪਿਤਾਤੰਤਰ ਪਰਿਵਾਰਕ ਸੰਰਚਨਾ ਵਿੱਚ, ਮਰਦ ਦੇ ਮੂੰਹ 'ਚੋਂ ਨਿਕਲਿਆ ਹੋਇਆ ਸ਼ਬਦ ਕਾਨੂੰਨ ਦਾ ਦਰਜਾ ਰੱਖਦਾ ਹੈ। ਨਾਰੀ ਲਈ ਉਸਦੇ 'ਸ਼ਬਦ' ਦੀ ਪਾਲਣਾ ਕਰਨੀ 'ਜ਼ਰੂਰੀ' ਵੀ ਹੈ ਤੇ 'ਮਜ਼ਬੂਰੀ' ਵੀ।[11]

ਬਿਰਤਾਂਤਕਾਰ ਜਦੋਂ ਰਜਨੀ ਦੀ ਸਹੁਰੇ ਪਰਿਵਾਰ ਵਿਚਲੀ ਬਦਤਰ ਸਥਿਤੀ ਨੂੰ ਦੇਖਦੀ ਹੈ ਤਾਂ ਉਹ ਹੈਰਾਨ ਹੋ ਕੇ ਰਹਿ ਜਾਂਦੀ ਹੈ। ਉਸਨੂੰ ਯਕੀਨ ਹੀ ਨਹੀਂ ਆਉਂਦਾ ਕਿ ਇਹ ਉਹੀ ਰਜਨੀ ਹੈ ਜਿਹੜੀ ਕਿਸੇ ਵੇਲੇ ਆਤਮ-ਵਿਸ਼ਵਾਸ ਨਾਲ ਭਰੀ ਹੋਈ ਸਮਾਜ ਦੇ ਨਾਰੀ ਵਿਰੋਧੀ ਵਤੀਰੇ ਦੀ ਵਿਰੋਧਤਾ ਕਰਨ ਦੀਆਂ ਗੱਲਾਂ ਕਰਦੀ ਸੀ। ਉਸਨੂੰ ਰਜਨੀ ਦੇ ਉਹ ਸ਼ਬਦ ਯਾਦ ਆਉਂਦੇ ਹਨ ਜਦੋਂ ਉਸਨੇ ਅਚੇਤ ਹੀ ਰਜਨੀ ਨੂੰ ਉਹਦੇ ਨਾਂ ਤੋਂ ਛੇੜਿਆ ਸੀ:

> ਵੇਖੀਂ ਰਜਨੀ ਗੁੱਸਾ ਤੇ ਤੇਰੇ ਪਿਤਾ ਜੀ ਦਾ ਵੀ ਮਾਣ ਨਹੀਂ!, ਕਦੀ ਨਾਰਾਜ਼ ਨਾ ਕਰ ਬੈਠੀ, ਨਹੀਂ ਤੇ ਸਾਰੀ ਉਮਰ ਕੋਈ ਪਿੰਗਲਾ ਢੋਣਾ ਪਊ। ਉਸ ਹੱਸ ਕੇ ਜਵਾਬ ਦਿੱਤਾ ਸੀ, 'ਮੇਰੇ ਪਿਤਾ ਜੀ ਕੋਈ ਰਾਜਾ ਤੇ ਨਹੀਂ ਤੇ ਨਾਲੇ ਹੁਣ ਉਹ ਜ਼ਮਾਨੇ ਲੱਦ ਗਏ, ਹੁਣ ਨਹੀਂ ਬਣਨੀਆਂ ਇਹ ਗੱਲਾਂ।'[12]

ਦਰਅਸਲ ਪੁਰਸ਼ ਪ੍ਰਭੁੱਤਾ ਵਾਲੇ ਜਟਿਲ ਸੰਸਕ੍ਰਿਤ ਪ੍ਰਬੰਧ ਵਿੱਚ ਪਾਤਰ ਰਜਨੀ ਦੀ ਸਵੈ-ਚੇਤਨਾ ਵੀ ਖੰਡਿਤ ਹੋ ਕੇ ਰਹਿ ਜਾਂਦੀ ਹੈ। ਇਕ ਸਮੇਂ ਪਾਤਰ ਰਜਨੀ ਜਿਸ ਬਦਲੇ ਜ਼ਮਾਨੇ ਦੀ ਤੋਰ ਵਿੱਚ ਔਰਤ ਦੀ ਬਦਲ ਰਹੀ ਸਥਿਤੀ ਨੂੰ ਹਕੀਕਤ ਸਮਝ ਬੈਠਦੀ ਹੈ, ਉਹ ਅਸਲ ਵਿੱਚ ਭਰਮਜਾਲ ਹੋ ਨਿਬੜਦੀ ਹੈ। ਜਿਸ ਅਣਜੋੜ ਵਿਆਹ ਦਾ ਸੰਤਾਪ ਸਦੀਆਂ ਪਹਿਲਾਂ ਮਿਥਿਹਾਸਕ ਪਾਤਰ ਰਜਨੀ ਨੂੰ ਭੋਗਣਾ ਪਿਆ ਅਜਿਹੀ ਤ੍ਰਾਸਦੀ ਦਾ ਸ਼ਿਕਾਰ ਅਜੋਕੇ ਸਮੇਂ ਵਿੱਚ ਆਧੁਨਿਕ ਖਿਆਲਾਂ ਵਾਲੀ ਪਾਤਰ ਰਜਨੀ ਵੀ ਹੁੰਦੀ ਹੈ। ਅੱਜ ਵੀ ਆਰਥਿਕ ਤੌਰ 'ਤੇ ਸਵੈ-ਨਿਰਭਰ ਨਾਰੀ ਨੂੰ ਜਗੀਰੂ ਪ੍ਰਵਿਰਤੀ ਵਾਲੇ ਮਰਦ ਸਾਹਮਣੇ ਝੁਕਣਾ ਪੈਂਦਾ ਹੈ। ਬਿਰਤਾਂਤ ਔਰਤ ਦੀ ਉਸੇ ਅਧੀਨਗੀ ਵਾਲੀ ਸਥਿਤੀ ਨੂੰ ਪ੍ਰਗਟਾਉਂਦਾ ਹੈ ਜੋ ਭੂਤ ਤੋਂ ਵਰਤਮਾਨ ਤੱਕ

ਨਿਰੰਤਰ ਬਣੀ ਹੋਈ ਹੈ, ਭਾਵੇਂ ਸਮਾਂ ਤੇ ਸਥਾਨ ਬਦਲ ਗਏ ਹਨ ਪਰ ਪ੍ਰਸਥਿਤੀਆਂ ਉਵੇਂ ਹੀ ਬਰਕਰਾਰ ਹਨ।

ਵਿਆਹ ਸਮਾਜਿਕ ਬਣਤਰ ਦਾ ਮੂਲ ਅਤੇ ਮਹਤੱਵਪੂਰਨ ਧੁਰਾ ਹੈ ਜਿਸ ਵਿੱਚ ਇਕ ਚੇਤੰਨ ਔਰਤ ਵਿਆਹ ਸੰਬੰਧੀ ਚੋਣ ਕਰਨ ਵਿੱਚ ਆਪ ਚੁਣੇ ਜਾਣਾ ਹੀ ਕਾਫ਼ੀ ਨਹੀਂ ਸਮਝਦੀ, ਸਗੋਂ ਚੋਣ ਕਰਨਾ ਵੀ ਚਾਹੁੰਦੀ ਹੈ, ਪ੍ਰੰਤੂ ਪਿੱਤਰਕੀ ਸਮਾਜ ਵਿੱਚ ਵਿਆਹ ਨੂੰ ਇਕ ਸਮਾਜਿਕ ਲੋੜ ਦੇ ਤੌਰ ਤੇ ਪੂਰਿਆ ਜਾਂਦਾ ਹੈ ਜਿਸ ਤਹਿਤ ਅਕਸਰ ਲੜਕੀ ਦੀਆਂ ਅਕਾਂਖਿਆਵਾਂ ਨੂੰ ਅਣਗੋਲਿਆ ਕਰ ਦਿੱਤਾ ਜਾਂਦਾ ਹੈ। ਖਾਸ ਕਰਕੇ ਜਵਾਨੀ ਦੀ ਅਖ਼ੀਰਲੀ ਪੌੜੀ ਤੇ ਖੜ੍ਹੀ ਕੁਆਰੀ ਲੜਕੀ ਦੀ ਇੱਛਾ/ਅਣਇੱਛਾ ਨੂੰ ਤਾਂ ਮਾਪੇ ਤਰਜੀਹ ਹੀ ਨਹੀਂ ਦਿੰਦੇ। ਉਹ ਹਰ ਹੀਲੇ ਆਪਣੀ ਲੜਕੀ ਨੂੰ ਘਰੋਂ ਵਿਦਾ ਕਰਨ ਲਈ ਕਿਸੇ ਤਰ੍ਹਾਂ ਦਾ ਵੀ ਸਮਝੌਤਾ ਕਰਨ ਲਈ ਤਿਆਰ ਹੋ ਜਾਂਦੇ ਹਨ। ਨਿਰਮਲ ਜਸਵਾਲ 'ਕੰਡਿਆਲੀ' ਕਹਾਣੀ ਵਿੱਚ ਪਿੱਤਰੀ ਸਮਾਜ ਦੇ ਔਰਤ ਪ੍ਰਤੀ ਇਸ ਅਸੰਵੇਦਨਸ਼ੀਲ ਰਵੱਈਏ ਨੂੰ ਪੇਸ਼ ਕਰਦੀ ਹੋਈ ਇਕ ਅਣਵਿਆਹੀ ਔਰਤ ਦੀ ਸਮਾਜਿਕ, ਮਾਨਸਿਕ ਸਥਿਤੀ ਨੂੰ ਰੂਪਮਾਨ ਕਰਦੀ ਹੈ। ਕਹਾਣੀ ਦੀ ਮੁੱਖ ਪਾਤਰ ਜਿਹੜੀ ਕਿ ਬਾਲਗ ਸਿੱਖਿਆ ਕੇਂਦਰ ਦੇ ਟਰੇਨਿੰਗ ਸੈਂਟਰ ਵਿੱਚ ਉੱਚੇ ਅਹੁਦੇ ਤੇ ਲੱਗੀ ਹੋਈ ਹੈ, ਲਈ ਵਰ-ਘਰ ਦੀ ਚੋਣ ਇਕ ਵੱਡੀ ਸਮੱਸਿਆ ਬਣੀ ਹੋਈ ਹੈ। ਆਰਥਿਕ ਤੌਰ ਤੇ ਸਵੈ-ਨਿਰਭਰ ਹੋਣ ਕਾਰਨ ਜਦੋਂ ਉਹ ਪ੍ਰਚਲਿਤ ਪਿੱਤਰੀ ਵਿਆਹ ਪ੍ਰਥਾ ਦਾ ਬਾਈਕਾਟ ਕਰਕੇ ਇਕੱਲਿਆਂ ਆਜ਼ਾਦ ਰਹਿਣ ਦਾ ਮਨ ਬਣਾਉਂਦੀ ਹੈ ਤਾਂ ਉਸਦੇ ਮਾਪੇ ਨਾ ਕੇਵਲ ਉਸਦੀ ਅਜਿਹੀ ਸੋਚ ਨੂੰ ਨਕਾਰਦੇ ਹਨ ਬਲਿਕ ਵਿਭਿੰਨ ਤਰੀਕਿਆਂ ਨਾਲ ਉਸ ਨੂੰ ਵਿਆਹ ਕਰਾਉਣ ਲਈ ਮਜ਼ਬੂਰ ਵੀ ਕਰਦੇ ਹਨ। ਮਾਂ-ਬਾਪ ਦੇ ਤਾਹਨੇ-ਮਿਹਣੇ, ਰਿਸ਼ਤੇਦਾਰ ਅਤੇ ਸਹੇਲੀਆਂ ਦੁਆਰਾ ਉਸਦੀ ਵੱਧ ਰਹੀ ਉਮਰ ਦੇ ਕਰਾਏ ਜਾਂਦੇ ਅਹਿਸਾਸ ਕਾਰਨ ਮੁੱਖ ਪਾਤਰ ਨਿਰੰਤਰ ਮਾਨਸਿਕ ਬੇਚੈਨੀ ਅਤੇ ਤਣਾਉ ਵਿੱਚ ਘਿਰ ਜਾਂਦੀ ਹੈ। ਉਸਦੀ ਪ੍ਰੇਸ਼ਾਨੀ ਉਸ ਸਮੇਂ ਹੋਰ ਵੱਧ ਜਾਂਦੀ ਹੈ ਜਦੋਂ ਮਾਪੇ ਉਸਨੂੰ ਕਿਸੇ ਤਲਾਕਸ਼ੁਦਾ ਮਰਦ ਨਾਲ ਵਿਆਹ ਕਰਾਉਣ ਦੀ ਦਲੀਲ ਦਿੰਦੇ ਹਨ :

> "ਮੁੰਡਾ ਭਾਵੇਂ ਡਾਇਵੋਰਸੀ ਹੈ- ਤਲਾਕਸ਼ੁਦਾ, ਪਰ ਸੁਹਣਾ ਸੁਣੱਖਾ ਹੈ ਤੇ ਚੰਗਾ ਵੀ- ਇਸ ਲਈ ਹਾਂ ਕਹਿ ਦੇ ...ਤੇਤੀ ਵਰ੍ਹਿਆਂ ਦੀ ਤਾਂ ਤੂੰ ਹੋ ਹੀ ਚੁੱਕੀ ਹੈਂ- ਕਿਹੜੇ ਬਸੰਤ ਦੀ ਉਡੀਕ ਵਿੱਚ ਹੈਂ ਜੋ ਤੇਰੇ ਮਨ ਨੂੰ ਭਾਉਣ ਵਾਲਾ ਫੁੱਲ ਖਿੜੇ?"[13]

ਪਿੱਤਰਸੱਤਾਤਮਕ ਢਾਂਚੇ ਵਾਲੇ ਭਾਰਤੀ ਸਮਾਜ ਵਿੱਚ ਵੱਡੀ ਉਮਰ ਦੀ ਅਣਵਿਆਹੀ ਔਰਤ ਪ੍ਰਤੀ ਲੋਕਾਂ ਦਾ ਵਤੀਰਾ ਨਕਾਰਾਤਮਕ ਅਤੇ ਸੰਕੀਰਣ ਸੋਚ ਵਾਲਾ ਹੈ। ਵਿਆਹੀ ਔਰਤ ਨੂੰ ਸਮਾਜਿਕ ਤੌਰ ਤੇ ਵਧੇਰੇ

ਸਨਮਾਨ ਦਿੱਤਾ ਜਾਂਦਾ ਹੈ। ਪਿੱਤਰੀ ਸਮਾਜ ਹਰ ਹੀਲੇ ਲੜਕੀ ਦੇ ਵਿਆਹ ਨੂੰ ਜ਼ਰੂਰੀ ਮੰਨਦਾ ਹੈ ਅਤੇ ਜਵਾਨ ਲੜਕੀ ਦੇ ਸਮਾਜ ਵਿੱਚ ਇੱਕਲੀ ਵਿਚਰਨ ਦੀ ਇਜ਼ਾਜਤ ਨਹੀਂ ਦਿੰਦਾ। ਇਸ ਸੰਬੰਧੀ ਸੀਮੋਨ-ਦ-ਬੋਵਾਰ ਲਿਖਦੀ ਹੈ :

> ਪਰੰਪਰਾ ਨੇ ਵਿਆਹ ਨੂੰ ਨਾਰੀ ਦੀ ਕਿਸਮਤ ਮੰਨਿਆ ਹੈ। ਇਹ ਸੱਚ ਹੈ ਕਿ ਅੱਜ ਵੀ ਵਧੇਰੇ ਨਾਰੀਆਂ ਜਾਂ ਵਿਆਹੁਤਾ ਹਨ ਜਾਂ ਕਦੀ ਵਿਆਹੁਤਾ ਸਨ ਜਾਂ ਪੁਨਰ ਵਿਆਹ ਦੀ ਯੋਜਨਾ ਬਣਾ ਰਹੀਆਂ ਹਨ ਅਤੇ ਵਿਆਹ ਦੇ ਆਭਾਵ ਵਿੱਚ ਦੁਖੀ ਰਹਿੰਦੀਆਂ ਹਨ।[14]

ਪਿੱਤਰਕੀ ਸਮਾਜ ਵਿੱਚ ਵਿਆਹ ਔਰਤ ਦੀ ਪਹਿਲੀ ਅਤੇ ਆਖਰੀ ਮੰਜ਼ਿਲ ਹੈ। ਵਿਆਹ ਦੇ ਪ੍ਰਸੰਗ ਵਿੱਚ ਔਰਤ ਅਤੇ ਮਰਦ ਦੀਆਂ ਸਥਿਤੀਆਂ ਵੱਖੋ-ਵੱਖਰੀਆਂ ਹਨ। ਜਵਾਨ ਅਤੇ ਕੁਆਰੀ ਔਰਤ ਦਾ ਮੁੱਲ ਢਲਦੀ ਉਮਰ ਵਾਲੀ ਜਾਂ ਛੁੱਟੜ ਔਰਤ ਦੀ ਨਿਸਬਤਨ ਕਿਤੇ ਵਧੇਰੇ ਹੈ। ਦੂਜੇ ਪਾਸੇ ਇਕ ਤਲਾਕਸ਼ੁਦਾ, ਵੱਡੀ ਉਮਰ ਵਾਲਾ ਜਾਂ ਅਪਾਹਜ ਮਰਦ ਦਾ ਮੁੱਲ ਹਰ ਔਰਤ ਨਾਲੋਂ ਹਮੇਸ਼ਾ ਵੱਧ ਮੰਨਿਆ ਜਾਂਦਾ ਹੈ। ਪਿੱਤਰੀ ਸਮਾਜ ਵਿੱਚ ਇਸ ਗੱਲ ਨੂੰ ਪ੍ਰਚਾਰਿਆ ਜਾਂਦਾ ਹੈ, 'ਔਰਤ ਆਦਮੀ ਲਈ ਬਣੀ ਹੈ ਨਾਕਿ ਆਦਮੀ ਔਰਤ ਲਈ ਬਣਿਆ ਹੈ'[15] ਔਰਤ ਦੀ ਇਸ ਗੌਣ ਸਥਿਤੀ ਕਾਰਨ ਹੀ ਬਿਰਤਾਂਤ ਵਿੱਚ ਮਾਪੇ ਆਪਣੀ ਧੀ ਦੀ ਵੱਧਦੀ ਉਮਰ ਕਾਰਨ ਉਸਦੇ ਘੱਟ ਰਹੇ ਸਮਾਜਿਕ ਮੁੱਲ ਪ੍ਰਤੀ ਚਿੰਤਤ ਹਨ। ਮਾਪੇ ਕਿਉਂਕਿ ਪਿੱਤਰਕੀ ਪ੍ਰਬੰਧ ਦਾ ਹਿੱਸਾ ਹੋਣ ਕਾਰਨ ਇਸ ਪ੍ਰਬੰਧ ਦੇ ਦਬਾਅ ਹੇਠ ਹਨ ਇਸ ਲਈ ਉਹ ਆਪਣੀ ਪੜ੍ਹੀ-ਲਿਖੀ ਅਤੇ ਨੌਕਰੀਸ਼ੁਦਾ ਧੀ ਦੇ ਜਜ਼ਬਾਤਾਂ ਨੂੰ ਸਮਝਣ ਦੀ ਬਜਾਇ ਉਸਨੂੰ ਕਿਸੇ ਵੀ ਮਰਦ ਨਾਲ ਉਹ ਭਾਵੇਂ ਤਲਾਕਸ਼ੁਦਾ ਹੀ ਕਿਉ ਨਾ ਹੋਵੇ, ਨਾਲ ਨਰੜ ਦੇਣ ਲਈ ਕਾਹਲੇ ਹਨ। ਉਹ ਇਸ ਗੱਲ ਤੋਂ ਭਲੀ-ਭਾਂਤ ਵਾਕਫ਼ ਹਨ ਕਿ ਨਾਰੀ ਦੀ ਜਵਾਨੀ, ਪੜ੍ਹਾਈ-ਲਿਖਾਈ ਅਤੇ ਨੌਕਰੀ ਦਾ ਮੁੱਲ ਵੀ ਪਿੱਤਰਕੀ ਕੀਮਤਾਂ ਅਨੁਸਾਰ ਹੀ ਨਿਰਧਾਰਿਤ ਕੀਤਾ ਜਾਂਦਾ ਹੈ ਜਿਸਦਾ ਅਹਿਸਾਸ ਉਹ ਵਾਰ-ਵਾਰ ਆਪਣੀ ਧੀ ਨੂੰ ਵੀ ਕਰਵਾਉਂਦੇ ਹਨ। ਬਿਰਤਾਂਤ ਵਿੱਚ ਮੁੱਖ ਪਾਤਰ ਦੇ ਦਫ਼ਤਰ ਵਿੱਚ ਕੰਮ ਕਰਦੀ ਉਸਦੀ ਸਹਿਕਰਮੀ ਗੁਲਰੀਤ ਇਕ ਚੇਤੰਨ ਔਰਤ ਵਜੋਂ ਉੱਭਰਦੀ ਹੈ। ਪਾਤਰ ਗੁਲਰੀਤ ਵਿਆਹ ਸੰਸਥਾ ਪਿੱਛੇ ਕਾਰਜਸ਼ੀਲ ਪਿੱਤਰਕੀ ਰਾਜਨੀਤੀ ਨੂੰ ਸਮਝਦੀ ਹੈ ਜਿਹੜੀ ਕਿ ਔਰਤ ਨੂੰ ਵਿਆਹ ਰਾਹੀਂ ਮਰਦ ਦਾ ਗ਼ੁਲਾਮ ਬਣਾ ਦਿੰਦੀ ਹੈ। ਉਹ ਮੁੱਖ ਪਾਤਰ ਨੂੰ ਵਿਆਹ ਪ੍ਰਬੰਧ ਦੀ ਆੜ ਹੇਠ ਹੁੰਦੇ ਔਰਤ ਦੇ ਸ਼ੋਸ਼ਣ ਤੋਂ ਜਾਣੂ ਕਰਾਉਂਦੀ ਹੋਈ ਉਸਨੂੰ ਬਿਨਾਂ ਕਿਸੇ ਦਬਾਅ ਦੇ ਆਪਣੀ ਜ਼ਿੰਦਗੀ ਬਾਰੇ ਖ਼ੁਦਮੁਖ਼ਤਿਆਰ ਫੈਸਲਾ ਕਰਨ ਬਾਰੇ ਜਾਗਰੂਕ ਕਰਦੀ ਹੈ :

ਏਸ ਝੰਜਟ 'ਚ ਨਾ ਹੀ ਪਵੇਂ ਤਾਂ ਠੀਕ-ਪਤੀ ਚੰਗਾ ਮਿਲ ਵੀ ਜਾਵੇ ਤਾਂ ਵੀ ਕਿਹੜੀ ਗਰੰਟੀ ਏ ਕਿ ਉਹ ਠੀਕ ਹੀ ਨਿਕਲੂ[16]

ਕਹਾਣੀਕਾਰ ਨੇ ਪਾਤਰ ਗੁਲਰੀਤ ਨੂੰ ਇਕ ਦਲੇਰ ਅਤੇ ਆਜ਼ਾਦ ਔਰਤ ਵਜੋਂ ਪੇਸ਼ ਕੀਤਾ ਹੈ ਜਿਹੜੀ ਆਪਣੇ ਸ਼ਰਾਬੀ ਪਤੀ ਤੋਂ ਤੰਗ ਆ ਕੇ ਆਪਣੇ ਬੱਚਿਆਂ ਸਮੇਤ ਵੱਖ ਰਹਿੰਦੀ ਹੋਈ ਦੁਨੀਆਂ ਤੋਂ ਬੇਪ੍ਰਵਾਹ ਹੋ ਕੇ ਆਪਣੇ ਦਫਤਰ ਵਿੱਚ ਵਿਆਹੇ ਮਰਦ ਸ਼ੰਕਰਜੀਤ ਨਾਲ ਸੰਬੰਧ ਜੋੜਦੀ ਹੈ। ਉਹ ਮੁੱਖ ਪਾਤਰ ਨੂੰ ਵੀ ਆਪਣੀ ਮਨ ਇੱਛਿਤ ਜ਼ਿੰਦਗੀ ਜਿਊਣ ਲਈ ਪ੍ਰੇਰਿਤ ਕਰਦੀ ਹੈ। ਮੁੱਖ ਪਾਤਰ ਭਾਵੇਂ ਗੁਲਰੀਤ ਨੂੰ ਪਸੰਦ ਨਹੀਂ ਕਰਦੀ ਪ੍ਰੰਤੂ ਇਕ ਪਲ ਲਈ ਉਹ ਉਸਦੇ ਵਿਚਾਰਾਂ ਤੋਂ ਪ੍ਰਭਾਵਿਤ ਹੋ ਕੇ ਵਿਆਹ ਨਾ ਕਰਾਉਣ ਦਾ ਫੈਸਲਾ ਕਰਦੀ ਹੈ। ਪਰ ਜਦੋਂ ਉਸਦੇ ਦਫ਼ਤਰ ਦੀਆਂ ਹੋਰ ਸਹੇਲੀਆਂ ਪਿੱਤਰਕੀ ਕੀਮਤਾਂ ਨੂੰ ਤੋੜ ਕੇ ਆਪਣੀ ਆਜ਼ਾਦ ਜ਼ਿੰਦਗੀ ਜਿਊਣ ਵਾਲੀ ਪਾਤਰ ਗੁਲਰੀਤ ਦੀ ਸੋਚ ਨੂੰ ਨਕਾਰਦੀਆਂ ਹੋਈਆਂ ਮੁੱਖ ਪਾਤਰ ਸਾਹਮਣੇ ਆਪਣਾ ਤਰਕ ਰੱਖਦੀਆਂ ਹਨ ਤਾਂ ਉਹ ਮੁੜ ਦੁਬਿਧਾਜਨਕ ਸਥਿਤੀ ਵਿੱਚ ਘਿਰ ਜਾਂਦੀ ਹੈ :

"ਚਲ ਮੇਰੀ ਲਾਡੋ ਵਿਆਹ ਤਾਂ ਕਰ, ਨਾ ਨਿਭੀ ਤਾਂ ਤਲਾਕ ਲੈ ਲਵੀਂ।"[17]

ਕਹਾਣੀ ਦੇ ਅੰਤ ਵਿੱਚ ਮੁੱਖ ਪਾਤਰ ਦੀ ਵਿਅਕਤੀਗਤ ਸੋਚ 'ਤੇ ਪਿੱਤਰਕੀ ਵਿਚਾਰਧਾਰਾ ਭਾਰੂ ਹੋ ਜਾਂਦੀ ਹੈ ਉਹ ਮਾਪਿਆਂ ਦੁਆਰਾ ਲੱਭੇ ਤਲਾਕਸ਼ੁਦਾ ਮਰਦ ਨੂੰ ਮਿਲ ਕੇ ਉਸ ਨਾਲ ਹੀ ਵਿਆਹ ਕਰਾਉਣ ਦਾ ਮਨ ਬਣਾ ਲੈਂਦੀ ਹੈ। ਦਰਅਸਲ ਪਿੱਤਰਕੀ ਸਮਾਜਿਕ ਪ੍ਰਬੰਧ ਵਿੱਚ ਵਿਚਰਦੀ ਔਰਤ ਕੋਲ ਅਜਿਹਾ ਕੋਈ ਅਸਤਿਤਵੀ ਟਿਕਾਣਾ ਨਹੀਂ ਜਿੱਥੇ ਉਹ ਆਪਣੀ ਸਮਾਜਿਕ ਹੋਣੀ ਤੋਂ ਭੱਜ ਕੇ ਜਾ ਸਕੇ। ਅਣਇੱਛਿਤ ਪ੍ਰਬੰਧ ਦਾ ਹਿੱਸਾ ਬਣਨਾ ਔਰਤ ਦੀ ਮਜ਼ਬੂਰੀ ਹੈ, ਨਾ ਕਿ ਮਰਦ ਦੀ।

ਏਸੇ ਪ੍ਰਸੰਗ ਵਿੱਚ 'ਮਿੱਤਰ ਪਿਆਰੇ ਨੂੰ' ਕਹਾਣੀ ਵਿਚਾਰੀ ਜਾ ਸਕਦੀ ਹੈ। ਕਹਾਣੀਕਾਰ ਇਸ ਕਹਾਣੀ ਰਾਹੀਂ ਇਸ ਤੱਥ ਨੂੰ ਅਗਰਭੂਮਿਤ ਕਰਦੀ ਹੈ ਕਿ ਪਿੱਤਰਕੀ ਪ੍ਰਬੰਧ ਦੀ ਸ਼ਿਕਾਰ ਔਰਤ ਘਰ, ਪਰਿਵਾਰ, ਪਤੀ ਅਤੇ ਵਿਆਹ ਸੰਸਥਾ ਨਾਲ ਆਪਣੀ ਪਛਾਣ ਨੂੰ ਜੋੜ ਕੇ ਦੇਖਦੀ ਹੈ ਜਿਸ ਕਾਰਨ ਉਹ ਚਾਹ ਕੇ ਵੀ ਇਹਨਾਂ ਸਮਾਜਿਕ ਇਕਾਈਆਂ ਨਾਲੋਂ ਟੁੱਟ ਨਹੀਂ ਸਕਦੀ। ਜਿਵੇਂ ਕਿ ਇਸ ਕਹਾਣੀ ਦੀ ਨਾਇਕਾ ਚੰਨੀ ਪਹਿਲਾਂ ਗੁੱਸੇ ਵਿੱਚ ਆਪਣੇ ਪਤੀ ਨੂੰ ਛੱਡ ਕੇ ਘਰੋਂ ਬਾਹਰ ਨਿਕਲ ਜਾਂਦੀ ਹੈ ਅਤੇ ਫਿਰ ਇਹ ਇੱਛਾ ਕਰਦੀ ਹੈ ਕਿ ਪਤੀ ਉਸਨੂੰ ਮਨਾ ਕੇ ਆਪਣੇ ਘਰ ਲੈ ਜਾਵੇ। ਉਹ ਆਪਣੇ ਬੇਟੇ ਨਾਲ ਪਾਰਲਰ ਵਿੱਚ ਰਾਤਾਂ ਕੱਟਦੀ ਹੈ ਲੇਕਿਨ ਮਾਨਸਿਕ ਰੂਪ ਵਿੱਚ ਪਤੀ ਨਾਲ ਹੀ ਜੁੜੀ ਰਹਿੰਦੀ ਹੈ। ਉਹ ਰਾਤਾਂ ਨੂੰ ਪਤੀ ਦੇ ਵਿਯੋਗ ਵਿੱਚ ਤੜਫਦੀ ਕਦੇ ਪਤੀ ਨੂੰ ਚਿੱਠੀ ਲਿਖ ਕੇ ਆਪਣੇ ਪਿਆਰ ਦਾ ਵਾਸਤਾ ਪਾਉਂਦੀ ਹੈ ਅਤੇ ਕਦੇ ਪੇਤਲੀ ਜਿਹੀ ਭਾਵੁਕਤਾ ਦਾ ਸ਼ਿਕਾਰ ਹੋ ਕੇ ਸਵੈ-ਤਰਸ ਵਿੱਚ ਰੋਂਦੀ ਕਰਲਾਉਂਦੀ ਹੈ :

> 'ਹਾਏ! ਉਹ ਕੀ ਕਰਦੇ ਹੋਣਗੇ। ਮੇਰੇ ਬਿਨਾਂ ਉਨ੍ਹਾਂ ਕਿਵੇ ਰਾਤ ਕੱਟੀ ਹੋਵੇਗੀ?'
>
> 'ਹਾਏ! ਜਿਸ ਘਰ ਵਿੱਚ ਵੀਹ ਵਰ੍ਹੇ ਮੈਂ ਤਿਲ ਤਿਲ ਕਰਕੇ ਮਰਦੀ ਰਹੀ ਉਸ ਘਰ ਵਿੱਚੋਂ ਅੱਜ ਮੈਨੂੰ ਇਕ ਕੌਲੀ ਵੀ ਨਸੀਬ ਨਹੀਂ ਹੋਈ।'[18]

ਅਸਲ ਵਿੱਚ ਪਿੱਤਰਸੱਤਾਤਮਕ ਢਾਂਚਾ ਔਰਤ ਨੂੰ ਆਪਣੇ ਲਈ ਜਿਊਣ ਦੀ ਥਾਂ ਦੂਸਰਿਆਂ ਲਈ ਜਿਊਣਾ ਸਿਖਾਉਂਦਾ ਹੈ। ਸਥਿਤੀ ਦਾ ਦੁਖਾਂਤ ਇਹ ਹੈ ਕਿ ਪਿੱਤਰਕੀ ਪ੍ਰਬੰਧ ਦੀ ਮਜ਼ਬੂਤ ਪਕੜ ਅਤੇ ਪੈਤਰਿਕ ਮਾਨਸਿਕ ਘਾੜਤ ਕਾਰਨ ਔਰਤ ਆਪਣੇ ਸਵੈ ਬਾਰੇ ਸੋਚਣ ਤੋਂ ਵਿਰਵੀ ਰਹਿੰਦੀ ਹੈ। ਭਾਰਤੀ ਵਿਆਹੁਤਾ ਨਾਰੀ ਆਪਣੇ ਜ਼ਿੰਦਗੀ ਦੇ ਚਾਵਾਂ, ਖ਼ੁਸ਼ੀਆਂ, ਉਮੰਗਾ ਨੂੰ ਹਮੇਸ਼ਾ ਮਰਦ ਪਤੀ ਨਾਲ ਹੀ ਜੋੜ ਕੇ ਦੇਖਦੀ ਆਈ ਹੈ। ਸਾਰੀਆਂ ਪੌਰਾਣਿਕ ਅਤੇ ਧਾਰਮਿਕ ਪੁਸਤਕਾਂ ਵੀ ਪਤਨੀ ਨੂੰ ਇਹ ਸਿੱਖਿਆਂ ਦਿੰਦੀਆਂ ਹਨ ਕਿ ਉਹ ਪਤੀ ਨੂੰ ਪ੍ਰਮੇਸ਼ਵਰ ਜਾਣ ਕੇ ਹਮੇਸ਼ਾ ਉਸ ਦੀ ਸੇਵਾ ਕਰੇ ਅਤੇ ਉਸਨੂੰ ਪ੍ਰਸੰਨ ਰੱਖਣ ਦੀ ਕੋਸ਼ਿਸ਼ ਕਰੇ। ਡਾ. ਵਨੀਤਾ ਦਾ ਵਿਚਾਰ ਹੈ :

> ਕਿਸੇ ਵੀ ਸਮਾਜ ਦਾ ਅਵਚੇਤਨ ਉਸ ਦੀਆਂ ਮਿੱਥਾਂ ਤੇ ਪੌਰਾਣ ਨਾਲ ਜੁੜਿਆ ਹੁੰਦਾ ਹੈ। ਭਾਰਤੀ ਪੌਰਾਣ ਵਿੱਚ ਨਾਰੀ ਸੀਤਾ ਸਵਿੱਤਰੀ ਹੈ ਤੇ ਉਸ ਨੂੰ ਹੁਣ ਤੱਕ ਨਾਰੀ ਦਾ ਅਵਚੇਤਨ ਬਣਾਉਣ ਦਾ ਯਤਨ ਕੀਤਾ ਜਾਂਦਾ ਹੈ। ਭਾਰਤੀ ਪੌਰਾਣ ਵਿੱਚ ਦੇਵੀ ਲਕਸ਼ਮੀ ਦਾ ਜੋ ਮੁੱਖ ਕੰਮ ਹੈ, ਉਹ ਆਪਣੇ ਪਤੀ ਵਿਸ਼ਨੂੰ ਦੇ ਪੈਰ ਘੁੱਟਣਾ ਹੈ।[19]

ਕਹਾਣੀ ਵਿੱਚ ਨਾਇਕਾ ਚੰਨੀ ਆਦਰਸ਼ ਭਾਰਤੀ ਪਤਨੀ ਦੇ ਰੂਪ ਵਜੋਂ ਉੱਭਰ ਕੇ ਸਾਹਮਣੇ ਆਉਂਦੀ ਹੈ। ਉਹ ਪਹਿਲਾਂ ਤਾਂ ਪਤੀ ਦੇ ਘਰੋਂ ਨਿਕਲ ਆਉਂਦੀ ਹੈ ਪਰ ਬਾਅਦ ਵਿੱਚ ਆਤਮ-ਗੁਨਾਹ ਅਤੇ ਪਛਤਾਵੇ ਵਿੱਚ ਗ੍ਰਸੀ ਜਾਂਦੀ ਹੈ। ਦੂਜੇ ਪਾਸੇ ਉਸਦਾ ਪਤੀ ਉਸ ਦੇ ਚਲੇ ਜਾਣ ਉਪਰੰਤ ਨਾ ਤਾਂ ਦੁਖੀ ਹੁੰਦਾ ਹੈ ਅਤੇ ਨਾ ਹੀ ਆਪਣੀ ਮਰਦਾਵੀਂ ਹਉਂ ਨੂੰ ਪਾਸੇ ਰੱਖ ਕੇ ਉਸਨੂੰ ਮਨਾਉਣ ਦਾ ਕੋਈ ਹੀਲਾ ਕਰਦਾ ਹੈ। ਕਹਾਣੀ ਦੇ ਅੰਤ ਵਿੱਚ ਜਦੋਂ ਨਾਇਕਾ ਚੰਨੀ ਪਤੀ ਨੂੰ ਉਡੀਕ-ਉਡੀਕ ਕੇ ਥੱਕ ਜਾਂਦੀ ਹੈ ਤਾਂ ਉਹ ਖ਼ੁਦ ਹੀ ਪਤੀ ਦੇ ਘਰ ਵੱਲ ਤੁਰ ਪੈਂਦੀ ਹੈ। ਇਸ ਤਰ੍ਹਾਂ ਕਹਾਣੀਕਾਰ ਚੰਨੀ ਪਾਤਰ ਰਾਹੀਂ ਇਹ ਦਰਸਾਉਣ ਦੀ ਕੋਸ਼ਿਸ਼ ਕਰਦੀ ਹੈ ਕਿ ਔਰਤ ਜ਼ਹਿਨੀ ਤੌਰ 'ਤੇ ਪਿੱਤਰਸੱਤਾ ਦੀ ਗ਼ੁਲਾਮ ਹੈ। ਅੱਜ ਵੀ ਉਸਦੇ ਅਚੇਤ ਮਨ ਵਿੱਚ ਪਿੱਤਰਤੰਤਰ ਨੂੰ ਮਜ਼ਬੂਤ ਕਰਨ ਵਾਲੇ ਸੰਸਕਾਰ ਵਸੇ ਪਏ ਹਨ ਅਤੇ ਇਨਾਂ ਤੋਂ ਉਹ ਉਦੋਂ ਤੱਕ ਮੁਕਤ ਨਹੀਂ ਹੋ ਸਕਦੀ ਜਦੋਂ ਤੱਕ ਉਸ ਅੰਦਰਲੀ ਨਾਰੀ ਸ਼ਕਤੀ ਵਿਕਸਤ ਨਹੀਂ ਹੋ ਜਾਂਦੀ।

'ਉਹ ਇਕ ਚੂਹਾ' ਕਹਾਣੀ ਵੀ ਔਰਤ ਪਤਨੀ ਦੀ ਗ਼ੁਲਾਮ ਅਤੇ ਅਧੀਨਗੀ ਹੇਠ ਰਹਿਣ ਵਾਲੀ ਪਿੱਤਰੀ ਮਾਨਸਿਕਤਾ ਨੂੰ ਹੀ ਪ੍ਰਗਟ ਕਰਦੀ ਹੈ। ਕਹਾਣੀ ਵਿਚਲੀ ਪਾਤਰ ਆਪਣੇ ਪਤੀ ਦੇ ਇਕ ਤੋਂ ਬਾਅਦ ਇਕ ਵਿਆਹ ਬਾਹਰੇ ਨਾਜ਼ਾਇਜ ਸੰਬੰਧਾਂ ਨੂੰ ਜਾਣਦਿਆਂ ਹੋਇਆ ਪ੍ਰਾਪਤ ਪ੍ਰਸਥਿਤੀ ਨਾਲ ਸਮਝੌਤਾ ਕਰਨ ਵਿੱਚ ਆਪਣੀ ਭਲਾਈ ਸਮਝਦੀ ਹੈ। ਪੈਤਰਿਕ ਸੋਚ ਕਾਰਨ ਉਹ ਆਪਣਾ ਦਰਦ ਛੁਪਾਉਂਦੀ ਹੋਈ ਮੂਕ ਪੱਧਰ 'ਤੇ ਪਤੀ ਨਾਲ ਲੜਦੀ ਹੈ ਪ੍ਰੰਤੂ ਸਿੱਧੇ ਰੂਪ ਵਿੱਚ ਉਸਦੇ ਦੋਗਲੇ ਰੂਪ ਦਾ ਵਿਰੋਧ ਨਹੀਂ ਕਰਦੀ। ਜਦੋਂ ਕਦੇ ਉਹ ਹਿੰਮਤ ਜੁਟਾ ਕੇ ਦੱਬਵੀਂ ਸੁਰ ਵਿੱਚ ਪਤੀ ਸਾਹਮਣੇ ਆਪਣਾ ਇਤਰਾਜ਼ ਜਤਾਉਂਦੀ ਹੈ ਤਾਂ ਪਤੀ ਦੀ ਇਕੋ ਝਿੜਕ ਉਸਨੂੰ ਆਪਣੀ ਨਿਮਨ ਅਤੇ ਦਮਿਤ ਸਥਿਤੀ ਦਾ ਅਹਿਸਾਸ ਕਰਵਾ ਦਿੰਦੀ ਹੈ :

> ਉਹ ਕੁੜੀ ਕੌਣ ਸੀ- ਕੌਣ ਹੈ?
>
> "ਤੂੰ ਅਨਪੜ੍ਹ, ਤੈਂ ਕੀ ਕਰਨਾ। ਬੈਠੀ ਰਹੁ 'ਰਾਮ ਨਾਲ- ਤੈਨੂੰ ਕੀ ਪਤਾ ਬਾਹਰ ਕੀ ਹੁੰਦਾ"?
>
> "ਇਹ ਪੜ੍ਹਿਆ ਲਿਖਿਆ ਦੀਆਂ ਗੱਲਾ ਨੇ। ਤੈਨੂੰ ਮੈਂ ਪੂਰੀ ਤਨਖਾਹ ਦਿੰਦਾਂ। ਕਦੇ ਕਦੇ ਵਾਧੂ ਵੀ ਦਿੰਦਾਂ। ਬਸ ਘਰ ਤਕ ਰਹਿ।"[20]

ਪਤਨੀ ਜਿਹੜੀ ਕਿ ਆਰਥਿਕ ਰੂਪ ਵਿੱਚ ਪਤੀ ਤੇ ਨਿਰਭਰ ਹੈ, ਨੂੰ ਪਤੀ ਕੋਈ ਅਧਿਕਾਰ ਨਹੀਂ ਦਿੰਦਾ ਕਿ ਉਹ ਉਸਨੂੰ ਕਿਸੇ ਕਿਸਮ ਦਾ ਸਵਾਲ ਕਰੇ। ਪਤੀ ਜਿਹੜਾ ਕਿ ਪਤਨੀ ਦੀਆਂ ਮਾਇਕ ਜ਼ਰੂਰਤਾਂ ਪੂਰੀਆਂ ਕਰਦਾ ਹੈ ਇਸ ਲਈ ਬਦਲੇ ਵਿੱਚ ਉਹ ਪਤਨੀ ਨੂੰ ਆਪਣੀ ਅਧੀਨਗੀ ਵਿੱਚ ਰਹਿਣ ਲਈ ਮਜ਼ਬੂਰ ਕਰਦਾ ਹੈ। ਅਸਲ ਵਿੱਚ ਪਿੱਤਰਸੱਤਾ ਨੇ ਵਿਆਹ ਸੰਸਥਾ ਦਾ ਨਿਰਮਾਣ ਹੀ ਇਸ ਢੰਗ ਨਾਲ ਕੀਤਾ ਹੈ ਕਿ ਔਰਤ (ਪਤਨੀ) ਮਰਦ ਦੀ ਗ਼ੁਲਾਮ ਬਣ ਕੇ ਰਹਿ ਜਾਂਦੀ ਹੈ। ਸਾਰੇ ਅਧਿਕਾਰਾਂ ਦਾ ਮਾਲਕ ਮਰਦ (ਪਤੀ) ਹੈ ਅਤੇ ਪਤਨੀ ਉਸਦੇ ਹੁਕਮਾਂ ਦੀ ਪਾਲਣਾ ਕਰਨ ਲਈ ਬੰਧਨਸ਼ੀਲ ਹੈ। ਉਸਨੂੰ ਕੋਈ ਹੱਕ ਪ੍ਰਾਪਤ ਨਹੀਂ ਕਿ ਉਹ ਪਤੀ 'ਤੇ ਕਿਸੇ ਕਿਸਮ ਦਾ ਚਰਿੱਤਰਕ ਇਲਜ਼ਾਮ ਲਾ ਕੇ ਉਸ ਤੋਂ ਪੁੱਛ ਪੜਤਾਲ ਕਰੇ ਬਲਕਿ ਇਸਦੇ ਉਲਟ ਮਨੂੰਸਮ੍ਰਿਤੀ ਉਸਨੂੰ ਇਹ ਸਿੱਖਿਆ ਦਿੰਦੀ ਹੈ ਕਿ ਉਹ ਪਤੀ ਦੇ ਸਾਰੇ ਗੁਨਾਹਾਂ ਨੂੰ ਮਾਫ਼ ਕਰਕੇ ਚੁੱਪਚਾਪ ਉਸ ਨਾਲ ਜ਼ਿੰਦਗੀ ਬਸਰ ਕਰੇ। ਕਹਾਣੀ ਦੀਆਂ ਹੇਠ ਲਿਖੀਆਂ ਸਤਰਾਂ ਵਿੱਚ ਪਤਨੀ ਰੂਪ ਵਿੱਚ ਔਰਤ ਪਾਤਰ ਆਪਣੀ ਇਸ ਗ਼ੁਲਾਮੀ, ਬੇਬਸੀ ਅਤੇ ਲਾਚਾਰੀ ਨੂੰ ਇਸ ਤਰ੍ਹਾਂ ਬਿਆਨ ਕਰਦੀ ਹੈ:

> ਮੈਂ ਵੀ ਸੁੰਨ ਵੱਟ ਲਈ। ਅੱਖਾਂ ਸੀਗੀਆਂ ਵੇਖਣ ਲਈ ਪਰ ਮੀਟ ਲਈਆਂ। ਦਿਮਾਗ਼ ਨੂੰ ਪਾਸੇ ਕਰ ਲਿਆ।[21]

ਪਤਨੀ ਦੁਆਰਾ 'ਸੁੰਨ ਵੱਟ ਲੈਣਾ', 'ਅੱਖਾਂ ਮੀਟ ਲੈਣਾ' ਅਤੇ 'ਦਿਮਾਗ ਪਾਸੇ ਕਰ ਲੈਣਾ' ਪ੍ਰਤੀਕ ਰੂਪ ਵਿੱਚ ਉਸਦੀ ਪੈਤਰਿਕ ਮਾਨਸਿਕ ਘਾੜਤ ਨੂੰ ਦਰਸਾਉਂਦਾ ਹੈ। ਪਿੱਤਰਸੱਤਾ ਅਤੇ ਮਰਦਸੱਤਾ ਚਾਹੁੰਦੇ ਹਨ ਕਿ ਔਰਤ ਹਮੇਸ਼ਾ ਸੁੰਨ ਰਹੇ, ਚੁੱਪ ਰਹੇ ਅਤੇ ਕਦੇ ਆਪਣੇ ਅਧਿਕਾਰਾਂ ਲਈ ਆਵਾਜ਼ ਨਾ ਉਠਾਏ। ਇਸ ਕਹਾਣੀ ਵਿੱਚ ਕਹਾਣੀਕਾਰ ਨਿਰਮਲ ਜਸਵਾਲ ਨੇ ਇਕ ਹੋਰ ਪਹਿਲੂ 'ਤੇ ਵੀ ਧਿਆਨ ਦਿਵਾਇਆ ਹੈ ਕਿ ਪਿੱਤਰੀ ਸੋਚ ਨੂੰ ਪ੍ਰਣਾਇਆ ਮਰਦ ਚਾਹੇ ਪਤੀ ਰੂਪ ਵਿੱਚ ਹੋਵੇ ਚਾਹੇ ਪ੍ਰੇਮੀ ਰੂਪ ਵਿੱਚ ਉਹ ਹਮੇਸ਼ਾ ਔਰਤ ਨੂੰ ਆਪਣੇ ਅਧੀਨ ਰਹਿਣ ਲਈ ਮਜ਼ਬੂਰ ਕਰਦਾ ਹੈ। ਕਹਾਣੀ ਵਿਚਲਾ ਮਰਦ ਪਾਤਰ ਵਿਆਹ ਬਾਹਰੇ ਸੰਬੰਧ ਸਥਾਪਿਤ ਕਰਦਾ ਹੋਇਆ ਜਦੋਂ ਆਪਣੀ ਜ਼ਿੰਦਗੀ ਵਿੱਚ ਆਉਣ ਵਾਲੀਆਂ ਔਰਤਾਂ ਉੱਪਰ ਮਰਦਾਵੀਂ ਧੌਂਸ ਜਮਾਉਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਹਨਾਂ ਔਰਤਾਂ ਦੁਆਰਾ ਉਸਦੀ ਅਧੀਨਗੀ ਮੰਨਣ ਤੋਂ ਇਨਕਾਰੀ ਹੋਣ ਉਪਰੰਤ ਮਰਦ ਪਾਤਰ ਦੀ ਸਾਮੰਤੀ ਮਾਨਸਿਕਤਾ ਨੂੰ ਡੂੰਘੀ ਸੱਟ ਵੱਜਦੀ ਹੈ। ਅਜਿਹੇ ਸਮੇਂ ਉਸਦੀ ਨਫ਼ਰਤ ਦੀ ਸੀਮਾ ਕਿਸੇ ਇਕ ਔਰਤ ਤੱਕ ਸੀਮਤ ਨਾ ਰਹਿ ਕੇ ਸਮੁੱਚੀ ਔਰਤ ਜਾਤ ਤੱਕ ਫੈਲ ਜਾਂਦੀ ਹੈ :

> 'ਕੁੱਤੀ ਜਾਤ, ਮੁੰਡਿਆਂ ਨਾਲ ਹਿੜ ਹਿੜ ਕਰਦੀ। ਕਹੇ ...ਸਾਡੀ ਬਰਾਦਰੀ ਦੇ ਵੀ ਤੁਸੀਂ ਨਹੀਂ ...ਮੇਰੇ ਨਾਲ ਖੇਹ ਖਾਂਦੀ ਰਹੀ ਹਰਾਮ ਦੀ।'[22]

ਨਿਰਮਲ ਜਸਵਾਲ ਦੀ ਨਮੋਲੀਆਂ ਕਹਾਣੀ ਮੁੱਖ ਰੂਪ ਵਿੱਚ ਦੋ ਔਰਤ ਪਾਤਰਾਂ ਪ੍ਰੀਤੀ ਤੇ ਜੀਤ ਕੌਰ ਦੀ ਜ਼ਿੰਦਗੀ ਦੁਆਲੇ ਘੁੰਮਦੀ ਹੈ ਜਿਹੜੀਆਂ ਘਰ, ਪਰਿਵਾਰ ਵਿੱਚ ਆਪਣੀ ਹੋਂਦ ਦੀ ਸਥਾਪਤੀ ਅਤੇ ਪਤੀ ਪਿਆਰ ਦੀ ਪ੍ਰਾਪਤੀ ਲਈ ਭਟਕਦੀਆਂ ਹੋਈਆਂ ਮਾਨਸਿਕ ਸੰਤਾਪ ਹੰਢਾਉਂਦੀਆਂ ਹਨ। ਕਹਾਣੀ ਪਾਤਰ ਪ੍ਰੀਤੀ ਦੀ ਮਨੋਬਚਨੀ ਤੋਂ ਆਰੰਭ ਹੁੰਦੀ ਹੈ ਜਿਸ ਤੋਂ ਉਸਦੇ ਪਿੱਤਰਸੱਤਾ ਹੱਥੋਂ ਸ਼ੋਸ਼ਿਤ ਹੋਣ ਸੰਬੰਧੀ ਵੇਰਵਾ ਮਿਲ ਜਾਂਦਾ ਹੈ ਜਿਵੇਂ :

> ਨਿੰਮ ਦੀਆਂ ਪੱਤੀਆਂ ਨੂੰ ਮੂੰਹ 'ਚ ਰੱਖਿਆ, ਮੂੰਹ ਕੁੜੱਤਣ ਨਾਲ ਭਰ ਗਿਆ, ਪੱਤੀਆਂ ਨਿਗਲ ਗਈ। ਜੀਵਨ ਦੀ ਇਸ ਤੋਂ ਵੱਧ ਕੁੜੱਤਣ ਪੀਤੀ ਹੈ ਮੈਂ।[23]

ਬਿਰਤਾਂਤਿਕ ਵੇਰਵਿਆਂ ਤੋਂ ਪਤਾ ਲੱਗਦਾ ਹੈ ਕਿ ਪਾਤਰ ਪ੍ਰੀਤੀ ਜਿਸ ਸ਼ਾਦੀਸ਼ੁਦਾ ਮਰਦ ਪਾਤਰ ਅਵਤਾਰ ਨਾਲ ਵਿਆਹ ਕਰਵਾਉਂਦੀ ਹੈ ਉਸਦਾ ਪਰਿਵਾਰ ਅਤੇ ਸਮਾਜ ਉਸਨੂੰ ਸਵੀਕਾਰ ਨਹੀਂ ਕਰਦਾ। ਜਦੋਂ ਉਸਨੂੰ 'ਸੌਂਕਣ' ਅਤੇ ਅਵਤਾਰ ਦੀ 'ਦੂਜੀ ਪਤਨੀ' ਆਦਿ ਸ਼ਬਦਾਂ ਨਾਲ ਸੰਬੋਧਿਤ ਕੀਤਾ ਜਾਂਦਾ ਹੈ ਤਾਂ ਉਹ ਅੰਦਰੂਨੀ ਘੁਟਨ ਦੀ ਸ਼ਿਕਾਰ ਹੋ ਜਾਂਦੀ ਹੈ। ਪਾਤਰ ਪ੍ਰੀਤੀ ਕਹਾਣੀਆਂ ਦੀਆਂ ਹੇਠਲੀਆਂ ਸਤਰਾਂ ਰਾਹੀਂ ਜਿੱਥੇ ਪਿੱਤਰੀ ਸਮਾਜਿਕ ਪ੍ਰਬੰਧ ਵਿੱਚ ਔਰਤ ਦੀ ਗੌਣ ਸਥਿਤੀ ਨੂੰ ਰੂਪਮਾਨ ਕਰਦੀ ਹੈ, ਉੱਥੇ ਆਪਣੀ ਮਾਨਸਿਕ ਅਵਸਥਾ ਨੂੰ ਵੀ ਇਸ ਤਰ੍ਹਾਂ ਪ੍ਰਗਟਾਉਂਦੀ ਹੈ :

'ਇਹ ਅਵਤਾਰ ਦੀ ਦੂਜੀ ਆ'...'ਇਹ ਸਾਡੀ ਦੂਸਰੀ ਚਾਚੀ', ...ਆਦਿ ਤਿੱਖੇ-ਨੁਕੀਲੇ ਸ਼ਬਦ ਮੈਨੂੰ ਤੀਰਾਂ ਵਾਂਗ ਵਿੰਨਣ ਲੱਗੇ।[24]

ਨਾਰੀਵਾਦੀ ਦ੍ਰਿਸ਼ਟੀ ਤੋਂ ਦੇਖਿਆ ਜਾਵੇ ਤਾਂ ਸਾਰਾ ਦੋਸ਼ ਪਿੱਤਰਸੱਤਾ ਦਾ ਹੈ। ਪਿੱਤਰਸੱਤਾ ਜਿਹੜੀ ਕਿ ਮਰਦ ਦੇ ਹੱਕ ਵਿੱਚ ਭੁਗਤਦੀ ਹੈ, ਮਰਦ ਚਾਹੇ ਦੂਜੀ ਵਾਰ ਵਿਆਹ ਕਰਵਾ ਲਵੇ ਜਾਂ ਪਹਿਲੀ ਪਤਨੀ ਦੇ ਹੁੰਦਿਆਂ ਇਕ ਹੋਰ ਔਰਤ ਨਾਲ ਘਰ ਵਸਾ ਲਵੇ ਤਾਂ ਇਸਦੇ ਬਾਵਜੂਦ ਉਸਦੀ ਸਮਾਜਿਕ ਸਥਿਤੀ, ਪਛਾਣ ਜਾਂ ਰੁਤਬੇ ਵਿੱਚ ਕੋਈ ਫਰਕ ਨਹੀਂ ਆਉਂਦਾ ਪ੍ਰੰਤੂ ਇਸਦੇ ਉਲਟ ਜੇਕਰ ਕੋਈ ਔਰਤ ਤਲਾਕਸ਼ੁਦਾ ਮਰਦ ਜਾਂ ਪਹਿਲਾਂ ਵਿਆਹੇ ਹੋਏ ਮਰਦ ਨਾਲ ਵਿਆਹ ਕਰਵਾਉਂਦੀ ਹੈ ਤਾਂ ਪਿੱਤਰਸੱਤਾ ਉਸਨੂੰ ਸੰਪੂਰਨ ਰੂਪ ਵਿੱਚ ਪਤਨੀ ਮੰਨਣ ਦੀ ਬਜਾਇ 'ਦੂਜੀ ਪਤਨੀ' ਜਾਂ 'ਸੌਂਕਣ' ਵਜੋਂ ਉਸਦੀ ਸਮਾਜਿਕ ਪਛਾਣ ਨਿਰਧਾਰਿਤ ਕਰਦੀ ਹੈ। ਖ਼ੁਦ ਔਰਤ ਵੀ ਦੂਜੀ ਪਤਨੀ ਵਜੋਂ ਵਿਚਰਦੀ ਹੋਈ ਸਮਾਜਿਕ ਪੱਧਰ 'ਤੇ ਆਪਣੇ ਆਪ ਨੂੰ ਹੀਣਾ ਮਹਿਸੂਸ ਕਰਦੀ ਹੈ, ਕਿਉਂਕਿ ਪਿੱਤਰਕੀ ਪ੍ਰਬੰਧ ਦੇ ਨੁਮਾਇੰਦਿਆਂ ਦੁਆਰਾ ਵਾਰ-ਵਾਰ ਉਸਨੂੰ ਦੁਜੈਲੇਪਣ ਦਾ ਅਹਿਸਾਸ ਕਰਾਇਆ ਜਾਂਦਾ ਹੈ। ਕਹਾਣੀ ਵਿੱਚ ਪਾਤਰ ਪ੍ਰੀਤੀ ਪਤੀ ਅਵਤਾਰ ਨੂੰ ਲੈ ਕੇ ਸ਼ਹਿਰ ਆ ਜਾਂਦੀ ਹੈ ਪਰ ਸਮਾਜਿਕ ਮਾਨਦੰਡ ਉਸਦਾ ਪਿੱਛਾ ਨਹੀਂ ਛੱਡਦੇ। ਦੂਜੇ ਪਾਸੇ ਉਸਦਾ ਪਤੀ ਅਵਤਾਰ ਭਾਵੇਂ ਪ੍ਰੀਤੀ ਨੂੰ ਬੇਹੱਦ ਪਿਆਰ ਕਰਦਾ ਹੈ ਪ੍ਰੰਤੂ ਉਹ ਪ੍ਰੀਤੀ ਨੂੰ ਵਿਆਹ ਕੇ ਆਪਣੇ ਜੱਦੀ ਘਰ ਵਿੱਚ ਨਹੀਂ ਲਿਜਾਂਦਾ ਸਗੋਂ ਉਸਨੂੰ ਆਪਣੇ ਫਾਰਮ ਹਾਊਸ 'ਤੇ ਬਣੇ ਘਰ ਵਿੱਚ ਰੱਖਦਾ ਹੈ। ਪਿੱਤਰਸੱਤਾ ਅਤੇ ਮਰਦਸੱਤਾ ਦੀ ਸਤਾਈ ਹੋਈ ਪ੍ਰੀਤੀ ਹਾਈਪਰਟੈਂਸ਼ਨ ਦੀ ਮਰੀਜ਼ ਬਣ ਜਾਂਦੀ ਹੈ। ਹਾਸ਼ੀਏ 'ਤੇ ਰਹਿਣ ਲਈ ਮਜ਼ਬੂਰ ਪ੍ਰੀਤੀ ਆਪਣੀ ਸਥਿਤੀ ਲਈ ਪਤੀ ਅਵਤਾਰ ਨੂੰ ਜ਼ਿੰਮੇਵਾਰ ਮੰਨਦੀ ਹੈ :

... ਅਵਤਾਰ ਨੇ ਸੱਚਮੁੱਚ ਜ਼ੁਲਮ ਢਾਇਆ ਹੈ - ਉਹ ਕਸੂਰਵਾਰ ਹੈ।[25]

ਪਾਤਰ ਪ੍ਰੀਤੀ ਭਾਵੇਂ ਆਪਣੇ ਪਤੀ ਅਵਤਾਰ ਨੂੰ ਆਪਣਾ ਵਿਰੋਧੀ ਜਾਂ ਕਸੂਰਵਾਰ ਠਹਿਰਾ ਰਹੀ ਹੈ ਲੇਕਿਨ ਨਾਰੀਵਾਦ ਦਾ ਮੰਨਣਾ ਹੈ ਕਿ ਔਰਤ ਦੀ ਦੁਜੈਲੀ ਜਾਂ ਹਾਸ਼ੀਆਕ੍ਰਿਤ ਸਥਿਤੀ ਲਈ ਮਰਦ ਜ਼ਿੰਮੇਵਾਰ ਨਹੀਂ ਬਲਕਿ ਪਿੱਤਰਸੱਤਾ ਹੈ ਜੋ ਮਰਦ ਦੀ ਮਾਨਸਿਕਤਾ ਆਪਣੇ ਹਿੱਤਾਂ ਅਨੁਕੂਲ ਢਾਲ ਕੇ ਉਹਨਾਂ ਨੂੰ ਆਪਣਾ ਮੋਹਰਾ ਬਣਾ ਲੈਂਦੀ ਹੈ। ਨਾਰੀਵਾਦੀ ਚਿੰਤਕ ਕਮਲਾ ਭਸੀਨ ਲਿਖਦੀ ਹੈ :

'ਮਰਦ' ਪੈਦਾ ਨਹੀਂ ਹੁੰਦੇ ਸਗੋਂ ਪਿੱਤਰਸੱਤਾ ਫੈਕਟਰੀ ਉਨ੍ਹਾਂ ਨੂੰ ਅਜਿਹੇ ਬਣਾ ਦਿੰਦੀ ਹੈ। ਉਨ੍ਹਾਂ ਤੋਂ ਉਨ੍ਹਾਂ ਦੀ ਮਨੁੱਖਤਾ ਖੋਹ ਲੈਂਦੀ ਹੈ। ...ਪਿੱਤਰਸੱਤਾ ਦਾ ਉਲਟ ਸੱਤਾ ਨਹੀਂ। ਪਿੱਤਰਸੱਤਾ ਤੋਂ ਆਜ਼ਾਦੀ ਲਈ ਅੱਜ ਨਾਰੀਆਂ ਦੇ ਨਾਲ-ਨਾਲ ਮਰਦਾਂ ਦੇ ਅੰਦੋਲਨ ਦੀ ਵੀ ਲੋੜ ਹੈ।[26]

ਪਾਤਰ ਪ੍ਰੀਤੀ ਜਿਹੜੀ ਕਿ ਇਕ ਸੰਵੇਦਨਸ਼ੀਲ ਔਰਤ ਹੈ ਅਤੇ ਕਵਿਤਾ ਦੇ ਖੇਤਰ ਨਾਲ ਜੁੜੀ ਹੋਈ ਹੈ, ਆਪਣੇ ਅਸਤਿਤਵ ਅਤੇ ਆਤਮ-ਸਨਮਾਨ ਲਈ ਉਹ ਪਤੀ ਅਵਤਾਰ ਨਾਲੋਂ ਅੱਡ ਹੋ ਕੇ ਆਜ਼ਾਦ ਅਤੇ ਮਨਇੱਛਤ ਜ਼ਿੰਦਗੀ ਜਿਊਣ ਦਾ ਫੈਸਲਾ ਕਰਦੀ ਹੈ। ਉਸਦਾ ਇਹ ਫੈਸਲਾ ਪਿੱਤਰਕੀ ਸਮਾਜਿਕ ਪ੍ਰਬੰਧ ਅਤੇ ਮਰਦਸੱਤਾ ਪ੍ਰਤੀ ਰੋਸ ਹੈ ਜੋ ਉਸਨੂੰ ਸੰਪੂਰਨ ਪਤਨੀ ਦਾ ਦਰਜਾ ਨਾ ਦੇ ਕੇ ਉਸਨੂੰ ਦੁਜੈਲੇ ਪੱਧਰ ਤੇ ਰੱਖਦੇ ਹਨ। ਪਾਤਰ ਪ੍ਰੀਤੀ ਵਾਂਗ ਹੀ ਕਹਾਣੀ ਦੀ ਦੂਸਰੀ ਮੁੱਖ ਪਾਤਰ ਜੀਤ ਕੌਰ ਵੀ ਪਿੱਤਰਤੰਤਰ ਅਤੇ ਮਰਦਤੰਤਰ ਕਾਰਨ ਸਰੀਰਕ, ਮਾਨਸਿਕ ਸੰਤਾਪ ਭੋਗਦੀ ਹੈ। ਪਾਤਰ ਜੀਤ ਕੌਰ ਆਪਣੇ ਨਾਲ ਜੁੜਨ ਵਾਲੇ ਮਰਦ ਪਾਤਰ ਦੁਆਰਾ ਔਰਤ ਨੂੰ ਸਿਰਫ਼ ਭੋਗ ਦੀ ਵਸਤੂ ਸਮਝਣ ਵਾਲੀ ਮਾਨਸਿਕਤਾ ਦਾ ਵਿਰੋਧ ਕਰਦੀ ਹੋਈ ਇਕ ਤੋਂ ਬਾਅਦ ਇਕ ਮਰਦ ਨਾਲ ਸੰਬੰਧ ਜੋੜਦੀ ਤੇ ਤੋੜਦੀ ਹੈ। ਪਹਿਲਾ ਉਹ ਇਕ ਮਸ਼ਹੂਰ ਕਵੀ ਨਾਲ ਰਿਸ਼ਤਾ ਬਣਾਉਂਦੀ ਹੈ ਪ੍ਰੰਤੂ ਜਲਦੀ ਹੀ ਉਸਦੇ ਫ਼ਰੇਬ ਅਤੇ ਨਾਟਕੀਪੁਣੇ ਤੋਂ ਤੰਗ ਆ ਕੇ ਉਸ ਨਾਲੋਂ ਸੰਬੰਧ ਤੋੜ ਲੈਂਦੀ ਹੈ। ਫਿਰ ਬਾਅਦ ਵਿੱਚ ਇਕ ਅਣਵਿਆਹੇ ਵੱਡੀ ਉਮਰ ਦੇ ਮਰਦ ਰਣਵੀਰ ਸਿੰਘ ਨਾਲ ਵਿਆਹ ਕਰਵਾਉਂਦੀ ਹੈ। ਪਾਤਰ ਰਣਵੀਰ ਦੀ ਪਿੱਤਰੀ ਸੋਚ ਕਾਰਨ ਉਹ ਇਸ ਰਿਸ਼ਤੇ ਨੂੰ ਵੀ ਖ਼ਤਮ ਕਰ ਦਿੰਦੀ ਹੈ। ਪਾਤਰ ਜੀਤ ਕੌਰ ਕਿਸੇ ਅਜਿਹੇ ਮਰਦ ਨਾਲ, ਜੋ ਉਸਦੀ ਰੂਹ ਦਾ ਹਾਣੀ ਹੋਵੇ, ਨਾਲ ਘਰ ਵਸਾਉਣਾ ਚਾਹੁੰਦੀ ਸੀ ਪਰ ਉਸਦੀ ਜ਼ਿੰਦਗੀ ਦਾ ਇਹ ਦੁਖਾਂਤ ਸੀ ਕਿ ਜਿਹੜਾ ਵੀ ਮਰਦ ਉਸ ਨਾਲ ਜੁੜਦਾ ਉਹ ਮਰਦਾਵੀਂ ਸੱਤਾ ਨੂੰ ਉਸ ਉੱਪਰ ਥੋਪਦਾ ਹੋਇਆ ਉਸਨੂੰ ਆਪਣੇ ਕਬਜ਼ੇ ਵਿੱਚ ਰੱਖਣ ਦੀ ਕੋਸ਼ਿਸ਼ ਕਰਦਾ ਹੈ। ਖ਼ੁਦਦਾਰ ਅਤੇ ਆਜ਼ਾਦ ਸੋਚ ਵਾਲੀ ਪਾਤਰ ਜੀਤ ਕੌਰ ਅਜਿਹੀ ਸਮਝੌਤਿਆਂ ਵਾਲੀ ਜ਼ਿੰਦਗੀ ਜਿਊਣ ਲਈ ਹਰਗਿਜ਼ ਤਿਆਰ ਨਹੀਂ ਸੀ। ਚਿੰਤਕ ਗੁਰਬਚਨ ਅਜਿਹੀ ਆਧੁਨਿਕ ਖਿਆਲਾਂ ਵਾਲੀ ਔਰਤ ਬਾਰੇ ਲਿਖਦਾ ਹੈ :

> ਅੱਜ ਸੁਤੰਤਰ ਔਰਤ ਲਈ ਮਰਦ ਤੰਤਰੀ 'ਘਰ' ਮੁਢਲੀ ਜਾਂ ਅੰਤਿਮ ਠਾਹਰ ਨਹੀਂ। ਜਿਸ ਤਰ੍ਹਾਂ ਦਾ 'ਘਰ' ਚਿਤਵਿਆ ਜਾਂਦਾ, ਜਾਂ ਜਿਸਨੂੰ ਸੁਖ ਆਰਾਮ ਦਾ ਗੜ੍ਹ ਸਮਝਿਆਂ ਜਾਂਦਾ, ਉਹ ਔਰਤ ਦੇ ਹੋਣੇ ਦੀ ਆਹੂਤੀ ਤੇ ਟਿਕਿਆ ਰਿਹਾ ਹੈ। ਸੁਤੰਤਰ ਚਿਤਚੇਤਨ ਵਾਲੀ ਔਰਤ ਲਈ/ਰਿਵਾਇਤੀ ਅਰਥਾਂ ਵਾਲਾ 'ਘਰ' ਪ੍ਰਸੰਗਹੀਣ ਹੋ ਚੁੱਕਾ ਹੈ।[27]

ਰਣਵੀਰ ਨਾਲੋਂ ਟੁੱਟ ਕੇ ਪਾਤਰ ਜੀਤ ਕੌਰ ਅੰਦਰ ਆਪਣੇ ਸੁਪਨਿਆਂ ਦਾ ਮਰਦ ਮਿਲਣ ਦੀ ਇੱਛਾ ਮਰਦੀ ਨਹੀਂ। ਆਪਣੇ ਅੰਦਰਲੇ ਖਾਲੀਪਣ ਨੂੰ ਭਰਨ ਲਈ ਆਦਮੀ ਦੇ ਸਾਥ ਨੂੰ ਤਾਂਘਦੀ, ਲੁੱਛਦੀ ਜੀਤ ਕੌਰ ਪ੍ਰੀਤੀ ਨੂੰ ਆਪਣੀ ਅੰਤਰੀਵੀ ਖ਼ਾਹਿਸ਼ ਦੱਸਦੀ ਹੈ :

"ਆਦਮੀ ਮੇਰੀ ਜ਼ਿੰਦਗੀ ਨੂੰ ਚਾਹੀਦਾ ਜਿਹੜਾ ਮੇਰਾ ਹੋ ਸਕੇ ...ਕੋਈ ਵੀ ...ਮੇਰਾ ਬਣ ਸਕੇ।"[28]

ਇਸ ਪ੍ਰਕਾਰ ਕਹਾਣੀਕਾਰ ਨਿਰਮਲ ਜਸਵਾਲ ਪ੍ਰੀਤੀ ਅਤੇ ਜੀਤ ਕੌਰ ਪਾਤਰਾਂ ਰਾਹੀਂ ਔਰਤ ਦੇ ਮਨ ਦੀ ਚਾਹਤ ਅਤੇ ਔਰਤ ਹੋਂਦ ਦੇ ਅਹਿਸਾਸ ਨੂੰ ਪ੍ਰਗਟ ਕਰਦੀ ਹੋਈ ਨਾਰੀਵਾਦ ਦੇ ਅਸਲ ਮੰਤਵ ਨੂੰ ਪ੍ਰਗਟਾ ਜਾਂਦੀ ਹੈ ਜਿਹੜਾ ਕਿ ਘਰ, ਪਰਿਵਾਰ, ਵਿਆਹ ਜਿਹੀਆਂ ਸੰਸਥਾਵਾਂ ਵਿੱਚ ਔਰਤ-ਮਰਦ ਦੀ ਬਰਾਬਰੀ ਸਥਾਪਿਤ ਕਰਨ ਅਤੇ ਸਮਾਨ ਅਧਿਕਾਰ ਦੀ ਪ੍ਰਾਪਤੀ ਨਾਲ ਜੁੜਿਆ ਹੋਇਆ ਹੈ। ਕਹਾਣੀ ਇਸ ਤੱਥ ਤੇ ਦ੍ਰਿਸ਼ਟੀਪਾਤ ਕਰਦੀ ਹੈ ਕਿ ਨਾਰੀਵਾਦ ਮਰਦ ਵਿਰੋਧੀ ਨਹੀਂ ਬਲਕਿ ਮਰਦ ਦੀ ਉਸ ਪਿੱਤਰਕੀ ਮਾਨਸਿਕਤਾ ਦਾ ਵਿਰੋਧੀ ਹੈ ਜੋ ਔਰਤ ਨੂੰ ਇਕ ਵਸਤੂ ਦੀ ਨਿਆਈਂ ਸਮਝਦੀ ਹੈ।

ਰਸ਼ਪਿੰਦਰ ਰਸ਼ਿਮ ਦੀ ਕਹਾਣੀ 'ਡੁੱਬਦਾ ਤਰਦਾ ਚੰਨ' ਦੀ ਮੁੱਖ ਪਾਤਰ ਸੁਧਾ ਵੀ ਪਤੀ ਦੇ ਪੈਤਰਿਕ ਰਵੱਈਏ ਕਾਰਣ ਮਾਨਸਿਕ ਸੰਤਾਪ ਹੰਢਾਉਂਦੀ ਹੈ। ਮੁੱਖ ਪਾਤਰ ਸੁਧਾ ਪੀ ਐੱਚ. ਡੀ. ਦੀ ਉੱਚ ਸਿੱਖਿਆ ਪ੍ਰਾਪਤ ਕਾਲਜ ਪ੍ਰੋਫੈਸਰ ਹੈ। ਉਸ ਦਾ ਵਿਆਹ ਆਪਣੇ ਤੋਂ ਛੇ ਸਾਲ ਛੋਟੇ ਬਚਪਨ ਦੇ ਸਾਥੀ ਦੀਪਕ ਨਾਲ ਹੋ ਜਾਂਦਾ ਹੈ ਜਿਹੜਾ ਕਿ ਛੋਟੇ ਹੁੰਦਿਆਂ ਹੀ ਸੁਧਾ ਨੂੰ ਇਕਤਰਫਾ ਪਿਆਰ ਕਰਦਾ ਸੀ। ਸੁਧਾ ਦੀ ਨਜ਼ਰ ਵਿੱਚ ਦੀਪਕ ਇੱਕ ਪੜ੍ਹਿਆ-ਲਿਖਿਆ ਅਤੇ ਖੁੱਲ੍ਹੇ ਵਿਚਾਰਾਂ ਵਾਲਾ ਇਨਸਾਨ ਹੈ। ਸਥਿਤੀ ਉਸ ਸਮੇਂ ਤਣਾਓਪੂਰਨ ਬਣ ਜਾਂਦੀ ਹੈ ਜਦੋਂ ਉਹ ਵਿਆਹ ਪ੍ਰਬੰਧ ਰਾਹੀਂ ਪਤੀ-ਪਤਨੀ ਰਿਸ਼ਤੇ ਵਿੱਚ ਬੱਝ ਜਾਂਦੇ ਹਨ ਤਾਂ ਦੀਪਕ ਪਤੀ ਵਜੋਂ ਸੁਧਾ ਉੱਪਰ ਆਪਣੀ ਮਰਦਾਵੀਂ ਧੌਂਸ ਜਮਾਉਂਦਾ ਹੋਇਆ ਸੁਧਾ ਨੂੰ ਆਪਣੀਆਂ ਖ਼ਾਹਿਸ਼ਾਂ ਛੱਡਣ ਅਤੇ ਉਸ ਦੀਆਂ ਜ਼ਰੂਰਤਾਂ ਦਾ ਖਿਆਲ ਰੱਖਣ ਲਈ ਦਬਾਅ ਪਾਉਣ ਲੱਗਦਾ ਹੈ :

"ਓ ਸੁਧਾ! ਮੇਰੇ ਪ੍ਰੈਸ ਵਾਲੇ ਕੱਪੜੇ ਧੋਬੀ ਕੋਲੋਂ ਮੰਗਵਾਏ ਨਹੀਂ? ਹੁਣ ਸਵੇਰੇ ਮੈਂ ਕੀ ਪਾ ਕੇ ਜਾਵਾਂਗਾ? ਸਿਰ ਤੇਰਾ?... ਪਤਾ ਨਹੀਂ ਧਿਆਨ ਕਿੱਧਰ ਰਹਿੰਦਾ?"[29]

ਪਿੱਤਰਕੀ ਸਮਾਜਿਕ ਵਿਵਸਥਾ ਵਿੱਚ ਪ੍ਰੇਮੀ ਦਾ ਪਤੀ ਵਿੱਚ ਰੂਪਾਂਤ੍ਰਣ ਅਸਲ ਵਿੱਚ ਸੱਤਾਹੀਣ ਦੀ ਸੱਤਾਪ੍ਰਾਪਤੀ ਹੋ ਨਿਬੜਦਾ ਹੈ ਕਿਉਂਕਿ ਔਰਤ ਜਦੋਂ ਪ੍ਰੇਮਿਕਾ ਤੋਂ ਪਤਨੀ ਵਿੱਚ ਬਦਲ ਜਾਂਦੀ ਹੈ ਤਾਂ ਉਹ ਪਤੀ ਦੀ ਜਾਇਦਾਦ ਦੀ ਇਕ ਵਸਤੂ ਵਿੱਚ ਰੂਪਾਂਤ੍ਰਿਤ ਹੋ ਜਾਂਦੀ ਹੈ। ਇਸ ਸੰਦਰਭ ਵਿੱਚ ਆਲੋਚਕ ਤਸਕੀਨ ਲਿਖਦਾ ਹੈ :

ਦੋਸਤ ਜਦੋਂ ਹੀ ਖ਼ਾਵੰਦ ਵਿੱਚ ਤਬਦੀਲ ਹੁੰਦਾ ਹੈ ਤਾਂ ਹਿਟਲਰ ਬਣ ਜਾਂਦਾ ਹੈ ਕਿਉਂਕਿ ਮਾਲਕ ਦੇ ਦਾਸੀ ਨਾਲ ਸਲੂਕ ਦੇ ਕਾਰਨਾਂ ਵਿੱਚ ਜਾਇਦਾਦ

ਦੀ ਸ਼ਮੂਲੀਅਤ ਵਿਰੋਧਤਾਈਆਂ ਨੂੰ ਜਨਮ ਦਿੰਦੀ ਹੈ। ਮਹਿਬੂਬਾ ਉੱਪਰ ਮਾਲਕੀ ਨਹੀਂ ਹੋ ਸਕਦੀ ਕਿਉਂਕਿ ਅਜੇ ਉਸਦੇ ਮਾਲਕ ਪਿਤਾ ਅਤੇ ਭਰਾ ਹੁੰਦੇ ਹਨ। ਪਤਨੀ ਬਣਨ 'ਤੇ ਉਹ ਘਰ ਵਿੱਚ ਸ਼ਾਮਿਲ ਹੁੰਦੀ ਹੈ ਅਤੇ ਘਰ ਦੀ ਜਾਇਦਾਦ ਵਿੱਚ ਉਹ ਇਕ ਵਸਤੂ ਵਾਂਗ ਪ੍ਰਵੇਸ਼ ਕਰਦਿਆਂ ਜਾਇਦਾਦ ਵਿੱਚ ਤਬਦੀਲ ਹੋ ਜਾਂਦੀ ਹੈ।[30]

ਪ੍ਰੇਮੀ ਤੋਂ ਪਤੀ ਬਣੇ ਦੀਪਕ ਦਾ ਬਦਲਿਆ ਹੋਇਆ ਵਤੀਰਾ ਸੁਧਾ ਦੇ ਆਤਮ ਸਨਮਾਨ 'ਤੇ ਸੱਟ ਮਾਰਦਾ ਹੈ। ਸੁਧਾ ਨੂੰ ਜਾਪਦਾ ਹੈ ਜਿਵੇਂ ਉਸਦਾ ਅਸਤਿਤਵ ਵਿਆਹ ਦੇ ਤਾਣੇ-ਬਾਣੇ ਵਿੱਚ ਹੀ ਸਿਮਟ ਕੇ ਰਹਿ ਗਿਆ ਹੋਵੇ। ਵਿਆਹ ਤੋਂ ਪਹਿਲਾਂ ਦੀਪਕ ਸਿਧਾਂਤਕ ਰੂਪ ਵਿਚ ਔਰਤ-ਮਰਦ ਦੇ ਬਰਾਬਰ ਅਧਿਕਾਰਾਂ ਦੀ ਪੁਰਜ਼ੋਰ ਹਮਾਇਤ ਕਰਦਾ ਹੈ ਪ੍ਰੰਤੂ ਵਿਆਹ ਉਪਰੰਤ ਉਹ ਪਿੱਤਰਸੱਤਾ ਦਾ ਸੰਚਾਲਕ ਬਣ ਕੇ ਸਾਹਮਣੇ ਆਉਂਦਾ ਹੈ। ਜਗੀਰੂ ਮਾਨਸਿਕਤਾ ਵਾਲੇ ਭਾਰਤੀ ਪਤੀ ਦੀ ਤਰ੍ਹਾਂ ਪਾਤਰ ਦੀਪਕ ਵੀ ਸੁਧਾ ਨੂੰ ਆਪਣੀ ਮਲਕੀਅਤ ਸਮਝ ਕੇ ਉਸਦਾ ਸਰੀਰਕ, ਮਾਨਸਿਕ ਸ਼ੋਸ਼ਣ ਕਰਦਾ ਹੈ। ਜਦੋਂ ਮੁੱਖ ਪਾਤਰ ਸੁਧਾ ਪਤੀ ਦੀਪਕ ਦੇ ਪੈਤਰਿਕ ਵਿਵਹਾਰ ਤੋਂ ਦੁਖੀ ਹੋ ਕੇ ਉਸ ਨਾਲੋਂ ਸਰੀਰਕ, ਮਾਨਸਿਕ ਰੂਪ ਵਿੱਚ ਇਕ ਵਿੱਥ ਬਣਾ ਲੈਂਦੀ ਹੈ ਤਾਂ ਦੀਪਕ ਉਸਨੂੰ ਨੀਵਾਂ ਦਿਖਾਉਣ ਲਈ ਉਸਦੇ ਅਵਤਾਰ ਨਾਲ ਰਹਿ ਚੁੱਕੇ ਪ੍ਰੇਮ ਸੰਬੰਧਾਂ ਦਾ ਮਿਹਣਾ ਮਾਰਦਾ ਹੈ :

"ਮੈਂ ਕਹਿ ਰਿਹਾ ਕਿ ਧਿਆਨ ਤਾਂ ਰਹਿੰਦਾ ਹੋਵੇਗਾ ਅਵਤਾਰ ਵਿੱਚ ਜਾਂ ਰਾਜ਼ੇਸ਼ ਵਿੱਚ....."

"ਮੈਂ ਤਾਂ ਨਾਂ ਹੀ ਲੈ ਰਿਹਾ ਹਾਂ ਤੈਂ ਉਹਦੇ ਕੋਲੋਂ ਪਤਾ ਨਹੀਂ ਕੀ ਕੀ ਲਿਆ ਹੋਣਾ।"[31]

ਪਤੀ ਦੀਪਕ ਦੀ ਔਰਤ ਨੂੰ ਘਟਾਉਣ ਵਾਲੀ ਪਿੱਤਰੀ ਸੋਚ ਸੁਧਾ ਨੂੰ ਅੰਦਰ ਤੱਕ ਝੰਜੋੜ ਦਿੰਦੀ ਹੈ :

ਕੁਝ ਚਿਰ ਤਾਂ ਸੁਧਾ ਨੂੰ ਯਕੀਨ ਹੀ ਨਾ ਆਇਆ, ਲੋਹਾ ਲਾਖਾ ਹੋਇਆ, ਉਹਦੀਆਂ ਅੱਖਾਂ ਸਾਹਮਣੇ ਖੜ੍ਹਾ ਇਹ ਬੰਦਾ ਕੌਣ ਸੀ? ਇਸ ਬੰਦੇ ਦੀ ਸ਼ਿਕਾਇਤ ਉਹ ਕਿਸ ਕੋਲ ਕਰੇ? ਦੀਪਕ ਕੋਲ? ਪਰ ਦੀਪਕ ਹੈ ਕਿੱਥੇ?[32]

ਇਸ ਤਰ੍ਹਾਂ ਇਹ ਕਹਾਣੀ ਪ੍ਰਚਲਿਤ ਵਿਆਹ ਸੰਸਥਾ ਹੇਠਲੀ ਉਸ ਪਿੱਤਰੀ ਰਾਜਨੀਤੀ ਨੂੰ ਰੂਪਮਾਨ ਕਰਦੀ ਹੈ ਜਿਹੜੀ ਪਤੀ-ਪਤਨੀ ਦੇ ਸੰਬੰਧਾਂ ਨੂੰ ਮਾਲਕ/ਦਾਸੀ ਦੇ ਰਿਸ਼ਤੇ ਵਿੱਚ ਤਬਦੀਲ ਕਰ ਦਿੰਦੀ ਹੈ। ਪਤੀ ਦੀ ਨਿਰੰਕੁਸ਼ ਸੱਤਾ ਹੇਠ ਆਰਥਿਕ ਤੌਰ 'ਤੇ ਨਿਰਭਰ ਅਤੇ ਆਜ਼ਾਦ ਖਿਆਲਾਂ ਵਾਲੀ ਪੜ੍ਹੀ-ਲਿਖੀ ਔਰਤ ਪਾਤਰ ਸੁਧਾ ਦਾ ਅਸਤਿਤਵ ਦੱਬ ਕੇ ਰਹਿ ਜਾਂਦਾ ਹੈ।

ਪਿੱਤਰਸੱਤਾਤਮਕ ਢਾਂਚੇ ਵਾਲੇ ਭਾਰਤੀ ਪੰਜਾਬੀ ਸਮਾਜ ਵਿੱਚ ਨਾਰੀ ਦੀ ਘਰ, ਪਰਿਵਾਰ ਵਿੱਚ ਹੋਂਦ ਉਸ ਦੁਆਰਾ ਪੁੱਤਰ ਸੰਤਾਨ ਦੀ ਪੈਦਾਇਸ਼ 'ਤੇ ਟਿਕੀ ਹੋਈ ਹੈ। ਜੇਕਰ ਉਹ ਅਜਿਹਾ ਕਰਨ ਤੋਂ ਅਸਮਰੱਥ ਰਹਿੰਦੀ ਹੈ ਤਾਂ ਸਹੁਰੇ ਘਰ ਵਿੱਚ ਉਸਦੀ ਸਥਿਤੀ ਤਰਸਯੋਗ ਹੋ ਜਾਂਦੀ ਹੈ। ਉਸਨੂੰ ਬਾਂਝ, ਨਿਕਰਮਣੀ, ਬਦਕਿਸਮਤ ਆਦਿ ਨਿੰਦਣਯੋਗ ਸ਼ਬਦਾਂ ਨਾਲ ਸੰਬੋਧਿਤ ਹੋ ਕੇ ਆਤਮਹੀਣਤਾ ਦਾ ਅਹਿਸਾਸ ਕਰਵਾਇਆ ਜਾਂਦਾ ਹੈ। ਪੁੱਤਰ ਪ੍ਰਾਪਤੀ ਦੀ ਅੰਨ੍ਹੀ ਲਾਲਸਾ ਕਾਰਨ ਉਸ ਨੂੰ ਕਈ ਵਾਰ ਗਰਭ ਟੈਸਟ ਕਰਵਾਉਣ ਲਈ ਮਜ਼ਬੂਰ ਕੀਤਾ ਜਾਂਦਾ ਹੈ। ਉਸਦੀ ਕੁੱਖ ਵਿੱਚ ਪਲ ਰਹੇ ਮਾਦਾ ਭਰੂਣ ਦਾ ਪਤਾ ਲੱਗਣ ਤੇ ਉਸ ਉੱਤੇ ਭਰੂਣ ਹੱਤਿਆ ਕਰਨ ਲਈ ਦਬਾਅ ਪਾਇਆ ਜਾਂਦਾ ਹੈ। ਅਜਿਹੀ ਦੁਖਾਂਤਕ ਸਥਿਤੀ ਵਿੱਚ ਫਸੀ ਹੋਈ ਔਰਤ ਸਹੁਰੇ ਪਰਿਵਾਰ ਵਿੱਚ ਆਪਣੀ ਹੋਂਦ ਬਰਕਰਾਰ ਰੱਖਣ ਲਈ ਨਾ ਚਾਹੁੰਦਿਆਂ ਹੋਇਆ ਵੀ ਆਪਣੀ ਕੁੱਖ ਵਿੱਚ ਪਲ ਰਹੀ ਬੱਚੀ ਦਾ ਕਤਲ ਕਰਵਾਉਣ ਲਈ ਸਹਿਮਤ ਹੋ ਜਾਂਦੀ ਹੈ। 'ਲਾਲਸਾ' ਕਹਾਣੀ ਵਿੱਚ ਕਹਾਣੀਕਾਰ ਨਿਰਮਲ ਜਸਵਾਲ ਜਿੱਥੇ ਆਧੁਨਿਕ ਦੌਰ ਵਿੱਚ ਗੰਭੀਰ ਰੂਪ ਧਾਰਨ ਕਰ ਚੁੱਕੀ 'ਮਾਦਾ ਭਰੂਣ ਹੱਤਿਆ' ਦੀ ਸਮੱਸਿਆ ਨੂੰ ਉਜਾਗਰ ਕਰਦੀ ਹੈ, ਉੱਥੇ ਨਾਲ ਹੀ ਸਹੁਰੇ ਘਰ, ਪਰਿਵਾਰ ਵਿੱਚ ਇਸ ਗੁਨਾਹ ਨੂੰ ਕਰਨ ਲਈ ਮਜ਼ਬੂਰ ਕੀਤੀ ਜਾ ਰਹੀ ਔਰਤ (ਮਾਂ) ਦੀ ਮਾਨਸਿਕ ਪੀੜਾ ਨੂੰ ਵੀ ਅਭਿਵਿਅਕਤ ਕਰਦੀ ਹੈ। ਕਹਾਣੀ ਦੀ ਮੁੱਖ ਪਾਤਰ ਨੀਲੀ ਆਪਣੇ ਪਤੀ ਅਤੇ ਸਹੁਰੇ ਪਰਿਵਾਰ ਦੇ ਦਬਾਅ ਹੇਠ ਪਹਿਲਾਂ ਦੋ ਵਾਰ ਲਿੰਗ ਨਿਰਧਾਰਤ ਟੈਸਟ ਕਰਵਾ ਕੇ ਅਬਾਰਸ਼ਨ ਕਰਵਾ ਚੁੱਕੀ ਹੈ ਅਤੇ ਜਦੋਂ ਉਹ ਤੀਸਰੀ ਵਾਰ ਗਰਭ ਧਾਰਨ ਕਰਦੀ ਹੈ ਤਾਂ ਪਤੀ ਦੁਆਰਾ ਉਸ ਉਪਰ ਨਿਰੰਤਰ 'ਫੀਟਸ ਟੈਸਟ' ਲਈ ਦਬਾਅ ਪਾਇਆ ਜਾਂਦਾ ਹੈ। ਪਾਤਰ ਵਰਿੰਦਰ ਭਾਵੇਂ ਮਰਚੈਂਟ ਨੇਵੀ ਵਿੱਚ ਅਫ਼ਸਰ ਹੈ ਪ੍ਰੰਤੂ ਉੱਚ ਸਿੱਖਿਆ ਪ੍ਰਾਪਤ ਹੋਣ ਦੇ ਬਾਵਜੂਦ ਉਹ ਕੁੜੀ/ਮੁੰਡੇ ਵਿਚਲੀ ਲਿੰਗਕ ਵਿਤਕਰੇ ਵਾਲੀ ਪਿੱਤਰਕੀ ਸੋਚ ਨੂੰ ਪ੍ਰਣਾਇਆ ਹੋਇਆ ਹੈ। ਵਰਿੰਦਰ ਬੇਸ਼ੱਕ ਨੀਲੀ ਅਤੇ ਆਪਣੀਆਂ ਦੋ ਧੀਆਂ ਨੂੰ ਬੇਹੱਦ ਪਿਆਰ ਕਰਦਾ ਹੈ ਪ੍ਰੰਤੂ ਉਹ ਮਾਂ ਰੂਪ ਵਿੱਚ ਨੀਲੀ ਦੀਆਂ ਸੂਖ਼ਮ ਭਾਵਨਾਵਾਂ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕਰਦਾ ਉਲਟਾ ਉਸ ਲਈ ਤਾਂ ਭਰੂਣ ਹੱਤਿਆ ਦਾ ਕਾਰਜ ਸਹਿਜ ਅਤੇ ਔਰਤ ਦੀ ਜ਼ਿੰਦਗੀ ਵਿੱਚ ਘਟਿਤ ਹੋਣ ਵਾਲਾ ਆਮ ਵਰਤਾਰਾ ਹੈ :

> 'ਇਹ ਸਭ ਸਹਿਜ ਏ, ਨਾਰਮਲ ਏ, ਸਾਰੀਆਂ ਔਰਤਾਂ ਕਰਵਾਉਂਦੀਆਂ ਨੇ,
> ਤੂੰ ਅਨੋਖੀ ਨੀ ਹੈਗੀ।'[33]

ਦੂਜੇ ਪਾਸੇ ਮੁੱਖ ਪਾਤਰ ਨੀਲੀ ਲਈ ਆਪਣੀ ਕੁੱਖ ਵਿੱਚ ਪਲ ਰਹੇ ਬੱਚੇ ਨੂੰ ਆਪਣੇ ਹੱਥੀਂ ਟੁਕੜੇ-ਟੁਕੜੇ ਕਰਵਾਉਣ ਉਪਰੰਤ ਡੂੰਘੀ ਮਾਨਸਿਕ ਪੀੜਾ ਨੂੰ ਝੱਲਣਾ ਔਖਾ ਅਤੇ ਗ਼ੈਰ-ਕੁਦਰਤੀ ਕਾਰਜ ਹੈ। ਪਰ ਸਥਿਤੀ ਦਾ ਦੁਖਾਂਤ ਇਹ ਹੈ ਕਿ ਔਰਤ ਦੀ ਇਸ ਪੀੜਾ ਨੂੰ ਨਾ ਤਾਂ ਪਿੱਤਰਕੀ ਸਮਾਜ ਦਾ ਨੁਮਾਇੰਦਾ ਮਰਦ ਪਾਤਰ

ਵਰਿੰਦਰ ਹੀ ਸਮਝ ਸਕਦਾ ਹੈ ਨਾ ਹੀ ਦੂਸਰੀਆਂ ਪਿੱਤਰਕੀ ਧਿਰਾਂ। ਨੀਲੀ ਗਰਭ ਵਿੱਚ ਪਲ ਰਹੇ ਬੱਚੇ ਨਾਲ ਮਾਂ ਦੀ ਭਾਵੁਕ ਸਾਂਝ ਦਾ ਤਰਕ ਦਿੰਦੀ ਹੈ :

> ਜਿਸਮ ਦੇ ਅੰਦਰ ਜਿਸਮ ਨੂੰ ਸੰਭਾਲਣਾ ਕਿਤੇ ਸੁਖਾਲਾ ਹੈ? ਫੇਰ ਉਸ ਜਿਸਮ ਨੂੰ ਟੁਕੜਿਆਂ 'ਚ ਢਾਲ ਦੇਣਾ ਕਿਤੇ ਸਧਾਰਨ ਹੈ, ਨਾਰਮਲ ਹੈ ਇਹ? ਕੋਈ ਨਹੀਂ ਸਮਝਦਾ ਇਸ ਘਰ 'ਚ? ਉਤੋਂ ਸੱਸ ਮਜ਼ਾਕ ਕਰਦੀ ਹੈ-'ਵੇਖ ਤਾਂ-ਦੋ ਆਬਰਸ਼ਨ ਹੀ ਭਾਰੇ ਪੈ ਰਹੇ ਹਨ। ਪਰ ਮੈਂ ਥੱਕ ਗਈ ਹਾਂ।'[34]

ਕਹਾਣੀ ਵਿੱਚ ਪਾਤਰ ਸੱਸ ਪਿੱਤਰਕੀ ਪ੍ਰਬੰਧ ਦੀ ਨੁਮਾਇੰਦਾ ਵਜੋਂ ਉੱਭਰ ਕੇ ਸਾਹਮਣੇ ਆਉਂਦੀ ਹੈ। ਪੈਤਰਿਕ ਮਾਨਸਿਕਤਾ ਕਾਰਨ ਉਹ ਆਪਣੀ ਨੂੰਹ ਨੀਲੀ ਨੂੰ ਘਰ ਦਾ ਵਾਰਿਸ 'ਪੁੱਤਰ' ਪੈਦਾ ਕਰਨ ਲਈ ਮਜ਼ਬੂਰ ਕਰਦੀ ਹੈ ਚਾਹੇ ਇਸ ਲਈ ਉਸ ਨੂੰ ਕਿਸੇ ਵੀ ਦੋਜ਼ਖ ਵਿੱਚੋਂ ਕਿਉਂ ਨਾ ਲੰਘਣਾ ਪਵੇ। ਦੂਜੇ ਪਾਸੇ ਮੁੱਖ ਪਾਤਰ ਨੀਲੀ ਜਿਹੀ ਚੇਤੰਨ ਔਰਤ ਲਈ ਇਹ ਸਭ ਕੁਝ ਚੁੱਪ-ਚਾਪ ਬਰਦਾਸ਼ਤ ਕਰਨ ਯੋਗ ਨਹੀਂ। ਉਹ ਆਪਣੇ ਮਨ ਵਿੱਚ ਗਰਭ ਟੈਸਟ ਨਾ ਕਰਾਉਣ ਦਾ ਫੈਸਲਾ ਕਰਦੀ ਹੈ :

> ਘਰ 'ਚ ਕਿਸ ਚੀਜ਼ ਦੀ ਕਮੀ ਆ? ਦੋ ਦੋ ਕੋਠੀਆਂ, ਕਾਰਾਂ, ਖਾਣ-ਪੀਣ ਦੀ ਕੋਈ ਕਮੀ ਨਹੀਂ, ਪੜ੍ਹੀ-ਲਿਖੀ ਹਾਂ, ਕੀ ਇੰਨਾ ਫੈਸਲਾ ਵੀ ਮੇਰਾ ਨਹੀਂ?[35]

ਪ੍ਰੰਤੂ ਉਸਦਾ ਇਹ ਇਰਾਦਾ ਉਸ ਸਮੇਂ ਢਹਿ-ਢੇਰੀ ਹੋ ਜਾਂਦਾ ਹੈ ਜਦੋਂ ਪਤੀ ਵਰਿੰਦਰ ਗੁੱਸੇ ਵਿੱਚ ਉਸ ਵੱਲੋਂ ਪਾਸਾ ਵੱਟ ਲੈਂਦਾ ਹੈ। ਪਤੀ ਦੀ ਬੇਰੁਖ਼ੀ ਅਤੇ ਬੇਮੁਖ਼ਤਾ ਕਾਰਨ ਮੁੱਖ ਪਾਤਰ ਨੀਲੀ ਬੇਚੈਨ ਹੋ ਜਾਂਦੀ ਹੈ। ਦਵੰਦਾਤਮਕ ਸਥਿਤੀ ਵਿੱਚ ਗੁਜ਼ਰਦਿਆਂ ਨੀਲੀ ਨੂੰ ਸਹੁਰੇ ਘਰ ਵਿੱਚ ਆਪਣੀ ਤੇ ਆਪਣੀਆਂ ਦੋਵਾਂ ਧੀਆਂ ਦੀ ਹੋਂਦ ਅਤੇ ਅਸਤਿਤਵੀ ਪਛਾਣ ਖ਼ਤਮ ਹੋਣ ਦਾ ਡਰ ਸਤਾਉਣ ਲੱਗਦਾ ਹੈ। ਉਸਨੂੰ ਆਪਣੀ ਮਾਂ ਦੇ ਵਿਦਾਈ ਸਮੇਂ ਕਹੇ ਬੋਲ ਯਾਦ ਆਉਂਦੇ ਹਨ :

> 'ਧੀਏ ਰੱਜਵੇਂ ਘਰ 'ਚ ਜਾ ਰਹੀ ਹੈਂ ਘਰ ਨੂੰ ਰੱਜਵਾਂ ਰੱਖੀਂ, ਜਿਵੇਂ ਉਹ ਕਹਿਣ ਉਵੇਂ ਹੀ ਕਰੀਂ, ਤੇਰੇ ਸੁਖ ਲਈ ਕੋਈ ਕਮੀ ਨਹੀਂ ਉਥੇ।'[36]

ਦਰਅਸਲ ਸਹੁਰੇ ਘਰ ਵਿੱਚ ਆਪਣੀ ਅਧੀਨਤਾ ਨੂੰ ਸਵੀਕਾਰਨਾ, ਪਤੀ ਅਤੇ ਪਰਿਵਾਰ ਦੀਆਂ ਖ਼ੁਸ਼ੀਆਂ ਲਈ ਕੁਰਬਾਨੀ ਦੇਣਾ, ਸਹੁਰਿਆਂ ਦੇ ਚੰਗੇ-ਮਾੜੇ ਫੈਸਲਿਆਂ ਨੂੰ ਖਿੜ੍ਹੇ-ਮੱਥੇ ਪ੍ਰਵਾਨ ਕਰਨਾ ਆਦਿ ਅਜਿਹੀਆਂ ਸਭਿਆਚਾਰਕ ਤਾਕੀਦਾਂ ਹਨ ਜੋ ਪਿੱਤਰਤੰਤਰੀ ਸਮਾਜ ਵਿੱਚ ਨਾਰੀ ਨੂੰ ਕਮਜ਼ੋਰ ਸੈਕਸ ਦੇ ਤੌਰ 'ਤੇ

ਪਰਿਭਾਸ਼ਤ ਕਰਦੀਆਂ ਹਨ। ਕਹਾਣੀ ਦੇ ਅੰਤ ਵਿੱਚ ਜਦੋਂ ਮੁੱਖ ਪਾਤਰ ਨੀਲੀ ਦੋ ਜੋੜੇ ਬੱਚਿਆਂ (ਮੁੰਡੇ ਅਤੇ ਕੁੜੀ) ਨੂੰ ਜਨਮ ਦਿੰਦੀ ਹੈ ਤਾਂ ਨੀਲੀ ਦੀ ਸੱਸ ਮੁੰਡਾ ਜੰਮਣ ਦੀ ਖ਼ੁਸ਼ੀ ਵਿੱਚ ਮਿਠਾਈਆਂ ਤੇ ਸ਼ਗਨ ਵੰਡਦੀ ਹੈ ਪਰ ਮੁੰਡੇ ਦੇ ਨਾਲ ਹੀ ਪੈਦਾ ਹੋਈ ਕੁੜੀ ਦੀ ਹੋਂਦ ਦਾ ਪਰਿਵਾਰ ਨੂੰ ਅਹਿਸਾਸ ਤੱਕ ਨਹੀਂ ਹੁੰਦਾ। ਇਸ ਤਰ੍ਹਾਂ ਕਹਾਣੀਕਾਰ ਇਸ ਕਹਾਣੀ ਰਾਹੀਂ ਪਿੱਤਰਕੀ ਸਮਾਜਿਕ ਪ੍ਰਬੰਧ ਦੀ ਕੁੜੀ/ਮੁੰਡੇ ਵਿਚਲੇ ਲਿੰਗਕ ਭੇਦਭਾਵ ਅਤੇ ਵਿਤਕਰੇ ਵਾਲੀ ਸੋਚ ਤੇ ਅੰਕੁਸ਼ ਲਾਉਂਦੀ ਹੈ ਜਿਹੜੀ 21ਵੀਂ ਸਦੀ ਵਿੱਚ ਵੀ ਬਦਲ ਨਹੀਂ ਰਹੀ।

ਅਜੋਕੇ ਨਵ-ਪੂੰਜੀਵਾਦੀ ਅਤੇ ਪਿੱਤਰਕੀ ਸਮਾਜਿਕ ਢਾਂਚੇ ਵਿੱਚ ਵਿਆਹ ਸੰਸਥਾ ਇਕ ਵਪਾਰਕ ਸੌਦੇ ਦੇ ਰੂਪ ਵਿੱਚ ਪਰਵਰਤਿਤ ਹੋ ਗਈ ਹੈ ਜਿਸ ਵਿੱਚ ਮੁੰਡੇ/ਕੁੜੀ ਦੀ ਬੋਲੀ ਲਗਾਈ ਜਾਂਦੀ ਹੈ। ਮੁੰਡੇ ਵਾਲੀ ਧਿਰ ਕੁੜੀ ਵਾਲਿਆਂ ਤੋਂ ਵੱਧ ਤੋਂ ਵੱਧ ਧਨ ਰਾਸ਼ੀ ਜਾਂ ਹੋਰ ਦੁਨਿਆਵੀ ਸੁੱਖ ਸਹੂਲਤ ਦੀ ਸਿੱਧੇ/ਅਸਿੱਧੇ ਰੂਪ ਵਿੱਚ ਮੰਗ ਕਰਦੀ ਹੈ। ਇਸ ਸਮਝੌਤੇ ਵਿੱਚ ਲੜਕੀ ਦਾ ਸੁਤੰਤਰ ਅਸਤਿਤਵ ਇਕ ਵਪਾਰਕ ਵਸਤੂ ਵਿੱਚ ਵੱਟ ਕੇ ਰਹਿ ਜਾਂਦਾ ਹੈ। ਪੈਸਾ ਕੇਂਦਰਿਤ ਮਾਨਸਿਕਤਾ ਕਾਰਨ ਪੜ੍ਹਿਆ-ਲਿਖਿਆ ਵਰਗ ਵੀ ਇਸ ਕੁਪ੍ਰਥਾ ਨੂੰ ਖ਼ਤਮ ਕਰਨ ਦੀ ਬਜਾਇ ਕਈ ਵਾਰ ਖ਼ੁਦ ਇਸਨੂੰ ਬੜ੍ਹਾਵਾ ਦੇਣ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ। ਲੜਕੀ ਭਾਵੇਂ ਪੜ੍ਹੀ-ਲਿਖੀ, ਨੌਕਰੀ ਪੇਸ਼ਾ ਅਤੇ ਘਰੇਲੂ ਕੰਮ-ਕਾਜ ਵਿੱਚ ਸਰਵਗੁਣ ਸੰਪੰਨ ਹੋਵੇ ਤਾਂ ਵੀ ਮੰਗ ਪੂਰੀ ਨਾ ਹੋਣ ਤੇ ਉਸਦੇ ਇਹਨਾ ਗੁਣਾਂ ਨੂੰ ਅੱਖੋ-ਪਰੋਖੇ ਕਰ ਦਿੱਤਾ ਜਾਂਦਾ ਹੈ। ਦੂਜੇ ਪਾਸੇ ਮਾਪੇ ਆਪਣੇ ਧੀ ਨੂੰ ਰੱਜੇ-ਪੁੱਜੇ ਘਰ ਵਿਆਹੁਣ ਲਈ ਮੁੰਡੇ ਵਾਲੀ ਧਿਰ ਨਾਲ ਸੌਦਾ ਕਰਨ ਲਈ ਤਿਆਰ ਹੋ ਜਾਂਦੇ ਹਨ। ਕਈ ਵਾਰ ਵਿਆਹ ਤੋਂ ਪਹਿਲਾਂ ਦਾਜ ਦੀ ਮੰਗ ਪੂਰੀ ਨਾ ਹੋਣ ਕਾਰਨ ਰਿਸ਼ਤਾ ਤੋੜ ਦਿੱਤਾ ਜਾਂਦਾ ਹੈ ਅਤੇ ਕਈ ਵਾਰ ਵਿਆਹ ਉਪਰੰਤ ਲੜਕੀਆਂ ਨੂੰ ਦਾਜ ਨਾ ਲਿਆਉਣ ਦੀ ਸੂਰਤ ਵਿੱਚ ਦਾਜ ਦੀ ਬਲੀ ਚੜ੍ਹਾ ਦਿੱਤਾ ਜਾਂਦਾ ਹੈ। ਦਾਜ ਦੀ ਇਸ ਕੁਪ੍ਰਥਾ ਦੀਆਂ ਸ਼ਿਕਾਰ ਲੜਕੀਆਂ ਦੇ ਦੁਖਾਂਤ ਨੂੰ ਰਸ਼ਪਿੰਦਰ ਰਸ਼ਿਮ 'ਜਿਨ੍ਹਾਂ ਦਮ ਨਾ ਤਾਰੇ' ਕਹਾਣੀ ਵਿੱਚ ਪੇਸ਼ ਕਰਦੀ ਹੈ। ਕਹਾਣੀਕਾਰ ਨੇ ਇਸ ਕਹਾਣੀ ਨੂੰ ਚਾਰ ਹਿੱਸਿਆਂ ਵਿੱਚ ਵੰਡ ਕੇ ਚਾਰ ਵੱਖ-ਵੱਖ ਵਰਗ ਦੀਆਂ ਔਰਤਾਂ ਦੀ ਤ੍ਰਾਸਦੀ ਨੂੰ ਪੇਸ਼ ਕੀਤਾ ਹੈ ਜਿਸਦਾ ਕਾਰਨ ਦਾਜ ਦੀ ਸਮੱਸਿਆ ਨਾਲ ਜੁੜਿਆ ਹੋਇਆ ਹੈ। ਪਹਿਲੇ ਹਿੱਸੇ ਵਿੱਚ ਨਿਮਨ ਕਿਸਾਨੀ ਪਰਿਵਾਰ ਨਾਲ ਸੰਬੰਧਿਤ ਲੜਕੀ ਦੇ ਦੁਖਾਂਤ ਨੂੰ ਪੇਸ਼ ਕੀਤਾ ਗਿਆ ਹੈ। ਇਸ ਕਹਾਣੀ ਦੀ ਮੁੱਖ ਪਾਤਰ ਖ਼ੂਬਸੂਰਤ ਅਤੇ ਸੁਘੜ, ਸੁਸ਼ੀਲ ਲੜਕੀ ਹੈ ਜਿਸਨੂੰ ਉਸਦਾ ਮੰਗੇਤਰ ਇਸ ਲਈ ਛੱਡ ਦਿੰਦਾ ਹੈ ਕਿਉਂਕਿ ਲੜਕੀ ਦੇ ਮਾਪੇ ਉਹਨਾਂ ਦੀ ਮੰਗ ਪੂਰੀ ਕਰਨ ਤੋਂ ਅਸਮਰੱਥ ਸਨ :

> ...ਸੁਨੇਹਾ ਭਿਜਵਾਇਓ ਸੂ ਅਖੇ ਸਾਨੂੰ ਪੰਜ ਹਜ਼ਾਰ ਵਿਦਾਇਗੀ ਦੇਣ ਵਾਲਾ
> ਰਿਸ਼ਤਾ ਮਿਲਦਾ ਏ। ਜੇ ਤੁਸੀਂ ਦੇ ਸਕਦੇ ਓ ਤਾਂ ਇਹ ਰਿਸ਼ਤਾ ਅਸੀਂ ਮੋੜ

> ਦਿੰਦੇ ਹਾਂ, ਨਹੀਂ ਤੇ ਵਾਹ ਭਲੀ। ਹੁਣ ਤੂੰਹਿਓ ਦੱਸ, ਸਾਡੇ 'ਚ ਏਡੀ ਤੌਫ਼ੀਕ ਹੈ।[37]

ਮਾਪਿਆਂ ਦੀ ਗੁਰਬਤ ਅਤੇ ਮਜ਼ਬੂਰੀ ਮੁੱਖ ਪਾਤਰ ਨੂੰ ਅਪਾਹਜ ਮਰਦ ਨਾਲ ਵਿਆਹ ਕਰਵਾਉਣ ਲਈ ਮਜ਼ਬੂਰ ਕਰ ਦਿੰਦੀ ਹੈ। ਦੂਜੀ ਕਹਾਣੀ ਵਿਚਲੀ ਮੁੱਖ ਪਾਤਰ ਦੀ ਆਪਣੇ ਪ੍ਰੇਮੀ ਨਾਲ ਵਿਆਹ ਕਰਾਉਣ ਦੀ ਇੱਛਾ ਇਸ ਕਰਕੇ ਸੰਪੂਰਨ ਨਹੀਂ ਹੁੰਦੀ ਕਿਉਂਕਿ ਪ੍ਰੇਮੀ ਲੜਕੇ ਦੇ ਮਾਪੇ ਦਾਜ ਦੀ ਲਿਸਟ ਉਸ ਦੇ ਘਰ ਭੇਜ ਦਿੰਦੇ ਹਨ। ਮੁੱਖ ਪਾਤਰ ਨੂੰ ਜਦੋਂ ਇਹ ਪਤਾ ਲਗਦਾ ਹੈ ਕਿ ਦਾਜ ਦੀ ਮੰਗ ਵਿੱਚ ਉਸਦੇ ਪ੍ਰੇਮੀ ਦੀ ਆਪਣੀ ਕੋਈ ਸ਼ਰਤ ਜਾਂ ਦਖ਼ਲ ਨਹੀਂ ਪਰ ਉਹ ਆਪਣੇ ਮਾਪਿਆਂ ਦੀ ਲਾਲਚੀ ਪ੍ਰਵਿਰਤੀ ਦਾ ਵਿਰੋਧ ਕਰਨ ਦੀ ਹਿੰਮਤ ਨਹੀਂ ਰੱਖਦਾ ਤਾਂ ਉਹ ਖ਼ੁਦ ਅਜਿਹੇ ਮੁੰਡੇ ਨਾਲ ਵਿਆਹ ਕਰਨ ਤੋਂ ਇਨਕਾਰੀ ਹੋ ਜਾਂਦੀ ਹੈ। ਦੂਜੀ ਕਹਾਣੀ ਵਿਚਲੀ ਮੁੱਖ ਪਾਤਰ ਇਕ ਚੇਤੰਨ ਔਰਤ ਵਜੋਂ ਉੱਭਰ ਕੇ ਸਾਹਮਣੇ ਆਉਂਦੀ ਹੈ। ਆਪਣੇ ਸਵੈਮਾਨ ਨੂੰ ਬਰਕਰਾਰ ਰੱਖਦੀ ਹੋਈ ਉਹ ਹੀਰਿਆਂ ਦੇ ਵਪਾਰੀ ਨਾਲ ਵਿਆਹ ਕਰਵਾ ਲੈਂਦੀ ਹੈ ਜਿਹੜਾ ਕਿ ਆਪਣੀ ਪਤਨੀ ਦੀ ਮੌਤ ਤੋਂ ਬਾਅਦ ਬੱਚਿਆਂ ਦੀ ਦੇਖਭਾਲ ਲਈ ਚੰਗੀ ਔਰਤ ਦੀ ਭਾਲ ਵਿੱਚ ਸੀ। ਏਸੇ ਤਰ੍ਹਾਂ ਤੀਜੇ ਹਿੱਸੇ ਵਿੱਚ ਇੱਕ ਲੜਕਾ ਲੜਕੀ ਨੂੰ ਬੇਹੱਦ ਪਿਆਰ ਕਰਦਾ ਹੈ ਪਰ ਜਦੋਂ ਉਹ ਡਾਕਟਰ ਬਣ ਜਾਂਦਾ ਹੈ ਤਾਂ ਆਰਥਿਕ ਥੁੜਾਂ ਅਤੇ ਮਜ਼ਬੂਰੀਆਂ ਦਾ ਪੱਲਾ ਛਾੜ ਕੇ ਉਹ ਘਰਦਿਆ ਦੀ ਮਰਜ਼ੀ ਅਨੁਸਾਰ ਅਮਰੀਕਾ ਵੱਸਦੀ ਕੁੜੀ ਨਾਲ ਵਿਆਹ ਕਰਵਾ ਲੈਂਦਾ ਹੈ। ਕਹਾਣੀ ਦੇ ਆਖਰੀ ਭਾਗ ਵਿੱਚ ਕਹਾਣੀਕਾਰ ਉਸ ਸੰਵੇਦਨਸ਼ੀਲ ਲੜਕੀ ਦੀ ਤ੍ਰਾਸਦੀ ਦਾ ਵਰਣਨ ਕਰਦੀ ਹੈ ਜਿਹੜੀ ਇਕ ਸ਼ਾਇਰ ਨਾਲ ਪਿਆਰ ਕਰਦੀ ਹੈ ਪਰ ਉਸ ਸ਼ਾਇਰ ਦੀ ਸ਼ੁਹਰਤ ਤੇ ਸਮਾਜੀ ਰੁਤਬਾ ਉਹਨਾਂ ਦੇ ਆਪਸੀ ਸੰਬੰਧਾਂ ਵਿੱਚ ਸੰਕਟ ਬਣ ਜਾਂਦਾ ਹੈ। ਲੇਖਿਕਾ ਨੇ ਉਪਰੋਕਤ ਔਰਤਾਂ ਦੀ ਪਛਾਣ ਵਿਅਕਤੀ ਵਿਸ਼ੇਸ਼ ਵਜੋਂ ਨਹੀਂ ਸਗੋਂ ਇਹਨਾਂ ਨੂੰ ਗੁੰਮਨਾਮ ਰੱਖ ਕੇ, ਖੇਤੀ ਵਰਗ, ਪੜ੍ਹੇ-ਲਿਖੇ ਅਤੇ ਨੌਕਰੀ ਪੇਸ਼ਾ ਵਰਗ ਤੇ ਲੇਖਕ ਵਰਗ ਵਜੋਂ ਕਰਵਾਈ ਹੈ। ਅਸਲ ਵਿੱਚ ਦਾਜ ਦੀ ਸਮੱਸਿਆ ਕਿਸੇ ਇਕ ਔਰਤ ਦੀ ਸਮੱਸਿਆ ਨਹੀਂ ਬਲਕਿ ਇਹ ਸਾਰੇ ਵਰਗ ਦੀਆਂ ਔਰਤਾਂ ਦੀ ਸਾਂਝੀ ਸਮੱਸਿਆ ਹੈ। ਆਰਥਿਕ ਨਾ ਬਰਾਬਰੀ ਕਾਰਣ ਇਹ ਔਰਤਾਂ ਮਰਦ ਵਾਲੀ ਧਿਰ ਵੱਲੋਂ ਨਕਾਰੀਆਂ (ਰਿਜੈਕਟ) ਕੀਤੀਆਂ ਜਾਂਦੀਆਂ ਹਨ। ਇਸ ਤਰ੍ਹਾਂ ਇਹ ਕਹਾਣੀਆਂ ਇਹ ਦਰਸਾਉਂਦੀਆਂ ਹਨ ਕਿ ਜਦੋਂ ਤੱਕ ਆਰਥਿਕ ਸਥਿਤੀ ਵਿੱਚ ਔਰਤ ਮਰਦ ਤੋਂ ਨੀਵੀਂ ਹੈ ਜਾਂ ਉਸ ਉੱਪਰ ਆਸ਼ਰਿਤ ਹੈ, ਉਸ ਸਮੇਂ ਤੱਕ ਉਸ ਦਾ ਨਕਾਰਨਾ ਜਾਂ ਉਸਦਾ ਸ਼ੋਸ਼ਣ ਜਾਰੀ ਰਹੇਗਾ।

ਨਿਰਮਲ ਜਸਵਾਲ ਦੀ 'ਗੂੰਗੀਆਂ' ਕਹਾਣੀ ਇਸ ਤੱਥ ਨੂੰ ਅਗਰਭੂਮਿਤ ਕਰਦੀ ਹੈ ਕਿ ਪਿੱਤਰਸੱਤਾਤਮਕ ਸਮਾਜਿਕ ਢਾਂਚੇ ਵਿੱਚ ਔਰਤ ਕੇਵਲ ਮਰਦ ਸੱਤਾ ਰਾਹੀਂ ਹੀ ਦਾਮਨਿਤ ਨਹੀਂ ਹੁੰਦੀ

ਬਲਕਿ ਪਿੱਤਰੀ ਪ੍ਰਬੰਧ ਦੇ ਹੱਕ ਵਿੱਚ ਭੁਗਤਣ ਵਾਲੀ ਔਰਤ ਦੇ ਪਿੱਤਰਸੱਤਾਤਮਕ ਵਿਵਹਾਰ ਅਤੇ ਪੈਤਰਿਕ ਸੋਚ ਰਾਹੀਂ ਵੀ ਸ਼ੋਸ਼ਿਤ ਹੁੰਦੀ ਦਿਖਾਈ ਦਿੰਦੀ ਹੈ। ਕਹਾਣੀ ਵਿਚਲੀ ਪਾਲ ਕੌਰ ਨਾਂ ਦੀ ਔਰਤ ਪਾਤਰ ਪਿੱਤਰਸੱਤਾ ਦੀ ਨੁਮਾਇੰਦਗੀ ਕਰਨ ਵਾਲੀ ਧਿਰ ਵਜੋਂ ਉੱਭਰ ਕੇ ਸਾਹਮਣੇ ਆਉਂਦੀ ਹੈ ਜਿਹੜੀ ਕਿ ਆਪਣੇ ਨਾਲ ਹੀ ਐਨ.ਬੀ.ਟੀ. ਸੰਸਥਾ ਵਿੱਚ ਕੰਮ ਕਰ ਰਹੀਆਂ ਸਹਿਕਰਮੀ ਸਾਥਣਾਂ ਨੂੰ ਹਾਸ਼ੀਏ 'ਤੇ ਰਹਿਣ ਲਈ ਮਜ਼ਬੂਰ ਕਰ ਦਿੰਦੀ ਹੈ। ਦੂਜੇ ਪਾਸੇ ਸ਼ੋਸ਼ਿਤ ਹੋ ਰਹੀ ਧਿਰ ਨਾਲ ਸੰਬੰਧਿਤ ਔਰਤ ਪਾਤਰਾਂ ਨੀਤੂ, ਸ਼ੀਲੂ ਅਤੇ ਗੀਤੂ ਦਾ ਅਸਤਿਤਵ ਆਪਣੀ ਸੀਨੀਅਰ ਪਾਲ ਕੌਰ ਦੇ ਰੋਹਬ ਅਤੇ ਦਬਦਬੇ ਹੇਠ ਇਸ ਕਦਰ ਦੱਬ ਜਾਂਦਾ ਹੈ ਕਿ ਉਹ ਪਾਲ ਕੌਰ ਦੁਆਰਾ ਆਪਣੇ ਭ੍ਰਿਸ਼ਟ ਸਾਥੀ ਮਰਦ ਅਫ਼ਸਰ ਨਾਲ ਮਿਲ ਕੇ ਫੈਲਾਏ ਜਾ ਰਹੇ ਭ੍ਰਿਸ਼ਟਾਚਾਰ ਨੂੰ ਦੇਖ ਕੇ ਵੀ ਉਹਨਾਂ ਵਿਰੁੱਧ ਕੋਈ ਆਵਾਜ਼ ਨਹੀਂ ਉਠਾਉਂਦੀਆਂ। ਕਹਾਣੀ ਵਿੱਚ ਬਿਰਤਾਂਤਕਾਰ ਇਕ ਚੇਤੰਨ ਔਰਤ ਵਜੋਂ ਤੀਜੀ ਧਿਰ ਦੇ ਰੂਪ ਵਿੱਚ ਸਾਹਮਣੇ ਆਉਂਦੀ ਹੈ ਜਿਹੜੀ ਪਾਲ ਕੌਰ ਦੇ ਪੈਤਰਿਕ ਰਵੱਈਏ ਨੂੰ ਚੁਣੌਤੀ ਦਿੰਦੀ ਹੈ। ਬਿਰਤਾਂਤਕਾਰ ਨਾ ਕੇਵਲ ਪਿੱਤਰਸੱਤਾ ਦੀ ਸਿਆਸਤ ਨੂੰ ਸਮਝਦੀ ਹੈ ਬਲਕਿ ਪਾਲ ਕੌਰ ਹੱਥੋਂ ਸ਼ੋਸ਼ਿਤ ਹੋ ਰਹੀਆਂ ਨੀਤੂ, ਸ਼ੀਲੂ ਤੇ ਗੀਤੂ ਪਾਤਰਾਂ ਦੀ ਅਧੀਨਗੀ ਹੇਠ ਜਿਊਣ ਵਾਲੀ ਪਿੱਤਰੀ ਸੋਚ ਨੂੰ ਵੀ ਝੰਜੋੜਦੀ ਹੈ। ਉਹ ਨੀਤੂ, ਸ਼ੀਲੂ ਅਤੇ ਗੀਤੂ ਦੀ ਤੁਲਨਾ ਆਪਣੇ ਗਆਂਢ ਵਿੱਚ ਰਹਿਣ ਵਾਲੀਆਂ 6-7 ਸਾਲਾਂ ਦੀਆਂ ਛੋਟੀਆਂ ਗੂੰਗੀਆਂ ਬੱਚੀਆਂ ਨਾਲ ਕਰਦੀ ਹੈ ਜਿਹੜੀਆਂ ਤਾਲੂ ਦੀ ਸਮੱਸਿਆ ਕਾਰਣ ਬੋਲਣ ਤੋਂ ਅਸਮਰੱਥ ਹਨ। ਬਿਰਤਾਂਤਕਾਰ ਪਿੱਤਰਸੱਤਾਤਮਕ ਸਮਾਜਿਕ ਢਾਂਚੇ ਅਨੁਕੂਲ ਢਲ ਚੁੱਕੀਆਂ ਅਜਿਹੀਆਂ ਗ਼ੁਲਾਮ ਮਾਨਸਿਕਤਾ ਵਾਲੀਆਂ ਦੱਬੂ, ਸਹਿੰਦੜ ਅਤੇ ਕਮਜ਼ੋਰ ਔਰਤਾਂ ਉੱਪਰ ਵਿਅੰਗ ਕਰਦੀ ਕਹਿੰਦੀ ਹੈ :

> ਔਰਤ ਮਰਦ ਤੋਂ ਨਹੀਂ, ਮਰਦ ਵਰਗੀਆਂ ਔਰਤਾਂ ਤੋਂ ਵੀ ਛੁੱਟ ਨਹੀਂ ਸਕਦੀ।[38]

ਅਸਲ ਵਿੱਚ ਪਿੱਤਰਸੱਤਾ ਜਿਹੜੀ ਕਿ ਮਰਦ ਨੂੰ ਔਰਤ ਨਾਲੋਂ ਵੱਧ ਦਲੇਰ, ਮਜ਼ਬੂਤ, ਹਿੰਮਤੀ ਅਤੇ ਬੁੱਧੀਮਾਨ ਹੋਣ ਦਾ ਮਿੱਥਕ ਪ੍ਰਵਚਨ ਸਿਰਜਦੀ ਹੈ ਅਤੇ ਚੇਤਨਹੀਣ ਔਰਤ ਇਸ ਸਿਰਜਤ ਪ੍ਰਵਚਨ ਦੀ ਸ਼ਿਕਾਰ ਹੋ ਕੇ ਸਹਿਜੇ ਹੀ ਮਰਦ ਜਾਂ ਮਰਦਾਵੇਂ ਗੁਣਾਂ ਵਾਲੀ ਔਰਤ ਦੀ ਸ਼੍ਰੇਸਠਤਾ ਦਾ ਪ੍ਰਭਾਵ ਕਬੂਲਦੀ ਹੋਈ ਹਾਸ਼ੀਆਕ੍ਰਿਤ ਹੋਣ ਦਾ ਸੰਤਾਪ ਹੰਢਾਉਂਦੀ ਹੈ। ਕਹਾਣੀ ਵਿੱਚ ਨੀਤੂ, ਸ਼ੀਲੂ ਅਤੇ ਗੀਤੂ ਦੇ ਗੂੰਗੇਪਣ ਪਿੱਛੇ ਪਿਤਰਤੰਤਰ ਅਤੇ ਪੁਰਸ਼ਤੰਤਰ ਦੀ ਸਿਆਸਤ ਦਾ ਵੱਡਾ ਰੋਲ ਹੈ। ਘਰ, ਪਰਿਵਾਰ, ਧਰਮ ਆਦਿ ਪਿੱਤਰਸੱਤਾਤਮਕ ਸੰਸਥਾਵਾਂ ਰਾਹੀਂ ਉਹਨਾਂ ਦੀ ਮਾਨਸਿਕਤਾ ਇਸ ਤਰ੍ਹਾਂ ਬਣਾ ਦਿੱਤੀ ਗਈ ਹੈ ਕਿ ਉਹ ਕੇਵਲ ਮਰਦ ਤੋਂ ਹੀ ਨਹੀਂ ਬਲਕਿ ਮਰਦ ਵਰਗਾ ਵਿਵਹਾਰ ਕਰਨ ਵਾਲੀ ਪਾਲ ਕੌਰ ਜਿਹੀ ਔਰਤ ਸਾਹਮਣੇ

ਵੀ ਆਪਣੇ ਆਪ ਨੂੰ ਕਮਜ਼ੋਰ, ਨਿਰਬਲ ਅਤੇ ਸ਼ਕਤੀਹੀਣ ਮਹਿਸੂਸ ਕਰਦੀਆਂ ਹਨ। ਇਸ ਗੱਲ ਦੀ ਪ੍ਰੋੜਤਾ ਉਸ ਸਮੇਂ ਹੋ ਜਾਂਦੀ ਹੈ ਜਦੋਂ ਬਿਰਤਾਂਤਕਾਰ ਪਾਲ ਕੌਰ ਦੇ ਤਾਨਾਸ਼ਾਹੀ ਰਵੱਈਏ ਅਤੇ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਲਈ ਸੰਸਥਾ ਦੇ ਡਾਇਰੈਕਟਰ ਸਾਹਮਣੇ ਪ੍ਰਾਜੈਕਟ ਖ਼ੁਦ ਕਰਨ ਦੀ ਤਜ਼ਵੀਜ ਰੱਖਦੀ ਹੈ ਤਾਂ ਨੀਤੂ, ਸ਼ੀਲੂ ਅਤੇ ਗੀਤੂ ਆਪਣੀ ਸਹਿਕਰਮੀ ਸਾਥਣ (ਬਿਰਤਾਂਤਕਾਰ) ਦੀ ਦਲੇਰੀ ਅਤੇ ਜ਼ੁਰੱਅਤ ਦੇਖ ਕੇ ਹੈਰਾਨ ਹੋ ਜਾਂਦੀਆਂ ਹਨ। ਉਹਨਾਂ ਨੂੰ ਯਕੀਨ ਹੀ ਨਹੀਂ ਆਉਂਦਾ ਕਿ ਸੰਸਥਾ ਦਾ ਪ੍ਰਾਜੈਕਟ ਪਾਲ ਕੌਰ ਦੇ ਸਹਿਯੋਗ ਤੋਂ ਬਿਨਾਂ ਵੀ ਸੰਪੂਰਨ ਹੋ ਸਕਦਾ ਹੈ :

> "ਇਸ ਪ੍ਰਾਜੈਕਟ ਨੂੰ ਕਰ ਲਵੋਗੇ ਤੁਸੀ, ਇਹ ਤਾਂ ਮਰਦਾਂ ਦੇ ਕੰਮ ਨੇ, ਔਰਤ ਹੋ ਕੇ ਵੀ..." ਹੌਲੀ ਜਿਹੇ ਨੀਲੂ ਨੇ ਕਿਹਾ।
>
> "ਹਾਂ ਕਿਉਂ ਨਹੀਂ, ਔਰਤਾਂ ਕੀ ਨਹੀਂ ਕਰਦੀਆਂ?"[39]

ਇੱਥੇ ਬਿਰਤਾਂਤਕਾਰ ਪਿੱਤਰਸੱਤਾ ਦੁਆਰਾ ਸਥਾਪਿਤ ਮਰਦ/ਔਰਤ, ਮਰਦਾਵੇਂ ਗੁਣ/ਨਾਰੀ ਗੁਣ, ਮਰਦਾਵੇਂ ਕੰਮ/ਔਰਤ ਕੰਮ ਆਦਿ ਦੀ ਬਾਇਨਰੀ (Binary) ਨੂੰ ਵਿਸਥਾਪਿਤ ਕਰਦੀ ਹੋਈ ਨਾਰੀ ਨੂੰ ਹਾਸ਼ੀਏ 'ਤੇ ਧੱਕਣ ਵਾਲੀ ਪਿੱਤਰੀ ਸੋਚ ਦਾ ਖੰਡਨ ਕਰਦੀ ਹੈ। ਦੂਜੇ ਪਾਸੇ ਕਹਾਣੀ ਵਿੱਚ ਪਾਤਰ ਕ੍ਰਿਸ਼ਨਾ ਦੀ ਸੋਚ ਪਿੱਤਰਸੱਤਾ ਦੇ ਹੱਕ ਵਿੱਚ ਭੁਗਤਦੀ ਹੋਈ ਪਿੱਤਰਕੀ ਪ੍ਰਬੰਧ ਦੁਆਰਾ ਔਰਤ ਨੂੰ ਦੁਜੈਲੇ ਪੱਧਰ 'ਤੇ ਰੱਖਣ ਲਈ ਸਥਾਪਿਤ ਬਾਇਨਰੀ ਨੂੰ ਹੋਰ ਪੱਕਿਆਂ ਕਰਦੀ ਦਿਖਾਈ ਦਿੰਦੀ ਹੈ। ਪਾਤਰ ਕ੍ਰਿਸ਼ਨਾ ਅਨੁਸਾਰ :

> "ਬਈ ਮਰਦ ਔਰਤ ਲਈ ਨਹੀਂ, ਸਗੋਂ ਔਰਤ ਮਰਦ ਲਈ ਬਣੀ, ਮਰਦਾਂ ਲਈ ਤਾਂ ਔਰਤ ਸੈਕੰਡ ਸੈਕਸ ਹਨ।"[40]

ਨਾਰੀਵਾਦੀ ਦ੍ਰਿਸ਼ਟੀ ਤੋਂ ਦੇਖਿਆ ਜਾਵੇ ਤਾਂ ਬਿਰਤਾਂਤਕਾਰ ਸਮਾਜ ਵਿੱਚ ਨਾਰੀ ਦੀ ਸਥਿਤੀ ਤੋਂ ਚੇਤੰਨ ਔਰਤ ਹੈ ਜਿਹੜੀ ਪਿੱਤਰਸੱਤਾ ਦੁਆਰਾ ਔਰਤ ਨੂੰ ਕਮਜ਼ੋਰ ਬਣਾਉਣ ਲਈ ਘੜੇ ਮਿੱਥਕ ਪ੍ਰਵਚਨਾਂ ਅਤੇ ਧਾਰਨਾਵਾਂ ਨੂੰ ਤੋੜਦੀ ਹੈ। ਬਿਰਤਾਂਤਕਾਰ ਕ੍ਰਿਸ਼ਨਾ ਨੂੰ ਆਰਥਿਕ ਤੌਰ 'ਤੇ ਸਵੈ ਨਿਰਭਰ ਔਰਤਾਂ ਦੀ ਬਦਲ ਰਹੀ ਸਮਾਜਿਕ ਸਥਿਤੀ ਅਤੇ ਮਾਨਸਿਕਤਾ ਤੋਂ ਜਾਣੂ ਕਰਵਾਉਂਦੀ ਹੈ ਜਿਹੜੀਆਂ ਮਰਦ ਦੀ ਕਿਸੇ ਵੀ ਪ੍ਰਕਾਰ ਦੀ ਅਧੀਨਗੀ ਮੰਨਣ ਤੋਂ ਇਨਕਾਰੀ ਹਨ :

> "ਪ੍ਰੰਤੂ ਇਹ ਔਰਤਾਂ ਕਿਸੇ ਵੀ ਮਰਦ ਦੇ ਅਧੀਨ ਨਹੀਂ ਹੋ ਸਕਦੀਆਂ।" ਕਾਸ਼! ਸੈਂਟਪਾਲ ਅੱਜ ਵੇਖਦੇ ਤਾਂ ਉਨ੍ਹਾਂ ਨੂੰ ਪਤਾ ਚਲਦਾ ਇਹ ਵਿਸ਼ੇਸ਼ ਵਰਗ ਦੀਆਂ ਔਰਤਾਂ ਤਾਂ ਹੈ ਹੀ ਵੱਖਰੀਆਂ ਨੇ। ਇਹ ਕਿਸੇ ਮਰਦ ਦੇ ਅਧੀਨ ਹੋਣਗੀਆਂ-ਇਹ ਤਾਂ ਸੋਚਿਆ ਵੀ ਨਹੀਂ ਜਾ ਸਕਦਾ।[41]

ਇੱਥੇ ਕਹਾਣੀਕਾਰ ਅਰਸਤੂ (Aristotle), ਟਰਟਯੂਲੀਅਨ (Tertullien) ਅਤੇ ਸੈਂਟਪਾਲ (Saintpaul) ਵਰਗੇ ਮਹਾਨ ਚਿੰਤਕਾਂ ਅਤੇ ਦਾਰਸ਼ਨਿਕਾ ਦੇ ਪੈਤਰਿਕ ਦ੍ਰਿਸ਼ਟੀਕੋਣ 'ਤੇ ਕਟਾਖ਼ਸ਼ ਕਰਦੀ ਹੈ ਜਿਨ੍ਹਾਂ ਨੇ ਮਰਦ ਨੂੰ ਔਰਤ ਤੋਂ ਦੁਜੈਲੇ ਪੱਧਰ ਤੇ ਰੱਖਕੇ ਵਿਚਾਰਦਿਆਂ ਹੋਇਆਂ ਨਾਰੀ ਨੂੰ ਕਮਜ਼ੋਰ, ਸ਼ਕਤੀਹੀਣ ਅਤੇ ਤਰਕਹੀਣ ਸਮਝਣ ਵਾਲੀਆਂ ਮਿੱਥਾਂ ਦੀ ਸਿਰਜਣਾ ਕੀਤੀ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਨਿਰਮਲ ਜਸਵਾਲ ਅਤੇ ਰਸ਼ਪਿੰਦਰ ਰਸ਼ਿਮ ਦੀਆਂ ਉਪਰੋਕਤ ਕਹਾਣੀਆਂ ਮੱਧਵਰਗੀ ਸ਼ਹਿਰੀ ਔਰਤ ਦੇ ਜੀਵਨ ਨਾਲ ਸੰਬੰਧਿਤ ਹੁੰਦੀਆਂ ਹੋਈਆਂ ਘਰ, ਪਰਿਵਾਰ ਅਤੇ ਵਿਆਹ ਜਿਹੀਆਂ ਪਿੱਤਰਸੱਤਾਤਮਕ ਸੰਸਥਾਵਾਂ ਵਿੱਚ ਨਾਰੀ ਦੇ ਬਹੁਪਰਤੀ ਸ਼ੋਸ਼ਣ ਨੂੰ ਵਿਭਿੰਨ ਪਹਿਲੂਆਂ ਤੋਂ ਪੇਸ਼ ਕਰਦੀਆਂ ਹਨ। ਨਿਰਮਲ ਜਸਵਾਲ ਇਹਨਾਂ ਕਹਾਣੀਆਂ ਵਿੱਚ ਭਰੂਣ ਹੱਤਿਆ, ਵਰ-ਘਰ ਦੀ ਸਮੱਸਿਆ, ਦੂਜੀ ਪਤਨੀ (ਸੌਂਕਣ) ਵਜੋਂ ਔਰਤ ਦੀ ਸਮਾਜ-ਸਭਿਆਚਾਰਕ ਸਥਿਤੀ ਅਤੇ ਪਛਾਣ ਦਾ ਸੰਕਟ ਆਦਿ ਨਾਰੀ ਨਾਲ ਜੁੜੇ ਮਸਲਿਆਂ ਨੂੰ ਔਰਤ-ਮਰਦ ਸੰਬੰਧਾਂ ਰਾਹੀਂ ਪ੍ਰਗਟ ਕਰਦੀ ਹੈ। ਨਿਰਮਲ ਜਸਵਾਲ ਜ਼ਿਆਦਾਤਰ ਕਹਾਣੀਆਂ ਵਿੱਚ ਰੈਡੀਕਲ ਨਾਰੀਵਾਦੀ ਮਾਡਲ ਦੀ ਚੇਤਨਾ ਨੂੰ ਗ੍ਰਹਿਣ ਕਰਦੀ ਹੋਈ ਪਤਨੀ ਰੂਪ ਵਿੱਚ ਔਰਤ ਦੇ ਸ਼ੋਸ਼ਣ ਲਈ ਮਰਦ ਨੂੰ ਜ਼ਿੰਮੇਵਾਰ ਮੰਨ ਕੇ ਉਸਨੂੰ ਵਿਰੋਧੀ ਧਿਰ ਵਜੋਂ ਪੇਸ਼ ਕਰਦੀ ਹੈ। ਜਦੋਂਕਿ ਸਮਕਾਲੀ ਨਾਰੀਵਾਦੀ ਚਿੰਤਨ ਔਰਤ ਦੀ ਦੁਜੈਲੀ ਸਥਿਤੀ ਅਤੇ ਸ਼ੋਸ਼ਣ ਲਈ ਪਿੱਤਰਸੱਤਾ ਨੂੰ ਦੋਸ਼ੀ ਮੰਨਦਾ ਹੈ, ਜਿਸਦਾ ਸ਼ਿਕਾਰ ਮਰਦ ਵੀ ਬਣਦਾ ਹੈ। ਉਸ ਦੀਆਂ ਨਾਰੀ ਪਾਤਰਾਂ ਵਧੇਰੇ ਕਰਕੇ ਮਰਦ ਖਿਲਾਫ਼ ਭੁਗਤਦੀਆਂ ਹੋਈਆਂ ਸਵੈ-ਤਰਸ ਦੀਆਂ ਸ਼ਿਕਾਰ ਹੋ ਕੇ ਬੇਚੈਨੀ, ਇਕੱਲਤਾ, ਭਟਕਣਾ ਅਤੇ ਮਾਨਸਿਕ ਤਣਾਉ ਵਿੱਚ ਘਿਰੀਆਂ ਰਹਿੰਦੀਆਂ ਹਨ। ਰਸ਼ਪਿੰਦਰ ਰਸ਼ਿਮ ਇਹਨਾਂ ਕਹਾਣੀਆਂ ਵਿੱਚ ਪ੍ਰਚਲਿਤ ਪਿੱਤਰੀ ਵਿਆਹ ਸੰਸਥਾ ਦੇ ਪ੍ਰਸੰਗ ਵਿੱਚ ਦਾਜ ਦੀ ਸਮੱਸਿਆ, ਅਣਜੋੜ ਵਿਆਹ ਦੀ ਸਮੱਸਿਆ, ਪਤੀ-ਪਤਨੀ ਸੰਬੰਧਾਂ ਵਿਚਲੇ ਅਸੰਤੁਲਨ ਆਦਿ ਨਾਰੀ ਨਾਲ ਜੁੜੇ ਪ੍ਰਮੁੱਖ ਸਰੋਕਾਰਾਂ ਨੂੰ ਆਪਣੇ ਵਿਸ਼ੇਸ਼ ਨਾਰੀ ਨਜ਼ਰੀਏ ਤੋਂ ਪੇਸ਼ ਕਰਦੀ ਹੈ। ਰਸ਼ਿਮ ਦੀਆਂ ਕਹਾਣੀਆਂ ਉਸ ਪਿੱਤਰਕੀ ਸਮਾਜਿਕ ਢਾਂਚੇ ’ਤੇ ਕਟਾਖ਼ਸ਼ ਕਰਦੀਆਂ ਹਨ ਜਿਹੜਾ ਮਰਦ ਦੇ ਹੱਕ ਵਿੱਚ ਭੁਗਤਦਾ ਹੋਇਆ ਔਰਤ ਨੂੰ ਦੂਜੈਲੇ ਪੱਧਰ ’ਤੇ ਧੱਕ ਦਿੰਦਾ ਹੈ। ਨਾਰੀਵਾਦੀ ਦ੍ਰਿਸ਼ਟੀਕੋਣ ਤੋਂ ਦੇਖਿਆ ਉਹ ਆਪਣੀਆਂ ਕਹਾਣੀਆਂ ਵਿੱਚ ਔਰਤ ਦੇ ਸ਼ੋਸ਼ਣ ਲਈ ਸਿਰਫ਼ ਮਰਦ ਨੂੰ ਹੀ ਜ਼ਿੰਮੇਵਾਰ ਨਹੀਂ ਠਹਿਰਾਉਂਦੀ ਬਲਕਿ ਪਿੱਤਰਸੱਤਾਤਮਕ ਮੁੱਲਾਂ ਨੂੰ ਪ੍ਰਣਾਈ ਔਰਤ ਨੂੰ ਵੀ ਬਰਾਬਰ ਦੀ ਦੋਸ਼ੀ ਮੰਨਦੀ ਹੈ ਜਿਹੜੀ ਆਪਣੀ ਹੀ ਧਿਰ ਦੇ ਖਿਲਾਫ਼ ਭੁਗਤਦੀ ਹੈ। ਉਸ ਦੀਆਂ ਕਹਾਣੀਆਂ ਵਿਚਲੇ ਨਾਰੀ ਪਾਤਰ ਪੁਰਸ਼ ਸੱਤਾ ਦੇ ਨਾਲ-ਨਾਲ ਔਰਤ ਦੀ ਪਿੱਤਰਕੀ ਮਾਨਸਿਕਤਾ ਕਾਰਨ ਵੀ ਸ਼ੋਸ਼ਿਤ ਹੁੰਦੇ ਦਿਖਾਈ ਦਿੰਦੇ ਹਨ।

**ਦਮਨਕਾਰੀ ਪਿੱਤਰੀ ਪ੍ਰਬੰਧ-ਦੇਹ ਅਤੇ ਨਾਰੀ**

ਮਰਦ ਪੱਖੀ ਪਿੱਤਰਕੀ ਸਮਾਜਿਕ ਪ੍ਰਬੰਧ ਵਿੱਚ ਔਰਤ ਆਪਣੀ ਦੇਹ ਕਾਰਨ ਸ਼ੋਸ਼ਣ ਦਾ ਸ਼ਿਕਾਰ ਹੁੰਦੀ ਆਈ ਹੈ। ਨਾਰੀਵਾਦੀ ਚਿੰਤਕਾਂ ਨੇ ਔਰਤ ਦੇ ਇਸ ਦੇਹ ਸ਼ੋਸ਼ਣ ਅਤੇ ਦਮਨ ਦਾ ਜ਼ਿੰਮੇਵਾਰ ਪਿੱਤਰਸੱਤਾ ਅਤੇ ਪੁਰਸ਼ਸੱਤਾ ਨੂੰ ਮੰਨਿਆ ਹੈ ਜੋ ਔਰਤ ਨੂੰ ਸੰਪੂਰਨ ਮਾਨਵ ਇਕਾਈ ਦੇ ਰੂਪ ਵਿੱਚ ਸਵੀਕਾਰਨ ਲਈ ਤਿਆਰ ਨਹੀਂ। ਔਰਤ ਨੂੰ ਆਪਣੇ ਤੋਂ ਨਿਮਨ ਅਤੇ ਗੌਣ ਸਥਿਤੀ ਵਿੱਚ ਰੱਖ ਕੇ ਦੇਖਣ ਦੀ ਇਸ ਪਿੱਤਰੀ ਮਾਨਸਿਤਕਤਾ ਕਾਰਨ ਹੀ ਮਰਦ ਲਈ ਔਰਤ ਦੂਸਰੀਆਂ ਵਸਤੂਆਂ ਦੀ ਤਰ੍ਹਾਂ ਮਹਿਜ਼ ਇਕ ਭੋਗਣ ਵਾਲੀ ਵਸਤੂ ਵਿੱਚ ਤਬਦੀਲ ਹੋ ਜਾਂਦੀ ਹੈ। ਇਸ ਲਈ ਹਮੇਸ਼ਾ ਤੋਂ ਹੀ ਮਰਦ ਆਪਣੀ ਮਰਦਾਵੀਂ ਹਉਂ ਅਤੇ ਸਰੀਰਕ ਸ਼ਕਤੀ ਦੇ ਬਲਬੂਤੇ ਨਾਰੀ ਦੇਹ ਨੂੰ ਆਪਣੇ ਕਬਜ਼ੇ ਅਧੀਨ ਕਰਕੇ ਉਸਦਾ ਸਰੀਰਕ, ਮਾਨਸਿਕ ਸ਼ੋਸ਼ਣ ਕਰਦਾ ਆਇਆ ਹੈ। ਔਰਤ ਦੇਹ ਨੂੰ ਭੋਗਣ ਦੀ ਲਾਲਸਾ ਵਿੱਚ ਅੰਨ੍ਹਾ ਹੋ ਕੇ ਮਰਦ ਕਈ ਵਾਰ ਦਰਿੰਦਗੀ ਦੀਆਂ ਹੱਦਾਂ ਟੱਪਦਾ ਹੋਇਆ ਛੋਟੀ ਬੱਚੀ (ਆਦਿ ਕੁਆਰੀ, ਗੁੱਡੋ) ਦੇ ਸਰੀਰ ਨੂੰ ਵੀ ਆਪਣੀ ਕਾਮ ਭੁੱਖ ਦਾ ਖਵਾਜ਼ਾ ਬਣਾਉਣ ਤੋਂ ਗੁਰੇਜ਼ ਨਹੀਂ ਕਰਦਾ। ਸਥਿਤੀ ਦਾ ਦੁਖਾਂਤ ਇਹ ਹੈ ਕਿ ਪਿੱਤਰੀ ਸਮਾਜਿਕ ਪ੍ਰਬੰਧ ਵਿੱਚ ਮਰਦ ਦੇ ਇਸ ਅਮਾਨਵੀ ਵਿਹਾਰ ਦੀ ਸਜ਼ਾ ਵੀ ਔਰਤ ਨੂੰ ਹੀ ਭੁਗਤਣੀ ਪੈਂਦੀ ਹੈ। ਧਰਮ, ਕਾਨੂੰਨ ਅਤੇ ਸਮੁੱਚਾ ਸਮਾਜੀ, ਰਾਜਸੀ ਢਾਂਚਾ ਮਰਦ ਦੇ ਇਸ ਕੁਕਰਮ ਲਈ ਜ਼ਿੰਮੇਵਾਰ ਔਰਤ ਨੂੰ ਹੀ ਠਹਿਰਾ ਕੇ ਮਰਦ ਨੂੰ ਨਿਰਦੋਸ਼ ਸਾਬਤ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰਦਾ ਹੈ। ਮਰਦ ਦੇ ਇਸ ਜ਼ੁਲਮ ਅਤੇ ਧੱਕੇਸ਼ਾਹੀ ਦੀ ਸਜ਼ਾ ਭੋਗਦੀ ਹੋਈ ਔਰਤ ਸਮਾਜ ਵਿੱਚ ਜ਼ਿੱਲਤ ਅਤੇ ਨਮੋਸ਼ੀ ਭਰੀ ਜ਼ਿੰਦਗੀ ਜਿਉਣ ਲਈ ਮਜ਼ਬੂਰ ਹੋ ਜਾਂਦੀ ਹੈ।

ਰਸ਼ਪਿੰਦਰ ਰਸ਼ਿਮ ਆਪਣੀ ਕਹਾਣੀ 'ਆਦਿ ਕੁਆਰੀ' ਵਿੱਚ ਕਾਮ ਵੇਗ ਵਿੱਚ ਅੰਨ੍ਹੇ ਹੋਏ ਮਰਦ ਪਾਤਰ ਹੱਥੋਂ ਬਚਪਨ ਵਿੱਚ ਜਿਨਸੀ ਸ਼ੋਸ਼ਣ ਦਾ ਸ਼ਿਕਾਰ ਹੋਈ ਪਾਤਰ ਤੋਸ਼ੀ ਦੀ ਤ੍ਰਾਸਦੀ ਨੂੰ ਪੇਸ਼ ਕਰਦੀ ਹੈ। ਤੋਸ਼ੀ ਅਜੇ ਮਹਿਜ ਗਿਆਰਾਂ ਸਾਲ ਦੀ ਸੀ ਜਦੋਂ ਉਹ ਆਪਣੇ ਪਿਤਾ ਦੇ ਪਰਿਵਾਰਿਕ ਦੋਸਤ ਕੁਲਜੀਤ ਦੀ ਕਾਮ ਹਵਸ ਦੀ ਸ਼ਿਕਾਰ ਹੋ ਜਾਂਦੀ ਹੈ :

> "...ਤੇਰੇ ਨਾਲ ਮਾੜਾ ਜਿਹਾ ਖੇਡ ਲਿਆ ਤੂੰ ਇੰਝ ਗਲੇਡੂ ਸੁੱਟੀ ਜਾਂਦੀ ਏ
> ਜਿਵੇਂ ਬੜਾ ਭਾਰੀ ਫੱਟ ਮਾਰਿਆ ਹੋਵੇ।"[42]

ਇੱਥੇ ਪਾਤਰ ਕੁਲਜੀਤ ਦੇ ਉਪਰੋਕਤ ਬੋਲਾਂ ਵਿੱਚੋਂ ਮਰਦ ਦੀ ਔਰਤ ਨੂੰ ਸਿਰਫ਼ ਦੇਹ ਤੱਕ ਘਟਾ ਕੇ ਦੇਖਣ ਵਾਲੀ ਪਿੱਤਰਕੀ ਮਾਨਸਿਕਤਾ ਭਲੀਭਾਂਤ ਉਜਾਗਰ ਹੋ ਜਾਂਦੀ ਹੈ। ਮਰਦ ਪਾਤਰ ਲਈ ਔਰਤ ਦੇਹ ਚਾਹੇ ਉਹ ਛੋਟੀ ਬੱਚੀ ਦਾ ਜਿਸਮ ਹੀ ਕਿਉਂ ਨਾ ਹੋਵੇ, ਕੇਵਲ ਕਾਮ ਖੇਡ ਦਾ ਹਿੱਸਾ ਹੈ। ਇਸੇ ਪੈਤਰਿਕ ਸੋਚ

ਕਾਰਨ ਹੀ ਪਾਤਰ ਕੁਲਜੀਤ ਤੋਸ਼ੀ ਦੇ ਜਵਾਨ ਹੋਣ ਤੱਕ ਉਸ ਦੀ ਦੇਹ ਨੂੰ ਆਪਣੀ ਕਾਮ ਪੂਰਤੀ ਦੇ ਸਾਧਨ ਵਜੋਂ ਵਰਤਦਾ ਹੈ। ਕੁਲਜੀਤ ਦੀ ਇਸ ਦਰਿੰਦਗੀ ਨੂੰ ਝੱਲਦੀ ਹੋਈ ਤੋਸ਼ੀ ਅੰਤ ਬਗ਼ਾਵਤ ਦਾ ਰਾਹ ਅਪਣਾਉਂਦੀ ਹੈ। ਉਹ ਆਪਣੀ ਮਾਨਵੀ ਹੋਂਦ ਤੋਂ ਮੁਨਕਰ ਹੋ ਕੇ ਦੇਵੀ ਕੁਸਮਲਤਾ ਦਾ ਰੂਪ ਧਾਰਨ ਕਰ ਲੈਂਦੀ ਹੈ :

> ਆਪਣੀ ਹੀ ਦੇਹ ਵਿੱਚੋਂ ਗਾਇਬ ਹੋਣ ਦਾ ਸਭ ਤੋਂ ਪਹਿਲਾਂ ਸਬਕ ਉਸਨੂੰ ਗਿਆਰਾਂ ਸਾਲ ਦੀ ਉਮਰ ਵਿੱਚ ਕੁਲਜੀਤ ਅੰਕਲ ਨੇ ਸਿਖਾਇਆ ਸੀ- ਜ਼ਬਰਦਸਤੀ, ਬਲ ਅਤੇ ਛਲ ਦੋਹਾਂ ਨਾਲ।[43]

ਬਾਲ ਉਮਰ ਵਿੱਚ ਸਰੀਰਕ ਸ਼ੋਸ਼ਣ ਦਾ ਸ਼ਿਕਾਰ ਹੋਈ ਪਾਤਰ ਤੋਸ਼ੀ ਕਦੇ ਵੀ ਸਧਾਰਨ ਅਵਸਥਾ ਵਿੱਚ ਨਹੀਂ ਵਿਚਰ ਪਾਉਂਦੀ। ਮਰਦ ਦੇ ਕੁਕਰਮ ਦੀ ਸਜ਼ਾ ਜਿੱਥੇ ਤੋਸ਼ੀ ਨੂੰ ਸਮਾਜ ਵੱਲੋਂ ਅਪ੍ਰਵਾਨਗੀ ਦੇ ਰੂਪ ਵਿੱਚ ਮਿਲਦੀ ਹੈ, ਉੱਥੇ ਧਰਮ ਦੇ ਖੇਤਰ ਨਾਲ ਜੁੜ ਕੇ ਉਹ 'ਆਦਿ ਕੁਆਰੀ' ਪੂਜਣਯੋਗ ਮਾਤਾ ਦੇ ਰੂਪ ਵਿੱਚ ਪ੍ਰਵਾਨ ਚੜ੍ਹਦੀ ਹੈ। ਮਾਨਸਿਕ ਸੰਤਾਪ ਹੰਢਾਉਂਦੀ ਹੋਈ ਉਹ ਸਿਸਟਮ ਦੀ ਥਾਂ ਮਰਦਾਂ ਨੂੰ ਆਪਣੀ ਨਫ਼ਰਤ ਦਾ ਨਿਸ਼ਾਨਾ ਬਣਾਉਂਦੀ ਹੈ। ਉਹ ਆਪਣੇ ਆਸ਼ਰਮ ਵਿੱਚ ਦੇਵੀ ਬਣ ਕੇ ਪਹਿਲਾ ਮੋਹਿਤ, ਕੇਸ਼ਵ, ਰਾਜਨ ਅਤੇ ਫੇਰ ਦਿਆਲ ਸਾਗਰ ਨਾਲ ਸੰਬੰਧ ਬਣਾਉਂਦੀ ਹੈ। ਪੁਰਸ਼ਾਂ ਨੂੰ ਦੰਡਵਤ ਕਰਨ ਲਈ ਉਹ ਉਹਨਾਂ ਨੂੰ ਗਾਲਾਂ ਕੱਢਦੀ ਹੋਈ ਅੰਤ ਮਾਨਸਿਕ ਸੰਤੁਲਨ ਗਵਾ ਲੈਂਦੀ ਹੈ:

> ਕੁੱਤਿਓ, ਹਰਾਮੀਓ ਨਾਲੀ ਦੇ ਕੀੜਿਓ ...ਕੁਆਰੀਆਂ ਦੀਆਂ ਕੱਛੀਆਂ ...ਫਰਾਕਾਂ ਪਾੜਦੇ ਓ। ਫਿਰ ਉਨ੍ਹਾਂ ਦੀਆਂ ਮੂਰਤੀਆਂ ਅੱਗੇ ਨੱਕ ਰਗੜਦੇ ਓ। ਤੁਸੀਂ ਕਦੀ ਬਖ਼ਸ਼ੇ ਨਾ ਜਾਓ...ਭੱਠੀਆਂ ਵਿੱਚ ਸੜੋ।[44]

ਦੇਵੀ ਕੁਸਮਲਤਾ ਦੇ ਰੂਪ ਵਿੱਚ ਮਸ਼ਹੂਰ ਹੋਈ ਪਾਤਰ ਤੋਸ਼ੀ ਇੱਥੇ ਧਰਮ ਦੇ ਛੜਯੰਤਰ ਨੂੰ ਨੰਗਿਆਂ ਕਰਦੀ ਹੋਈ ਉਸ ਮਿੱਥਕ ਧਾਰਮਿਕ ਪ੍ਰਕਾਰਜ ਤੇ ਵੀ ਪ੍ਰਸ਼ਨ ਚਿੰਨ ਲਾਉਂਦੀ ਹੈ ਜਿਸ ਤਹਿਤ ਕੁਆਰੀ ਕੰਨਿਆ ਦੀ ਪੂਜਾ ਕੀਤੀ ਜਾਂਦੀ ਹੈ ਅਤੇ ਮਰਦ ਹੱਥੋਂ ਜਿਸਮਾਨੀ ਸ਼ੋਸ਼ਣ ਦੀ ਸ਼ਿਕਾਰ ਹੋਈ ਨਾਰੀ ਨੂੰ ਉਸੇ ਧਰਮ ਦੁਆਰਾ ਦੰਢਵਤ ਕੀਤਾ ਜਾਂਦਾ ਹੈ। ਸਥਿਤੀ ਦਾ ਦੁਖਾਂਤ ਇਹ ਹੈ ਕਿ ਮਰਦ ਆਪਣੇ ਬਲ ਅਤੇ ਛਲ ਦੁਆਰਾ ਔਰਤ ਦੇ ਕੁਆਰੇਪਣ ਨੂੰ ਜਬਰੀ ਤੋੜਦਾ ਹੈ ਅਤੇ ਇਸਦੀ ਸਜ਼ਾ ਨਾਰੀ ਨੂੰ ਉਮਰ ਭਰ ਕਲੰਕ ਦੇ ਰੂਪ ਵਿੱਚ ਮਿਲਦੀ ਹੈ। ਕਹਾਣੀ ਵਿੱਚ ਪਾਤਰ ਤੋਸ਼ੀ ਆਪਣੇ ਨਾਲ ਹੋਈ ਜ਼ਿਆਦਤੀ ਦਾ ਬਦਲਾ ਲੈਣ ਲਈ ਧਰਮ ਦਾ ਬਾਣਾ ਪਾ ਕੇ ਪਿੱਤਰਤੰਤਰ ਅਤੇ ਧਰਮਤੰਤਰ ਦੀਆਂ ਧੱਜੀਆਂ ਉਡਾਉਂਦੀ ਹੋਈ ਮਰਦਾਂ ਨੂੰ ਆਪਣੀ ਨਫ਼ਰਤ ਦਾ ਨਿਸ਼ਾਨਾ ਬਣਾਉਂਦੀ ਹੈ।

'ਮੁੜ ਆ ਗੁੱਡੋ' ਕਹਾਣੀ ਵੀ ਜਿਨਸੀ ਸ਼ੋਸ਼ਣ ਦੀ ਸ਼ਿਕਾਰ ਹੋਈ ਛੇ ਸਾਲ ਦੀ ਬਾਲੜੀ ਗੁੱਡੋ ਦੇ ਦੁਖਾਂਤ ਨੂੰ ਪੇਸ਼ ਕਰਦੀ ਹੈ। ਘਰੋਂ ਬਾਹਰ ਗਈ ਛੋਟੀ ਬੱਚੀ ਗੁੱਡੋ ਕਿਸੇ ਅਣਜਾਣੇ ਮਰਦ ਦੀ ਹਵਸ ਦਾ ਸ਼ਿਕਾਰ ਬਣ ਜਾਂਦੀ ਹੈ। ਸਥਿਤੀ ਦੀ ਵਿਡੰਬਨਾ ਇਹ ਹੈ ਕਿ ਗੁੱਡੋ ਦੇ ਮਾਪੇ ਜਿਹੜੇ ਕਿ ਪਹਿਲਾ ਆਪਣੀ ਲਾਪਤਾ ਹੋਈ ਧੀ ਦੇ ਲੱਭ ਜਾਣ ਲਈ ਅਰਦਾਸ ਕਰਦੇ ਹਨ ਬਾਅਦ ਵਿੱਚ ਬਲਾਤਕਾਰ ਦੀ ਸ਼ਿਕਾਰ ਹੋਈ ਆਪਣੀ ਧੀ ਗੁੱਡੋ ਦੀ ਮੌਤ ਲਈ ਦੁਆਵਾਂ ਕਰਦੇ ਹਨ :

> "ਹੇ ਪ੍ਰਮਾਤਮਾ ਏਸ ਨਿਕਰਮਣ ਨੂੰ ਤੂੰ ਛੇਤੀ ਛੇਤੀ ਚੁੱਕ ਲੈ..."
> ਬੈਠੇ-ਬੈਠੇ ਊਂਘ ਰਹੇ ਬਾਊ ਜੀ ਦੀ ਬਾਂਹ ਹਲੂਣਕੇ ਨਰਸ ਨੇ ਜਦੋਂ ਉਨ੍ਹਾਂ ਨੂੰ 'ਮਾੜੀ' ਖਬਰ ਸੁਣਾਈ ਤਾਂ ਉਹ ਹੜਬੜਾ ਕੇ ਜਾਗੇ ਅਤੇ ਅਚਨਚੇਤ ਮੂੰਹੋਂ ਨਿਕਲਿਆ, "ਹੈਂ ਤੁਰ ਗਈ? ਚਲੋ ਹੱਛਾ!"[45]

ਇੱਥੇ ਕਹਾਣੀਕਾਰ ਮਾਪਿਆਂ ਦੀ ਉਪਰੋਕਤ ਸੋਚ ਰਾਹੀਂ ਇਹ ਦਰਸਾਉਣ ਦਾ ਯਤਨ ਕਰਦੀ ਹੈ ਕਿ ਜੇਕਰ ਲੜਕੀ ਨਾਲ ਬਦਕਿਸਮਤੀ ਅਣਚਾਹਿਆ ਕੁਝ ਵਾਪਰ ਜਾਂਦਾ ਹੈ ਤਾਂ ਪਿੱਤਰੀ ਸਮਾਜ-ਸਭਿਆਚਾਰਕ ਪ੍ਰਬੰਧ ਵਿੱਚ ਉਸਨੂੰ ਸਾਰੀ ਉਮਰ ਨਮੋਸ਼ੀ ਅਤੇ ਜ਼ਿੱਲਤ ਭਰੀ ਜ਼ਿੰਦਗੀ ਜਿਊਣ ਲਈ ਮਜ਼ਬੂਰ ਕਰ ਦਿੱਤਾ ਜਾਂਦਾ ਹੈ। ਬਲਾਤਕਾਰ ਦੀ ਸ਼ਿਕਾਰ ਔਰਤ ਨੂੰ ਮਰਦ ਪ੍ਰਧਾਨ ਸਮਾਜ ਕਦੇ ਸਵਿਕਾਰ ਨਹੀਂ ਕਰਦਾ। ਅਜਿਹੀ ਔਰਤ ਨੂੰ ਸਮਾਜ ਦੇ ਮੱਥੇ 'ਤੇ ਕਲੰਕ ਮੰਨ ਕੇ ਦੁਰਕਾਰਿਆ ਜਾਂਦਾ ਹੈ। ਔਰਤ ਨਾਲ ਵਾਪਰੇ ਅਜਿਹੇ ਘਟਨਾਕ੍ਰਮ ਤੋਂ ਬਾਅਦ ਇਹ ਸਮਝਿਆ ਜਾਂਦਾ ਹੈ ਕਿ ਔਰਤ ਆਪਣਾ ਔਰਤਤਵ ਗਵਾ ਬੈਠੀ ਹੈ। ਅਜਿਹੀ ਔਰਤ ਨੂੰ ਅਪਣਾਉਣ ਲਈ ਕੋਈ ਰਾਜ਼ੀ ਨਹੀਂ ਹੁੰਦਾ। ਸਮਾਜਿਕ ਤੋਹਮਤਾਂ ਦੀ ਮਾਰ ਝੱਲਦੀ ਉਸ ਬੇਵੱਸ ਔਰਤ ਦਾ ਅਸਤਿਤਵ ਰੁਲ ਜਾਂਦਾ ਹੈ। ਉਹ ਇਕ ਬੇਅਰਥ ਜ਼ਿੰਦਗੀ ਨੂੰ ਢੋਣ ਲਈ ਮਜ਼ਬੂਰ ਹੋ ਜਾਂਦੀ ਹੈ ਜਦੋਂ ਕਿ ਇਸਦਾ ਜ਼ਿੰਮੇਵਾਰ ਬਲਾਤਕਾਰੀ ਮਰਦ ਹੁੰਦਾ ਹੈ। ਦੋਸ਼ੀ ਮਰਦ ਸਮਾਜ ਵਿੱਚ ਬੇਖ਼ੌਫ਼ ਘੁੰਮਦਾ ਹੈ ਅਤੇ ਦੂਜੇ ਪਾਸੇ ਔਰਤ ਆਤਮਹੀਣਤਾ ਦੀ ਸ਼ਿਕਾਰ ਹੋਣ ਕਾਰਨ ਘਰ ਦੀ ਚਾਰਦੀਵਾਰੀ ਵਿੱਚ ਹੀ ਕੈਦ ਹੋ ਜਾਂਦੀ ਹੈ। ਔਰਤ ਦੀ ਇਸ ਤ੍ਰਾਸਦਿਕ ਸਥਿਤੀ ਸੰਬੰਧੀ ਤਸਲੀਮਾ ਨਸਰੀਨ ਲਿਖਦੀ ਹੈ :

> 'ਨਸ਼ਟ' ਸ਼ਬਦ ਮਰਦਾਂ ਦੇ ਲਈ ਨਹੀਂ, ਔਰਤਾਂ ਦੇ ਲਈ ਪ੍ਰਯੋਗ ਹੁੰਦਾ ਹੈ। ਅੰਡਾ ਨਸ਼ਟ ਹੁੰਦਾ ਹੈ, ਦੁੱਧ ਨਸ਼ਟ ਹੁੰਦਾ ਹੈ, ਤੇ ਲੜਕੀ ਵੀ ਨਸ਼ਟ ਹੁੰਦੀ ਹੈ। ਕਿਸੇ ਵੀ ਚੀਜ਼ ਦੀ ਤਰ੍ਹਾ ਸਾਡਾ ਸਮਾਜ ਕਿਸੇ ਲੜਕੀ ਨੂੰ 'ਨਸ਼ਟ' ਕਹਿ ਕੇ ਚਿੰਨ੍ਹਤ ਕਰਦਾ ਹੈ। ...ਇਹ ਨਸ਼ਟ ਸਮਾਜ ਤਾਕ ਵਿੱਚ ਬੈਠਿਆ ਹੋਇਆ ਹੈ ਕਿ ਜਿਵੇਂ ਮੌਕਾ ਮਿਲੇ ਅਤੇ ਉਹ ਲੜਕੀਆਂ ਨੂੰ 'ਨਸ਼ਟ' ਦੀ

ਉਪਾਧੀ ਦੇਵੇ। ਸਮਾਜ ਦੀ ਬਰਬਾਦੀ ਐਨੀ ਦੂਰ ਤਕ ਫੈਲੀ ਹੋਈ ਹੈ ਕਿ ਲੜਕੀਆਂ ਚਾਹੁੰਦਿਆਂ ਹੋਇਆਂ ਵੀ ਉਸਦੇ ਪੰਜੇ ਤੋਂ ਬਚ ਨਹੀਂ ਸਕਦੀਆਂ।[46]

ਪਿੱਤਰੀ ਸਮਾਜ ਦੇ ਔਰਤ ਪ੍ਰਤੀ ਇਸ ਅਮਾਨਵੀ ਰਵੱਈਏ ਕਾਰਨ ਹੀ ਕਹਾਣੀ ਵਿੱਚ ਪਾਤਰ ਗੁੱਡੋ ਦੇ ਮਾਪੇ ਆਪਣੀ ਧੀ ਦੀ ਜ਼ਿੰਦਗੀ ਦੀ ਬਜਾਇ ਉਸਦੀ ਮੌਤ ਚਾਹੁੰਦੇ ਹਨ। ਉਹ ਇਸ ਗੱਲ ਤੋਂ ਭਲੀ ਭਾਂਤ ਵਾਕਫ਼ ਹਨ ਕਿ ਪਿੱਤਰਸੱਤਾਤਮਕ ਸਮਾਜ ਗੁੱਡੋ ਨੂੰ ਹਮੇਸ਼ਾ ਉਸ ਨਾਲ ਹੋਏ ਦੁਸ਼ਕਰਮ ਦਾ ਅਹਿਸਾਸ ਕਰਾਉਂਦਾ ਹੋਇਆ ਆਤਮ ਗਿਲਾਨੀ ਵੱਲ ਧੱਕਣ ਦੀ ਤਾਕ ਵਿੱਚ ਰਹੇਗਾ। ਕਹਾਣੀ ਦੀਆਂ ਹੇਠਲੀਆਂ ਸਤਰਾਂ ਜਿੱਥੇ ਪਾਤਰ ਗੁੱਡੋ ਦੇ ਮਾਪਿਆਂ ਦੀ ਮਜ਼ਬੂਰੀ, ਲਾਚਾਰੀ ਅਤੇ ਅੰਦਰੂਨੀ ਡਰ ਨੂੰ ਰੂਪਮਾਨ ਕਰਦੀਆਂ ਹਨ, ਉੱਥੇ ਉਹਨਾਂ ਹਜ਼ਾਰਾਂ ਮਾਪਿਆਂ ਦੀ ਪੀੜ ਨੂੰ ਵੀ ਬਿਆਨ ਕਰ ਰਹੀਆਂ ਹਨ ਜਿਹਨਾਂ ਦੀਆਂ ਮਾਸੂਮ ਬੱਚੀਆਂ ਕਿਸੇ ਮਰਦ ਦੇ ਜਿਨਸੀ ਹਾਬੜੇਪਣ ਦਾ ਸ਼ਿਕਾਰ ਬਣ ਜਾਂਦੀਆਂ ਹਨ :

ਜ਼ਖ਼ਮ ਤਾਂ ਭਰ ਜਾਣਗੇ ਪਰ ਦਾਗ਼ ਰਹਿ ਜਾਣਗੇ- ਸ਼ਾਇਦ ਹਮੇਸ਼ਾ ਲਈ।

'ਕਿਵੇਂ ਕੱਟੇਗੀ ਹੁਣ ਸਾਰੀ ਉਮਰ ਗੁੱਡੋ ਇਸ ਨਮੋਸ਼ੀ ਨੂੰ ਲੈ ਕੇ?'[47]

ਕਹਾਣੀਕਾਰ ਇੱਥੇ ਇਸ ਗੱਲ ਵੱਲ ਸੰਕੇਤ ਕਰ ਰਹੀ ਹੈ ਕਿ ਮਾਪੇ ਖ਼ੁਦ ਪਿੱਤਰਕੀ ਪ੍ਰਬੰਧ ਦੇ ਸ਼ਿਕਾਰ ਹਨ। ਉਹਨਾਂ ਲਈ ਧੀ ਨਾਲੋਂ ਜ਼ਿਆਦਾ ਸਮਾਜ-ਸਭਿਆਚਾਰਕ ਇੱਜ਼ਤ ਵਧੇਰੇ ਅਹਿਮੀਅਤ ਰੱਖਦੀ ਹੈ। ਇਸ ਲਈ ਉਹ ਧੀ ਦੀ ਮੌਤ ਚਾਹੁੰਦੇ ਹਨ। ਸਮਾਜਿਕ ਧਿਰ ਹੋਣ ਕਾਰਨ ਉਹ ਧੀ ਨੂੰ ਇਨਸਾਫ ਦਿਵਾਉਣ ਦੀ ਬਜਾਇ ਉਸ ਤੋਂ ਛੁਟਕਾਰਾ ਪਾਉਣ ਵਿੱਚ ਆਪਣੀ ਭਲਾਈ ਸੋਚਦੇ ਹਨ। ਇਸ ਸੰਦਰਭ ਵਿੱਚ ਡਾ. ਚਰਨਜੀਤ ਕੌਰ ਬਰਾੜ ਲਿਖਦੀ ਹੈ :

...ਸਮਾਜ ਭਾਵੇਂ ਬਲਾਤਕਾਰ ਨੂੰ ਨਿੰਦਨੀ ਸਮਝਦਾ ਹੈ ਪਰ ਅਸਲੀਅਤ ਵਿੱਚ ਬਲਾਤਕਾਰੀ ਮਰਦ ਨੂੰ ਸਜ਼ਾ ਦੇਣ ਦੀ ਬਜਾਇ ਪੀੜਤ ਔਰਤ ਦੀ ਪੀੜਾ ਵਿੱਚ ਹੀ ਵਾਧਾ ਕਰਦਾ ਹੈ।[48]

ਏਸੇ ਪ੍ਰਸੰਗ ਵਿੱਚ ਰਸ਼ਪਿੰਦਰ ਰਸ਼ਿਮ ਦੀ ਬਹੁ ਚਰਚਿਤ ਕਹਾਣੀ 'ਉੱਧੜੀ ਹੋਈ ਗੁੱਡੀ' ਨੂੰ ਵਿਚਾਰਿਆ ਜਾ ਸਕਦਾ ਹੈ। ਇਸ ਕਹਾਣੀ ਵਿੱਚ ਅਸਲ ਵਿੱਚ ਬਲਾਤਕਾਰ ਕਿਤੇ ਵੀ ਨਹੀਂ ਹੁੰਦਾ, ਪਰ ਕਥਾ ਦੀ ਘਟਨਾਵੀਂ ਵਿਉਂਤ ਰਾਹੀਂ ਮਾਦਾ ਖਿਡੌਣੇ ਰੂਪੀ ਗੁੱਡੀ ਨਾਲ ਖੇਡ-ਖੇਡ ਵਿੱਚ ਛੋਟੇ ਮੁੰਡਿਆਂ ਦੁਆਰਾ ਕੀਤੇ ਅਨੈਤਿਕ ਕਾਰਜ ਦੇ ਛੋਟੀ ਬੱਚੀ ਦੇ ਬਾਲਮਨ ਵਿੱਚ ਪੈਦਾ ਹੋਏ ਦਹਿਲ ਅਤੇ ਡਰ ਨੂੰ ਕਹਾਣੀਕਾਰ ਨੇ ਬੜੀ ਸੰਵੇਦਨਸ਼ੀਲਤਾ ਨਾਲ ਉਜਾਗਰ ਕੀਤਾ ਹੈ। ਕਹਾਣੀ ਵਿੱਚ ਤਣਾਉ ਉਸ ਸਮੇਂ ਪੈਦਾ ਹੁੰਦਾ ਹੈ ਜਦੋਂ ਛੋਟੀ ਬੱਚੀ

ਸਿੰਮੀ ਦੀ ਖਿਡੌਣਾ ਗੁੱਡੀ ਨੂੰ ਉਸਦੀ ਭੂਆ ਦਾ ਸ਼ਰਾਰਤੀ ਲੜਕਾ ਲਾਡੀ, ਸਿੰਮੀ ਦਾ ਛੋਟਾ ਭਰਾ ਸੋਨੂ ਅਤੇ ਹੋਰ ਗਲੀ-ਗੁਆਂਢ ਦੇ ਮੁੰਡੇ ਵਾਲਾਂ ਤੋਂ ਧੂੰਹਦੇ ਹੋਏ ਉਸਨੂੰ ਬੁਰੀ ਤਰ੍ਹਾਂ ਰੋਲ ਦਿੰਦੇ ਹਨ। ਉਹ ਧਾੜਵੀਆਂ ਵਾਂਗ ਉੱਚੀ-ਉੱਚੀ ਰੌਲਾ ਪਾਉਂਦੇ, ਖਿਡੌਣਾ ਗੁੱਡੀ ਦੇ ਇਰਦ-ਗਿਰਦ ਨੱਚਦੇ ਹੋਏ ਸਿੰਮੀ ਨੂੰ ਚਿੜ੍ਹਾਉਂਦੇ ਹਨ :

> "ਲੁੱਟ ਲਈ... ਲੁੱਟ ਲਈ... ਲੁੱਟ ਲਈ...
>
> ਗੁੱਡੀ ਦੀ ਇੱਜ਼ਤ ਲੁੱਟ ਲਈ...।"[49]

ਲੀਰੋ-ਲੀਰ ਕਰ ਦਿੱਤੀ ਗਈ ਆਪਣੀ ਖਿਡੌਣਾ ਗੁੱਡੀ ਦੀ ਦੁਰਦਸ਼ਾ ਦੇਖ ਕੇ ਜਿੱਥੇ ਸਿੰਮੀ ਮਾਨਸਿਕ ਦਰਦ ਨਾਲ ਕੁਰਲਾ ਉੱਠਦੀ ਹੈ, ਉੱਥੇ ਸਿੰਮੀ ਦੀ ਭੂਆ, ਉਸਦੀਆਂ ਚਾਚੀਆਂ-ਤਾਈਆਂ ਅਤੇ ਗਲੀ-ਗੁਆਂਢ ਦੀਆਂ ਔਰਤਾਂ ਮੁੰਡਿਆਂ ਦੀ ਇਸ ਘਿਨਾਉਣੀ ਹਰਕਤ ਅਤੇ ਅਭੱਦਰ ਸ਼ਬਦਾਵਲੀ ਨੂੰ ਇੱਕ ਅਸ਼ਲੀਲ ਮਜ਼ਾਕ ਬਣਾ ਕੇ ਖ਼ੁਸ਼ ਹੁੰਦੀਆਂ ਹਨ। ਉਹ ਸਿੰਮੀ ਦੀ ਗੁੱਡੀ ਨਾਲ ਵਾਪਰੀ ਘਟਨਾ ਵਿੱਚੋਂ ਆਨੰਦ ਲੈਂਦੀਆਂ ਹੋਈਆਂ ਆਪਣੀ ਦਿਲਚਸਪੀ ਦਾ ਕੇਂਦਰ ਬਣਾ ਲੈਂਦੀਆਂ ਹਨ :

> "ਅੱਛਾ! ਹੈਂ! ਮੁੰਡਿਆਂ ਨੇ ਇੱਜ਼ਤ ਲੁੱਟ ਲਈ ਗੁੱਡੀ ਦੀ?"[50]
>
> "ਨੀ ਕੁੜੇ ਸਿੰਮੀ, ਗੁੱਡੀ ਤੇਰੀ ਹੁਣ ਤਕੜੀ ਆ? ਤੱਤਾ ਤੱਤਾ ਦੁੱਧ ਪਿਲਾ ਸੂ ਵਿਚਾਰੀ ਨੂੰ ਵੇਖ ਕਿਵੇਂ ਰੋਲ੍ਹ ਰੋਲ੍ਹਕੇ ਭੰਨ 'ਤੀ ਗੁੰਡਿਆਂ ਬਦਮਾਸ਼ਾ ਨੇ...।"[51]
>
> "ਨੀ ਬਸੰਤ ਕੁਰੇ, ਏਹਨੂੰ ਪੁਆੜਿਆਂ ਪਿੱਟੀ ਨੂੰ ਤੂੰ ਫਿਰ ਲਿਸ਼ਕਾਅ ਪੁਸ਼ਕਾਅ ਦਿੱਤਾ ...ਅਗਲਾ ਮਾਮਲਾ ਅਜੇ ਨਜਿੱਠਿਆ ਨਹੀਂ, ਇਹ ਹੁਣ ਕੋਈ ਨਵਾਂ ਈ ਨਾ ਚੰਨ ਚਾੜ੍ਹ ਦੇਵੇ।"
>
> ''ਨੀ ਬੜੀ ਸਜ ਸਜਕੇ ਬਹਿੰਦੀ ਏ ...ਪੰਜ ਛੇ ਖਸਮ ਕਰਕੇ।"[52]

ਇੱਥੇ ਔਰਤ ਪਾਤਰਾਂ ਜਿੱਥੇ ਬਚਪਨ ਤੋਂ ਜੁਆਨ ਹੋ ਰਹੇ ਮਰਦ ਮਨ ਵਿੱਚ ਪੈਦਾ ਹੋ ਰਹੀ ਹਿੰਸਕ, ਹਮਲਾਵਰ ਅਤੇ ਕਾਮੁਕ ਪ੍ਰਵਿਰਤੀ ਨੂੰ ਕੁਦਰਤੀ ਸਮਝ ਕੇ ਹੱਸ ਰਹੀਆਂ ਹਨ, ਉੱਥੇ ਨਾਲ ਹੀ ਔਰਤ ਨੂੰ ਘਟਾਉਣ ਵਾਲੀ ਲਿੰਗਕ ਭਾਸ਼ਾ ਨੂੰ ਵਰਤਦੀਆਂ ਹੋਈਆਂ ਛੋਟੀ ਬੱਚੀ ਦੇ ਮਨ ਵਿੱਚ ਮਰਦ ਦੀ ਤਾਕਤ ਦਾ ਭੈਅ ਵੀ ਪੈਦਾ ਕਰ ਰਹੀਆਂ ਹਨ। ਸਥਿਤੀ ਦੀ ਵਿਡੰਬਨਾ ਇਹ ਹੈ ਕਿ ਸਿੰਮੀ ਵਾਸਤੇ ਜਿੱਥੇ ਉਸਦੀ ਖਿਡੌਣਾ ਗੁੱਡੀ ਉਸਦਾ ਹੀ ਪ੍ਰਤੀਰੂਪ ਹੈ, ਉੱਥੇ ਹੱਸਣ ਵਾਲੀਆਂ ਔਰਤਾਂ ਲਈ ਉਹੀ ਗੁੱਡੀ ਮਾਤਰ ਬੇਜਾਨ ਖਿਡੌਣਾ ਹੈ। ਗੁੱਡੀ ਨਾਲ ਇੱਕਮਿਕਤਾ ਕਾਰਨ ਹੀ ਮਾਸੂਮ ਸਿੰਮੀ ਨੂੰ ਇਹ ਸਾਰਾ ਕੁਝ ਆਪਣੇ ਨਾਲ ਹੀ ਵਾਪਰਿਆ ਲੱਗਦਾ ਹੈ। ਮੁੰਡਿਆਂ ਦੁਆਰਾ ਲੀਰੋ-ਲੀਰ ਕਰ ਦਿੱਤੀ ਗੁੱਡੀ ਨੂੰ ਸਮੇਟਦੀ ਸਿੰਮੀ ਦਾ ਵਜੂਦ ਵੀ ਕਤਰਾ-

ਕਤਰਾ ਬਣ ਕੇ ਖਿੰਡ ਜਾਂਦਾ ਹੈ। ਸਿੰਮੀ ਜਦੋਂ ਆਪਣੀ ਭੂਆ ਕੋਲ ਇਸ ਕੋਹਜੀ ਹਰਕਤ ਦੇ ਮੋਢੀ ਉਸਦੇ ਲੜਕੇ ਲਾਡੀ ਨੂੰ ਕੁੱਟਣ ਲਈ ਕਹਿੰਦੀ ਹੈ ਤਾਂ ਭੂਆ ਉਲਟਾ ਗੁੱਸੇ ਵਿੱਚ ਸਿੰਮੀ ਨੂੰ ਹੀ ਝਿੜਕਾਂ ਦੇਣ ਲੱਗਦੀ ਹੈ :

> "ਮੈਂ ਲਾਡੀ ਨੂੰ ਕਿਉਂ ਕੁੱਟਾ? ਕਿਉਂ ਕੁੱਟਾ?"
> "ਐਵੇ ਖੇਡਦੇ ਸੀ ਨਿਆਣੇ ਹੁਣ ਖੇਡਣ ਮੱਲਣ ਤੋਂ ਕੁੱਟਣ ਡਹਿ ਪਵਾਂ ...ਨਿਆਣੇ ਨੂੰ?"[53]

ਪਾਤਰ ਭੂਆ ਅਤੇ ਬਿਰਤਾਂਤ ਵਿਚਲੀਆਂ ਦੂਸਰੀਆਂ ਔਰਤ ਪਾਤਰਾਂ ਦੀ ਸੋਚ ਪਿੱਤਰਸੱਤਾਤਮਕ ਸਮਾਜ ਦੇ ਅਨੁਕੂਲ ਹੈ। ਇਸੇ ਲਈ ਉਹੀ ਸਿੰਮੀ ਦੀ ਸੋਚ ਨੂੰ ਵੀ ਅਚੇਤ-ਸੁਚੇਤ ਰੂਪ ਵਿੱਚ ਉਸੇ ਪ੍ਰਬੰਧ ਅਨੁਸਾਰ ਵਿਉਂਤਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਪ੍ਰਸਿੱਧ ਨਾਰੀਵਾਦੀ ਚਿੰਤਕ ਸੀਮੋਨ-ਦ-ਬੋਵਾਰ ਦੀ ਇਹ ਟਿੱਪਣੀ ਦੇਣੀ ਢੁੱਕਵੀਂ ਜਾਪਦੀ ਹੈ। ਸੀਮੋਨ ਅਨੁਸਾਰ :

> ਔਰਤ ਨੂੰ ਔਰਤ ਹੋਣਾ ਸਿਖਾਇਆ ਜਾਂਦਾ ਹੈ।[54]

ਗੁੱਡੀ ਵਾਂਗ ਸਿੰਮੀ ਨੂੰ ਵੀ ਪਰਦਿਆਂ ਵਿੱਚ ਰਹਿਣ ਦੀ ਹਦਾਇਤ ਦਿੱਤੀ ਜਾਂਦੀ ਹੈ। ਸਿੰਮੀ ਦੀ ਦਾਦੀ ਬਕਾਇਦਾ ਉਸਨੂੰ ਆਪਣੇ ਪਿਤਾ ਸਾਹਮਣੇ ਕਿਸੇ ਕਿਸਮ ਦੀ ਵੀ ਗੱਲ ਨਾ ਕਰਨ ਦੀ ਨਸੀਹਤ ਦਿੰਦੀ ਹੈ:

> "ਨਾ ਪੁੱਤ, ਬੀਬੀਆਂ ਧੀਆਂ ਨਹੀਂ ਇਹੋ ਜਿਹੀਆਂ, ਬੇ-ਜ਼ਤੀ, ਬੂਜ਼ਤੀ ਦੀਆਂ ਗੱਲਾਂ ਮੂੰਹੋਂ ਕੱਢਦੀਆਂ ਹੁੰਦੀਆਂ- ਹੁਣ ਪਿਓ ਆਏ ਤੋਂ ਉਹਨੂੰ ਨਾ ਦੱਸਣ ਡਹਿ ਪਈ- ਉਹ ਸਗੋਂ ਤੈਨੂੰ ਈ ਝਿੜਕੂ ਪਈ ਤੂੰ ਕਿਹੋ ਜਿਹੀਆਂ ਗੱਲਾਂ ਕਰਦੀ ਏਂ ...।"[55]

ਦੂਜੇ ਪਾਸੇ ਮੁੰਡੇ ਦਾ ਪਾਲਣ-ਪੋਸ਼ਣ ਇਸ ਤਰ੍ਹਾਂ ਕੀਤਾ ਜਾਂਦਾ ਹੈ ਕਿ ਜਿਵੇਂ-ਜਿਵੇਂ ਉਹ ਵੱਡਾ ਹੁੰਦਾ ਜਾਂਦਾ ਹੈ ਉਸਦੇ ਮਨ ਵਿੱਚ ਆਪਣੀ ਮਰਦਾਨਗੀ ਦਾ ਹੰਕਾਰ ਭਰ ਜਾਂਦਾ ਹੈ। ਇਸ ਸੰਬੰਧ ਵਿੱਚ ਸੀਮੋਨ-ਦ-ਬੋਵਾਰ ਲਿਖਦੀ ਹੈ :

> ਬੱਚੇ ਨੂੰ ਸ਼ੁਰੂ ਤੋਂ ਹੀ ਸਮਝਾਇਆ ਜਾਂਦਾ ਹੈ ਕਿਉਂਕਿ ਉਹ ਮੁੰਡਾ ਹੈ ਇਸ ਲਈ ਸ਼੍ਰੇਸਠ ਹੈ। ਮਰਦਾਨਗੀ ਦਾ ਹੰਕਾਰ ਉਸ ਵਿੱਚ ਭਰ ਦਿੱਤਾ ਜਾਂਦਾ ਹੈ। ਮੁੰਡੇ ਨੂੰ ਸ਼ੁਰੂ ਤੋਂ ਆਪਣੇ ਸੈਕਸ ਵਿੱਚ ਐਨਾ ਹੰਕਾਰ ਨਹੀਂ ਹੁੰਦਾ। ਮਾਂ ਅਤੇ ਦਾਈ, ਲਿੰਗ ਪੂਜਨ ਦੀ ਪਰੰਪਰਾ ਵਿੱਚ ਬਹੁਤ ਵਿਸ਼ਵਾਸ ਰੱਖਦੀਆਂ ਹਨ। ਇਸ ਤਰ੍ਹਾਂ ਬੱਚੇ ਦੇ ਲਿੰਗ ਨੂੰ ਵੱਖਰੀ ਸਖ਼ਸ਼ੀਅਤ ਦੇ ਦਿੱਤੀ ਜਾਂਦੀ

ਹੈ। ਉਸਦਾ ਇਹ ਅੰਗ ਇਕੋ ਇਕ ਹਉਂ ਬਣ ਜਾਂਦਾ ਹੈ। ਇਸਦੇ ਉਲਟ ਛੋਟੀ ਕੁੜੀ ਦੀ ਕਿਸਮਤ ਬਿਲਕੁਲ ਵੱਖਰੀ ਹੁੰਦੀ ਹੈ। ਮਾਂ ਅਤੇ ਦਾਈ ਦੇ ਮਨ ਵਿੱਚ ਆਪਣੇ ਸੈਕਸ ਪ੍ਰਤੀ ਕੋਈ ਕੋਮਲਤਾ ਜਾਂ ਪੂਜਾ ਭਾਵ ਨਹੀਂ ਹੁੰਦਾ। ...ਬਾਹਰਲੇ ਹਾਲਾਤ ਉਸਨੂੰ ਆਪਣੀ ਹੀ ਨਜ਼ਰ ਵਿੱਚ ਹੀਣ ਬਣਾ ਦਿੰਦੇ ਹਨ।[56]

ਸਿੰਮੀ ਦੀ ਮਾਂ ਭਾਵੇਂ ਉਸਦੀ ਰੁਲੀ ਹੋਈ ਗੁੱਡੀ ਦੀ ਮੁਰੰਮਤ ਕਰਕੇ ਨਵੀਂ ਨਕੋਰ ਬਣਾ ਦਿੰਦੀ ਹੈ ਪਰ ਗੁੱਡੀ ਨਾਲ ਵਾਪਰੀ ਘਟਨਾ ਸਿੰਮੀ ਦੇ ਦਿਲੋ ਦਿਮਾਗ 'ਤੇ ਗਹਿਰਾ ਅਸਰ ਕਰਦੀ ਹੈ। ਗਲੀ-ਗੁਆਂਢ ਤੋਂ ਬਾਅਦ ਜਦੋਂ ਸਿੰਮੀ ਦੇ ਸਕੂਲ ਵਿੱਚ ਵੀ ਉਸਦੇ ਦੋਸਤ ਉਸਦੀ ਗੁੱਡੀ ਨਾਲ ਹੋਏ ਹਾਦਸੇ ਦਾ ਮਜ਼ਾਕ ਉਡਾਉਂਦੇ ਹਨ ਤਾਂ ਸਿੰਮੀ ਅੰਦਰੂਨੀ ਰੂਪ ਵਿੱਚ ਸ਼ਰਮਿੰਦਗੀ, ਜ਼ਿੱਲਤ ਅਤੇ ਗੁੱਸੇ ਨਾਲ ਤੜਪ ਉੱਠਦੀ ਹੈ। ਸਿੰਮੀ ਨੂੰ ਜਾਪਦਾ ਹੈ ਜਿਵੇਂ ਉਸਨੇ ਹੀ ਕੋਈ ਅਪਰਾਧ ਕਰ ਦਿੱਤਾ ਹੋਵੇ। ਨਮੋਸ਼ੀ ਅਤੇ ਲੋਕਾਂ ਦੀਆਂ ਟਿੱਚਰਾਂ ਤੋਂ ਦੁਖੀ ਹੋਈ ਸਿੰਮੀ ਆਪਣੀ ਮਾਂ ਨੂੰ ਸੰਦੂਕ ਵਿੱਚ ਲੁਕਾਈ ਗੁੱਡੀ ਨੂੰ ਬਾਹਰ ਕੱਢ ਕੇ ਸਾੜਨ ਲਈ ਕਹਿੰਦੀ ਹੈ :

"ਬੀਜੀ ਦਫ਼ਾ ਕਰੀਏ ਆਪਾਂ ਹੁਣ ਇਸ ਗੁੱਡੀ ਨੂੰ, ਸਾੜ ਸੁੱਟੋ ਏਹਨੂੰ...।"

...ਬੀਜੀ ਇਸ ਕਲਮੂੰਹੀ ਗੁੱਡੀ ਨੂੰ ਸਾੜ ਸੁੱਟੋ... ਮੈਂ ਨਹੀਂ ਰੱਖਣੀ ਹੁਣ ਇਹ ਆਪਣੇ ਘਰ...।

"ਨਹੀਂ ਰੱਖਣੀ ਮੈਂ ਇਹ ਰੰਡੀ ਗੁੱਡੀ...।"[57]

ਹੁਣ ਜਦੋਂ ਸਿੰਮੀ ਪ੍ਰੋਢ ਅਵਸਥਾ ਵਿੱਚ ਪ੍ਰਵੇਸ਼ ਕਰ ਚੁੱਕੀ ਹੈ ਤਾਂ ਆਪਣੇ ਅੰਦਰ ਵਿਕਸਤ ਹੋਈ ਨਾਰੀ ਚੇਤਨਾ ਸਦਕਾ ਅੱਜ ਉਹ ਔਰਤ ਨੂੰ ਹਾਸ਼ੀਏ ਤੇ ਧੱਕਣ ਵਾਲੀ ਪਿੱਤਰਕੀ ਪ੍ਰਬੰਧ ਦੀ ਸਿਆਸਤ ਨੂੰ ਵੀ ਸਮਝਣ ਤੋਂ ਅਣਜਾਣ ਨਹੀਂ ਸੀ ਰਹੀ। ਅੱਜ ਵੀ ਉਹ ਗੁੱਡੀ ਵਾਲੀ ਘਟਨਾ ਨੂੰ ਯਾਦ ਕਰਕੇ ਦੁਖੀ ਤਾਂ ਜ਼ਰੂਰ ਹੁੰਦੀ ਹੈ ਪਰ ਹੁਣ ਉਹ ਇਹ ਗੱਲ ਸਮਝ ਸਕਦੀ ਸੀ ਕਿ ਪਿੱਤਰਸੱਤਾਤਮਕ ਸਮਾਜਿਕ ਢਾਂਚੇ ਵਿੱਚ ਮਰਦ ਦੀ ਪਿੱਤਰੀ ਸੱਤਾ ਦੇ ਨਾਲ-ਨਾਲ ਔਰਤ ਦੀ ਪਿੱਤਰੀ ਮਾਨਸਿਕਤਾ ਵੀ ਔਰਤ ਦੇ ਦਮਨ ਲਈ ਬਰਾਬਰ ਦੀ ਜ਼ਿੰਮੇਵਾਰ ਹੈ।

ਨਿਰਮਲ ਜਸਵਾਲ ਰਚਿਤ 'ਅੰਗਾਰ' ਕਹਾਣੀ ਮਰਦ ਪਾਤਰ ਦੀ ਔਰਤ ਨੂੰ ਸਿਰਫ਼ ਦੇਹ ਸਮਝ ਕੇ ਭੋਗਣ ਵਾਲੀ ਪੈਤਰਿਕ ਮਾਨਸਿਕਤਾ ਦੀ ਸ਼ਿਕਾਰ ਹੋਈ ਪਾਤਰ ਸੁਨੀਲਾ ਦੇ ਦੁਖਾਂਤ ਨੂੰ ਰੂਪਮਾਨ ਕਰਦੀ ਹੈ। ਚੰਡੀਗੜ੍ਹ ਵਿੱਚ ਨਰਸਿੰਗ ਦੀ ਪੜ੍ਹਾਈ ਕਰਦੀ ਪਾਤਰ ਸੁਨੀਲਾ ਆਪਣੇ ਪ੍ਰੇਮੀ ਵਿਸ਼ਾਲ ਨਾਲ ਜ਼ਿੰਦਗੀ ਨੂੰ ਭਰਪੂਰਤਾ ਨਾਲ ਮਾਣਨ ਦੀ ਇੱਛਾ ਰੱਖਦੀ ਹੈ। ਪਰ ਸਥਿਤੀ ਦਾ ਦੁਖਾਂਤ ਇਹ ਹੈ ਕਿ ਵਿਸ਼ਾਲ ਨਾਲ

ਮਦਮਸਤ ਜ਼ਿੰਦਗੀ ਜਿਊਂਦੀ ਸੁਨੀਲਾ ਵਿਸ਼ਾਲ ਦੇ ਦੋਸਤਾਂ ਦੀਆਂ ਨਜ਼ਰਾਂ ਵਿੱਚ 'ਕਾਮ ਅਗਨੀ' ਬਣ ਕੇ ਚੁੱਭਣ ਲੱਗਦੀ ਹੈ। ਔਰਤ ਦੇਹ ਨੂੰ ਭੋਗਣ ਦੀ ਲਾਲਸਾ ਵਿੱਚ ਲੁੱਛਦੇ ਹੋਏ ਉਹ ਅਕਸਰ ਵਿਸ਼ਾਲ ਨੂੰ ਟਿੱਚਰਾਂ ਕਰਦੇ:

"ਲੈ ਸਾਡੇ ਨਾਲ ਰਹਿ ਕੱਲੇ ਕੱਲੇ ਹੀ ਅੱਗ ਖਾ ਰਿਹਾ ਹੈ?"[58]

ਇੱਥੇ ਮਰਦ ਪਾਤਰਾਂ ਵੱਲੋਂ ਔਰਤ ਲਈ ਵਰਤਿਆ 'ਅੱਗ' ਦਾ ਬਿੰਬ ਮਰਦ ਪਾਤਰਾਂ ਦੇ ਔਰਤ ਪ੍ਰਤੀ ਸੰਕੁਚਿਤ ਨਜ਼ਰੀਏ ਨੂੰ ਪ੍ਰਗਟਾਉਂਦਾ ਹੈ। ਮਰਦਾਵੇਂ ਸਮਾਜ ਵਿੱਚ ਔਰਤ ਦੀ ਜਵਾਨੀ ਉਸਦੀ ਸ਼ਖ਼ਸ਼ੀਅਤ ਦਾ ਗੁਣ ਨਹੀਂ, ਸਗੋਂ ਉਸਦੇ ਵਿਰੋਧੀ ਲਿੰਗ ਮਰਦ ਦੀਆਂ ਨਜ਼ਰ ਵਿੱਚ ਕਾਮ ਦੀ ਅੱਗ ਹੈ। ਭਾਵੇਂ ਕਿ ਮਰਦ ਵਿੱਚ ਵੀ ਇਹੋ ਜਿਨਸੀ ਅੱਗ ਮੌਜੂਦ ਹੈ ਪ੍ਰੰਤੂ ਪਿੱਤਰੀ ਸਮਾਜ ਨੇ ਔਰਤ ਦੇ ਜਿਨਸੀ ਜਜ਼ਬੇ ਨੂੰ 'ਕਮਜ਼ੋਰੀ' ਵਜੋਂ ਪੇਸ਼ ਕਰਦਿਆਂ ਮਰਦ ਨੂੰ ਇਸ 'ਕਮਜ਼ੋਰੀ' ਤੋਂ ਬਰੀ ਰੱਖਿਆ ਹੈ। ਮਰਦ ਲਈ ਤਾਂ ਜਿਨਸੀ ਖੁਸ਼ੀ ਪ੍ਰਾਪਤ ਕਰਨਾ ਕੁਦਰਤ ਵੱਲੋਂ ਬਖ਼ਸ਼ਿਆ ਹੱਕ ਹੈ ਪਰ ਇਸਦੇ ਮੁਕਾਬਲੇ ਤੇ ਔਰਤ ਵੱਲੋਂ ਲਈ ਜਾਂਦੀ ਜਿਨਸੀ ਖੁੱਲ੍ਹ ਨੂੰ ਨਾਜ਼ਾਇਜ ਅਤੇ ਨਾਪਾਕ ਠਹਿਰਾਉਣ ਲਈ ਉਸਨੂੰ 'ਅੱਗ' ਦਾ ਨਾਂ ਦੇ ਦਿੱਤਾ ਗਿਆ। ਇਸ ਪਿੱਛੇ ਦੋਹਰੀ ਰਾਜਨੀਤੀ ਕੰਮ ਕਰਦੀ ਹੈ ਇਕ ਤਾਂ ਪਿੱਤਰਕੀ ਸਮਾਜ ਵਿੱਚ ਮਰਦ ਸੱਤਾ ਨੂੰ ਉੱਚਾ ਮੰਨਵਾਉਣ ਦੀ ਧਾਰਨਾ ਨੂੰ ਬਲ ਮਿਲਦਾ ਹੈ ਦੂਜਾ ਔਰਤ ਨੂੰ ਨਿਮਨ ਦਰਜੇ ਦੀ ਸਾਬਤ ਕਰਕੇ ਮਰਦ ਨੂੰ ਆਸਾਨੀ ਨਾਲ ਦੋਸ਼ ਮੁਕਤ ਕੀਤਾ ਜਾ ਸਕਦਾ ਹੈ। ਮਰਦ ਜੇਕਰ ਜਿਨਸੀ ਲੋੜ ਦਾ ਪ੍ਰਗਟਾਵਾ ਕਰੇ ਜਾਂ ਜਿਨਸੀ ਹਰਕਤ ਕਰੇ ਇਸਨੂੰ ਉਸਦੀ ਮਰਦਾਨਗੀ ਨਾਲ ਜੋੜ ਦਿੱਤਾ ਜਾਂਦਾ ਹੈ ਪ੍ਰੰਤੂ ਜੇਕਰ ਔਰਤ ਆਪਣੀਆਂ ਜਿਨਸੀ ਖ਼ਾਹਿਸ਼ਾਂ ਦੀ ਪੂਰਤੀ ਲਈ ਕੋਈ ਖੁੱਲ੍ਹ ਲੈਣ ਦਾ ਯਤਨ ਕਰੇ ਤਾਂ ਸਮਾਜ ਉਸਨੂੰ ਅੱਗ ਕਹਿੰਦਾ ਹੋਇਆ ਭੰਡਣ ਦੀ ਕੋਸ਼ਿਸ਼ ਕਰਦਾ ਹੈ। ਉਸਦੀ ਇਸ ਅੱਗ ਨੂੰ ਬੁਝਾਉਣ ਲਈ ਸਮੁੱਚਾ ਮਰਦਤੰਤਰ ਆਪਣੀ ਪੂਰੀ ਸੱਤਾ ਨਾਲ ਉਸਤੇ ਕਾਬਜ਼ ਹੋਣ ਲਈ ਉਤੇਜਿਤ ਹੋ ਜਾਂਦਾ ਹੈ। ਪਾਤਰ ਸੁਨੀਲਾ ਜਿਹੜੀ ਕਿ ਪਿੱਤਰੀ ਸਮਾਜ ਦੀਆਂ ਵਰਜਣਾਵਾਂ ਨੂੰ ਤੋੜ ਕੇ ਜਿਨਸੀ ਖੁੱਲ੍ਹ ਮਾਣਨ ਦੀ ਹਿਮਾਕਤ ਕਰਦੀ ਹੈ, ਤਾਂ ਉਹ ਸਮੁੱਚੀ ਮਰਦਸੱਤਾ ਨੂੰ ਚੁਣੌਤੀ ਜਾਪਦੀ ਹੈ। ਮਰਦ ਦੇ ਬਰਾਬਰ ਖੁੱਲ੍ਹਾਂ ਮਾਣਦੀ ਪਾਤਰ ਸੁਨੀਲਾ ਦੀ ਸਥਿਤੀ ਉਸ ਸਮੇਂ ਦੁਖਦਾਇਕ ਬਣ ਜਾਂਦੀ ਹੈ ਜਦੋਂ ਉਹ ਆਪਣੇ ਪ੍ਰੇਮੀ ਵਿਸ਼ਾਲ ਦੇ ਐਮ.ਐਲ.ਏ. ਅੰਕਲ ਦੀ ਕਾਮ ਹਵਸ ਦੀ ਪੂਰਤੀ ਦਾ ਸਾਧਨ ਬਣ ਜਾਂਦੀ ਹੈ :

> ...ਤੇ ਵਿਸ਼ਾਲ ਦੇ ਜਾਂਦਿਆ ਹੀ ਦੋ ਬਾਹਾਂ ਕਿਤੋਂ ਨਿਕਲ ਆਈਆਂ। ਚੀਖਦੇ ਰੋਂਦੇ ਕੁਰਲਾਂਦੇ ਹੰਝੂਆਂ ਨਾਲ ਭਿੱਜੇ ਉਸਦੇ ਚਿਹਰੇ ਉੱਤੇ ਜੜੀਆਂ ਉਸ ਦੀਆਂ ਅੱਖਾਂ ਨੇ ਕੱਟੀ ਦਾੜ੍ਹੀ ਅਤੇ ਬਿਖਰੇ ਕੇਸ਼ਾਂ 'ਚ ਘਿਰੇ ਜਿਸ ਚਿਹਰੇ ਨੂੰ ਵੇਖਿਆ ਤਾਂ ਉਹ ਬੇਵੱਸ ਹੋ ਗਈ।[59]

ਆਪਣੇ ਨਾਲ ਵਾਪਰੇ ਅਣਕਿਆਸੇ ਘਟਨਾਕ੍ਰਮ ਤੋਂ ਬਾਅਦ ਪਾਤਰ ਸੁਨੀਲਾ ਵਿਸ਼ਾਲ ਜਿਹੇ ਡਰਪੋਕ, ਕਮਜ਼ੋਰ ਮਰਦ ਨਾਲੋਂ ਹਮੇਸ਼ਾ ਲਈ ਨਾਤਾ ਤੋੜ ਲੈਂਦੀ ਹੈ ਜਿਹੜਾ ਨਾਂ ਤਾਂ ਉਸ ਨਾਲ ਹੋਈ ਜ਼ਿਆਦਤੀ ਦਾ ਵਿਰੋਧ ਕਰ ਸਕਿਆ ਸੀ ਅਤੇ ਨਾ ਹੀ ਆਪਣੇ ਅੰਕਲ ਖ਼ਿਲਾਫ਼ ਕੋਈ ਕਾਰਵਾਈ ਕਰਨ ਵਿੱਚ ਉਸਦਾ ਸਾਥ ਦੇ ਸਕਿਆ ਸੀ। ਉਹ ਸਮੁੱਚੀ ਮਰਦ ਜਾਤ ਪ੍ਰਤੀ ਨਫ਼ਰਤ ਨਾਲ ਭਰ ਜਾਂਦੀ ਹੈ। ਬਲਦੇ ਦੀ ਭਾਵਨਾ ਨਾਲ ਭਰੀ ਉਹ ਵੱਖ-ਵੱਖ ਮਰਦਾਂ ਨਾਲ ਸੰਬੰਧ ਬਣਾਉਂਦੀ ਹੋਈ ਉਹਨਾਂ ਨੂੰ ਭੋਗਦੀ ਤਾਂ ਜ਼ਰੂਰ ਹੈ ਪਰ ਉਹ ਕਿਸੇ ਵੀ ਮਰਦ ਨੂੰ ਆਪਣੀ ਜ਼ਿੰਦਗੀ ਦਾ ਸਥਾਈ ਰੂਪ ਵਿੱਚ ਹਿੱਸਾ ਨਹੀਂ ਬਣਾਉਂਦੀ।

'ਇਕ ਲੰਮੀ ਉਦਾਸੀ' ਕਹਾਣੀ ਵਿਚਲੇ ਮਰਦ ਪਾਤਰ ਦੀ ਸੋਚ ਵੀ ਔਰਤ ਨੂੰ ਸਿਰਫ਼ ਉਪਭੋਗ ਦੀ ਵਸਤੂ ਸਮਝਣ ਤੱਕ ਸਿਮਟ ਕੇ ਰਹਿ ਜਾਂਦੀ ਹੈ। ਕਹਾਣੀ ਦਾ ਮੁੱਖ ਪਾਤਰ ਇਕ ਐਨ.ਆਰ.ਆਈ. ਹੈ ਜਿਹੜਾ ਆਪਣੀ ਪਤਨੀ ਤੋਂ ਵੱਖ ਰਹਿੰਦਾ ਹੈ। ਪਤਨੀ ਤੋਂ ਅੱਡ ਹੋਣ ਉਪਰੰਤ ਉਹ ਵੱਖ-ਵੱਖ ਔਰਤਾਂ ਰਾਹੀਂ ਆਪਣੀ ਕਾਮੁਕ ਭੁੱਖ ਨੂੰ ਤ੍ਰਿਪਤ ਕਰਦਾ ਹੈ। ਉਸਨੂੰ ਜਾਪਦਾ ਹੈ ਕਿ ਉਸਦੀ ਜ਼ਿੰਦਗੀ ਵਿੱਚ ਆਉਣ ਵਾਲੀਆਂ ਇਹ ਔਰਤਾਂ ਉਸਦੇ ਐਨ.ਆਰ.ਆਈ., ਹੋਣ ਦਾ ਫ਼ਾਇਦਾ ਉਠਾਉਂਦੀਆਂ ਹੋਈਆਂ ਉਸਦਾ ਸ਼ੋਸ਼ਣ ਕਰਦੀਆਂ ਹਨ ਪ੍ਰੰਤੂ ਅਸਲੀਅਤ ਵਿੱਚ ਉਹ ਖ਼ੁਦ ਉਹਨਾਂ ਔਰਤਾਂ ਦੇ ਜਿਸਮ ਨੂੰ ਆਪਣੇ ਭੋਗ ਦੀ ਵਸਤੂ ਸਮਝਦਾ ਹੋਇਆ ਉਹਨਾਂ ਦਾ ਸਰੀਰਕ, ਮਾਨਸਿਕ ਸ਼ੋਸ਼ਣ ਕਰਦਾ ਹੈ। ਉਮਰ ਦੇ ਪਛੰਹਤਰਵੇਂ ਵਰ੍ਹੇ ਵਿੱਚ ਪਹੁੰਚ ਕੇ ਵੀ ਮਰਦ ਪਾਤਰ ਅੰਦਰੋਂ ਸੁੰਦਰ ਔਰਤ ਦੇਹ ਨੂੰ ਭੋਗਣ ਦੀ ਲਾਲਸਾ ਖ਼ਤਮ ਨਹੀਂ ਹੁੰਦੀ। ਉਸਦੀ ਸੋਚ ਅਨੁਸਾਰ:

> ...ਪੇਟ ਦੀ ਭੁੱਖ ਤੋਂ ਬਾਅਦ ਆਦਮੀ ਨੂੰ ਜਿਸਮ ਦੀ ਭੁੱਖ ਹਲਕਾਏ ਕੁੱਤੇ ਵਾਂਗ ਤੜਫਾਈ ਰੱਖਦੀ ਹੈ ਤੇ ਤੀਵੀਆਂ ਨੂੰ ਕੁਦਰਤ ਨੇ ਤਾਂ ਪੈਦਾ ਹੀ ਇਸੇ ਲਈ ਕੀਤਾ ਹੈ, ਸਜਾਵਟ ਅਤੇ ਭੋਗ ਦੀ ਵਸਤੂ ਵਾਂਗ।[60]

ਇੱਥੇ ਮਰਦ ਪਾਤਰ ਪਿੱਤਰਸੱਤਾ ਦੁਆਰਾ ਔਰਤ ਨੂੰ ਹਾਸ਼ੀਆਕ੍ਰਿਤ ਕਰਨ ਲਈ ਸਿਰਜਤ ਮਿੱਥਕ ਪ੍ਰਵਚਨਾਂ ਦਾ ਸ਼ਿਕਾਰ ਹੋ ਕੇ ਨਾ ਕੇਵਲ ਔਰਤ ਪ੍ਰਤੀ ਆਪਣੇ ਸੰਕੁਚਿਤ ਨਜ਼ਰੀਏ ਨੂੰ ਦਰਸਾ ਰਿਹਾ ਹੈ ਬਲਕਿ ਆਪਣੀ ਅੰਦਰੂਨੀ ਕਮਜ਼ੋਰੀ ਨੂੰ ਲੁਕਾਉਣ ਦਾ ਵੀ ਯਤਨ ਕਰ ਰਿਹਾ ਹੈ। ਦਰਅਸਲ ਔਰਤ ਦੀ ਸਭ ਤੋਂ ਵੱਡੀ ਤ੍ਰਾਸਦੀ ਹੀ ਇਹ ਹੈ ਕਿ ਮਰਦ ਪ੍ਰਧਾਨ ਸਮਾਜ ਵਿੱਚ ਉਸਨੂੰ ਕਦੇ ਵੀ ਸੰਪੂਰਨ ਮਾਨਵ ਦੇ ਰੂਪ ਵਿੱਚ ਸਵੀਕਾਰ ਨਹੀਂ ਕੀਤਾ ਜਾਂਦਾ। ਕਦੇ ਉਹ ਉਸਨੂੰ 'ਕਾਮਣੀ' ਮੰਨ ਕੇ ਉਸ ਕੋਲੋਂ ਦੂਰ ਰਹਿਣ ਦੀ ਨਸੀਹਤ ਦਿੰਦਾ ਹੈ ਅਤੇ ਕਦੇ ਉਹ ਔਰਤ ਨੂੰ ਕੁਦਰਤ ਵੱਲੋਂ ਮਰਦ ਦੇ ਉਪਭੋਗ ਲਈ ਬਣੀ ਵਸਤੂ ਤੱਕ ਸੀਮਤ ਕਰਦਾ ਹੋਇਆ ਆਪਣੀ ਸ਼੍ਰੇਸ਼ਟਤਾ ਦਾ ਦਾਅਵਾ ਕਰਦਾ ਹੈ।

'ਮੱਛੀਆਂ' ਕਹਾਣੀ ਵਿੱਚ ਨਿਰਮਲ ਜਸਵਾਲ ਜਿੱਥੇ ਔਰਤ ਦੇਹ ਨੂੰ ਭੋਗਣ ਲਈ ਲੁੱਛਦੇ, ਤੜਪਦੇ ਮਰਦ ਪਾਤਰਾਂ ਦੇ ਘਿਨਾਉਣੇ ਰੂਪ ਨੂੰ ਬੇਨਕਾਬ ਕਰਦੀ ਹੈ, ਉੱਥੇ ਨਾਲ ਹੀ ਮਰਦਾਂ ਦੇ ਇਸ ਜਿਨਸੀ ਹਾਬੜੇਪਣ ਤੋਂ ਦੁਖੀ ਔਰਤ ਪਾਤਰਾਂ (ਪਤਨੀਆਂ) ਦੁਆਰਾ ਹੰਢਾਏ ਜਾ ਰਹੇ ਮਾਨਸਿਕ ਸੰਤਾਪ ਨੂੰ ਵੀ ਉਜਾਗਰ ਕਰਦੀ ਹੈ। ਬਿਰਤਾਂਤ ਵਿੱਚ ਮੁੱਖ ਪਾਤਰ ਮੀਰਾ, ਉਸਦੀ ਸਹੇਲੀ ਮਲਿਕਾ ਅਤੇ ਮੀਰਾ ਦੀ ਰਿਸਰਚ ਸਾਥਣ ਇਕੋ ਸਮੱਸਿਆ ਨਾਲ ਘੁਲ ਰਹੀਆਂ ਦਿਖਾਈ ਦਿੰਦੀਆਂ ਹਨ। ਮੁੱਖ ਪਾਤਰ ਮੀਰਾ ਆਪਣੇ ਪਤੀ ਦੀਪਕ ਦੀ ਉਲਾਰੂ ਕਾਮੁਕ ਬਿਰਤੀ ਤੋਂ ਇੰਨੀ ਪ੍ਰੇਸ਼ਾਨ ਹੋ ਜਾਂਦੀ ਹੈ ਕਿ ਉਹ ਪਤੀ ਦਾ ਘਰ ਛੱਡ ਕੇ ਵੱਖ ਰਹਿਣ ਲੱਗਦੀ ਹੈ। ਦੀਪਕ ਨਾਲ ਜੁੜੀਆਂ ਘਟਨਾਵਾਂ ਉਸਦੇ ਅਚੇਤਨ ਦਾ ਹਿੱਸਾ ਬਣ ਕੇ ਉਸਨੂੰ ਜ਼ਿੰਦਗੀ ਭਰ ਲਈ ਘੋਰ ਡਿਪ੍ਰੈਸ਼ਨ ਵਿੱਚ ਧੱਕ ਦਿੰਦੀਆਂ ਹਨ। ਦੀਪਕ ਹੱਥੋ ਸ਼ੋਸ਼ਿਤ ਹੋਈ ਮੁੱਖ ਪਾਤਰ ਮੀਰਾ ਆਪਣੇ ਦਰਦ ਨੂੰ ਇਸ ਤਰ੍ਹਾਂ ਬਿਆਨ ਕਰਦੀ ਹੈ :

> ਦਰਅਸਲ ਸੁਖਵੰਤ ਦੀ ਤਰ੍ਹਾਂ ਹੀ ਦੀਪਕ ਮੇਰਾ ਪਤੀ ਵੀ ਉਸ ਦਿਨ ਝੀਥਾਂ ਥਾਣੀ ਸਾਂਵਲੀ ਨੂੰ ਟੋਹ ਰਿਹਾ ਸੀ। ਮੈਂ ਗੱਡੀ ਜਿਹੀ ਗਈ ਤੇ ਆਪਣੇ ਬਿਸਤਰ ਦੀ ਚਾਦਰ ਅੰਦਰ ਲੁਕ ਗਈ।..."ਮੈਂ ਕਿਹੜਾ ਸਾਂਵਲੀ ਦਾ ਰੇਪ ਕਰਤਾ ਜੋ ਤੂੰ ਮੂੰਹ ਵੱਟ ਲਿਆ ਹੈ?" ਦੀਪਕ ਬਹਿਸ ਤੇ ਉਤਰ ਆਇਆ। ...ਮੈਂ ਲਾਚਾਰ ਹੋ ਗਈ ਡਿਪ੍ਰੈਸ਼ਨ ਦੀ ਚਾਦਰ ਦੁਆਲੇ ਵਲੇਟ ਲਈ ...ਤੇ ਅੱਜ ਤੱਕ ਉਸੇ ਡਿਪ੍ਰੈਸ਼ਨ ਦੀ ਚਾਦਰ ਉਹਲਿਓਂ ਦੀਪਕ ਦੀ ਕੌੜੀ ਮੁਸਕਰਾਹਟ ਨੂੰ ਤੱਕ ਰਹੀ ਹਾਂ।[61]

ਦਰਅਸਲ ਪਿੱਤਰੀ ਪ੍ਰਬੰਧ ਵਿੱਚ ਸ਼ਰਮ, ਹਯਾ, ਇੱਜ਼ਤ ਔਰਤ ਦੇ ਗਹਿਣੇ ਹਨ, ਮਰਦ ਦੇ ਨਹੀਂ। ਇੱਥੇ ਮਰਦ ਪਾਤਰ ਦਾ ਕੁਕਰਮ ਔਰਤ ਨੂੰ ਸ਼ਰਮਸਾਰ ਕਰਦਾ ਹੈ ਪ੍ਰੰਤੂ ਕੁਕਰਮ ਕਰਤਾ ਕਿਸੇ ਸ਼ਰਮ ਜਾਂ ਬੇਇੱਜ਼ਤੀ ਭਾਵ ਤੋਂ ਨਿਰਲੇਪ ਰਹਿੰਦਾ ਹੈ। ਮੁੱਖ ਪਾਤਰ ਮੀਰਾ ਪਤੀ ਦੀਪਕ ਦੀ ਅਸ਼ਲੀਲ ਹਰਕਤ ਦੇਖ ਕੇ ਸ਼ਰਮ, ਗੁੱਸੇ ਅਤੇ ਕ੍ਰੋਧ ਨਾਲ ਅਸਹਿਜ ਅਤੇ ਪ੍ਰੇਸ਼ਾਨ ਹੋ ਜਾਂਦੀ ਹੈ ਜਦੋਂ ਕਿ ਦੀਪਕ ਪਤਨੀ ਸਾਹਮਣੇ ਨਾ ਕੇਵਲ ਕਿਸੇ ਗੁਨਾਹ ਭਾਵ ਤੋਂ ਮੁਕਤ ਦਿਖਾਈ ਦਿੰਦਾ ਹੈ ਬਲਕਿ ਮੀਰਾ ਦੁਆਰਾ ਪ੍ਰਗਟਾਏ ਜਾ ਰਹੇ ਇਤਰਾਜ਼ ਤੋਂ ਨਾਰਾਜ਼ ਹੁੰਦਾ ਹੋਇਆ ਉਸਨੂੰ ਦੁਬਾਉਣ ਦੀ ਵੀ ਕੋਸ਼ਿਸ਼ ਕਰਦਾ ਹੈ। ਮੀਰਾ ਅਜਿਹੇ ਮਰਦ ਨਾਲ ਜ਼ਿੰਦਗੀ ਗੁਜ਼ਾਰਨ ਤੋਂ ਇਨਕਾਰੀ ਹੋ ਜਾਂਦੀ ਹੈ ਜਿਸਦੀ ਸਮੁੱਚੀ ਚੇਤਨਾ ਨਾਰੀ ਦੇਹ ਨੂੰ ਮਾਨਣ ਉੱਪਰ ਸਿਮਟ ਚੁੱਕੀ ਸੀ। ਕਹਾਣੀ ਵਿੱਚ ਜਦੋਂ ਮੀਰਾ ਆਪਣੀ ਸਹੇਲੀ ਮਲਿਕਾ ਅਤੇ ਰਿਸਰਚ ਸਾਥਣ ਦੇ ਮੂੰਹੋਂ ਉਹਨਾਂ ਦੇ ਪਤੀਆਂ ਦੀਆਂ ਕੋਹਝੀਆਂ ਤੇ ਅਸ਼ਲੀਲ ਹਰਕਤਾਂ ਬਾਰੇ ਸੁਣਦੀ ਹੈ ਤਾਂ ਉਹ ਸਮੁੱਚੀ ਮਰਦ ਜਾਤ ਪ੍ਰਤੀ ਨਫ਼ਰਤ ਨਾਲ ਭਰ ਜਾਂਦੀ ਹੈ:

"ਮੈਨੂੰ ਸਾਰੇ ਮਰਦ ਮਨੋਰੋਗੀ ਤੇ ਅਤ੍ਰਿਪਤ ਦਿਸਦੇ ਨੇ।"[62]

ਇੱਥੇ ਮੁੱਖ ਪਾਤਰ ਮੀਰਾ ਆਪਣੀ ਦਮਨਸ਼ੀਲ ਸਥਿਤੀ ਲਈ ਮਰਦ ਨੂੰ ਜ਼ਿੰਮੇਵਾਰ ਮੰਨ ਕੇ ਉਸ ਨਾਲ ਵਿਰੋਧਤਾ ਸਿਰਜ ਰਹੀ ਹੈ ਜਦੋਂ ਕਿ ਔਰਤ ਦੀ ਨਿਮਨ ਸਥਿਤੀ ਲਈ ਜ਼ਿੰਮੇਵਾਰ ਪਿੱਤਰਕੀ ਪ੍ਰਬੰਧ ਹੈ ਜੋ ਮਰਦ ਦੀ ਮਾਨਸਿਕਤਾ ਨੂੰ ਹੀ ਇਸ ਤਰ੍ਹਾਂ ਦੀ ਬਣਾ ਦਿੰਦਾ ਹੈ ਕਿ ਮਰਦ ਸਹਿਜ ਸੁਭਾਵਿਕ ਹੀ ਆਪਣੇ ਆਪ ਨੂੰ ਔਰਤ ਨਾਲੋਂ ਸ਼੍ਰੇਸ਼ਟ ਅਤੇ ਸੱਤਾਸ਼ਾਲੀ ਹੋਣ ਦਾ ਭਰਮ ਬਣਾ ਲੈਂਦਾ ਹੈ। ਨਾਰੀਵਾਦੀ ਚਿੰਤਕ ਕਮਲਾ ਅਨੁਸਾਰ:

> ਮਰਦ ਪੈਦਾ ਨਹੀਂ ਹੁੰਦੇ ਸਗੋਂ ਪਿੱਤਰਸੱਤਾ ਫੈਕਟਰੀ ਉਨ੍ਹਾਂ ਨੂੰ ਅਜਿਹੇ ਬਣਾ ਦਿੰਦੀ ਹੈ।...ਮੈਂ ਮੰਨਦੀਂ ਹਾਂ ਇਹ ਔਰਤ-ਮਰਦ ਦਰਮਿਆਨ ਲੜਾਈ ਨਹੀਂ ਸਗੋਂ ਵਿਚਾਰਧਾਰਾ ਦੀ ਲੜਾਈ ਹੈ।[63]

ਕਹਾਣੀ ਵਿੱਚ ਮੀਰਾ ਵਾਂਗ ਹੀ ਉਸਦੀ ਰਿਸਰਚ ਸਾਥਣ ਵੀ ਪਿੱਤਰਸੱਤਾ ਅਤੇ ਮਰਦਸੱਤਾ ਹੱਥੋਂ ਸ਼ੋਸ਼ਿਤ ਹੋਈ ਔਰਤ ਵਜੋਂ ਆਪਣਾ ਦੁੱਖ ਇਸ ਤਰ੍ਹਾਂ ਬਿਆਨ ਕਰਦੀ ਹੈ :

> "ਸਭ ਛੂਠ ਏ ਵਿਆਹ-ਵਿਊ, ਪਹਿਲਾਂ ਕੁੜੀ ਪੜ੍ਹੇ ਲਿਖੇ ਸੁਫਨੇ ਵੇਖੇ, ਘਰ ਵਸਾਏ ਤੇ ਫੇਰ ਇਕ ਦਿਨ ਉਸਨੂੰ ਪਤਾ ਲੱਗੇ ਸਭ ਕੁਝ ਫਜ਼ੂਲ ਹੈ- ਬੇਅਰਥ ਹੈ...।" ਅਸਲ ਗੱਲ ਤਾਂ ਇਹ ਆ ਕਿ ਮੇਰਾ ਪਤੀ ਮੈਨੂੰ ਗ਼ੈਰ-ਕੁਦਰਤੀ ਕੰਮਾਂ ਲਈ ਉਕਸਾਉਂਦਾ ਸੀ। ਮੈਂ ਉਸ ਲਈ ਅਨਫਿਟ ਸੀ, ਛੱਡ ਤਾ ਸਾਰਾ ਕੁਝ ...ਹੁਣ ਮੈਂ ਆਪਣੀ ਰਿਸਰਚ ਪੂਰਾ ਕਰਨਾ ਚਾਹੁੰਦੀ ਹਾਂ।"[64]

ਇੱਥੇ ਕਹਾਣੀਕਾਰ ਮੀਰਾ ਦੀ ਰਿਸਰਚ ਸਾਥਣ ਰਾਹੀਂ ਪ੍ਰਚਲਿਤ ਪਿੱਤਰੀ ਵਿਆਹ ਸੰਸਥਾ ਉੱਪਰ ਕਟਾਖ਼ਸ਼ ਕਰਦੀ ਹੈ ਜੋ ਨਾਰੀ ਉੱਪਰ ਮਰਦ ਸੱਤਾ ਨੂੰ ਕਾਬਜ਼ ਕਰਕੇ ਉਸ ਨੂੰ ਔਰਤ ਦੀ ਦੇਹ ਲੁੱਟ ਦਾ ਅਧਿਕਾਰ ਦਿੰਦੀ ਹੈ। ਵਿਆਹ ਉਪਰੰਤ ਪਤੀ ਪਤਨੀ ਦਾ ਮਾਲਕ ਬਣ ਜਾਂਦਾ ਹੈ, ਜਿਸਦੀ ਔਰਤ ਦੇ ਤਨ-ਮਨ ਉੱਪਰ ਮਾਲਕੀ ਸਮਾਜ-ਸਭਿਆਚਾਰ ਦੁਆਰਾ ਪ੍ਰਭਾਵਿਤ ਹੈ। ਗ੍ਰਹਿਸਥ ਸੰਬੰਧਾਂ ਦੇ ਸਭਿਆਚਾਰਕ ਤਰਕ ਤਹਿਤ ਮਰਦ (ਪਤੀ) ਜਦੋਂ ਮਰਜ਼ੀ ਔਰਤ (ਪਤਨੀ) ਨਾਲ ਸਰੀਰਕ ਸੰਬੰਧ ਸਥਾਪਿਤ ਕਰ ਸਕਦਾ ਹੈ। ਇਹ ਸੰਬੰਧ ਅਨਇੱਛਤ ਜਾਂ ਜਬਰ ਜਿਨਾਹ ਦੀ ਪੱਧਰ ਦੇ ਹੋਣ 'ਤੇ ਵੀ ਸਮਾਜ ਇਸਦੀ ਅਣਦੇਖੀ ਕਰ ਦਿੰਦਾ ਹੈ ਅਤੇ ਔਰਤ ਨੂੰ ਹੀ ਗ਼ੈਰ-ਮਰਿਆਦਤ ਜਾਂ ਪੀੜਤ ਧਿਰ ਠਹਿਰਾਉਂਦਾ ਹੈ। ਕੇਟ ਮਿੱਲਟ ਆਪਣੀ ਪੁਸਤਕ 'ਸੈਕਸੁਅਲ ਪੋਲਿਟਿਕਸ' ਵਿੱਚ ਪਿੱਤਰੀ ਵਿਆਹ ਸੰਬੰਧਾਂ ਵਿੱਚ ਮੌਜੂਦ ਮਰਦ ਹੈਜ਼ਮਨੀ ਸੰਬੰਧੀ ਆਪਣਾ ਤਰਕ ਪੇਸ਼ ਕਰਦੀ ਕਹਿੰਦੀ ਹੈ :

> ਜਿਵੇਂ ਸ਼ਕਤੀ ਆਧਾਰਿਤ ਸੰਬੰਧਾਂ ਵਿੱਚ ਜਿਥੇ ਮਨੁੱਖ ਦੇ ਇਕ ਵਰਗ ਦਾ ਦੂਜੇ ਵਰਗ ਦੇ ਮਨੁੱਖਾਂ ਉਪਰ ਨਿਯੰਤਰਣ ਹੁੰਦਾ ਹੈ, ਉਸੇ ਤਰ੍ਹਾਂ ਲਿੰਗਕ ਰਾਜਨੀਤੀ ਵਿੱਚ ਇਕ ਸੈਕਸ ਦੀ ਦੂਜੇ ਸੈਕਸ ਉੱਤੇ ਸੰਭਾਵੀ ਧੱਕੇਸ਼ਾਹੀ ਜਾਂ ਪ੍ਰਭੁਤਾ ਹੁੰਦੀ ਹੈ।[65]

ਜਿੱਥੇ ਮੁੱਖ ਪਾਤਰ ਮੀਰਾ ਅਤੇ ਉਸਦੀ ਰਿਸਰਚ ਸਾਥਣ ਮਰਦ ਦੇ ਦਾਬੇ ਤੋਂ ਨਿਜਾਤ ਪਾਉਂਦੀਆਂ ਹੋਈਆਂ ਮਰਦ ਹੈਜ਼ਮਨੀ ਵਾਲੇ ਘਰ ਵਿੱਚੋਂ ਬਾਹਰ ਨਿਕਲ ਆਉਂਦੀਆਂ ਹਨ, ਉੱਥੇ ਦੂਜੇ ਪਾਸੇ ਮੀਰਾ ਦੀ ਸਹੇਲੀ ਮਲਿਕਾ ਆਪਣੇ ਤੋਂ ਦੁੱਗਣੀ ਉਮਰ ਦੇ ਪਤੀ ਸੁਖਵੰਤ ਦੇ ਕਾਮੁਕ ਹਾਬੜੇਪਣ ਤੋਂ ਤੰਗ ਆ ਕੇ ਘਰ ਨਹੀਂ ਛੱਡਦੀ ਬਲਕਿ ਉਸਦੀ ਪਿੱਤਰੀ ਮਾਨਸਿਕਤਾ ਅਤੇ ਮਰਦਸੱਤਾ ਨੂੰ ਚੁਣੌਤੀ ਦੇਣ ਲਈ ਤਿਆਰ ਹੋ ਜਾਂਦੀ ਹੈ :

> "ਲਗਦਾ ਮੈਨੂੰ ਹਾਲਾਤ ਦਾ ਸਾਹਮਣਾ ਕਰਨਾ ਚਾਹੀਦਾ ਹੈ, ਸੁੱਖ ਦੇ ਕਮਲਪੁਣੇ ਦੇ ਨਾਟਕ ਦਾ ਅੰਤ ਹੋਣਾ ਹੀ ਚਾਹੀਦਾ।"[66]

ਇੱਥੇ ਮਲਿਕਾ ਇਕ ਚੇਤੰਨ ਔਰਤ ਵਜੋਂ ਉੱਭਰਦੀ ਹੈ ਜਿਹੜੀ ਆਪਣੇ ਸਵੈਮਾਨ ਲਈ ਵਿਰੋਧੀ ਪ੍ਰਸਥਿਤੀਆਂ ਨਾਲ ਟਕਰਾਉਣ ਦੀ ਜ਼ੁਰੱਅਤ ਕਰਦੀ ਹੈ।

ਆਧੁਨਿਕ ਨਵ-ਪੂੰਜੀਵਾਦੀ ਯੁੱਗ ਵਿੱਚ ਸੰਚਾਰ ਦੇ ਸਾਧਨਾਂ ਨੇ ਜਿੱਥੇ ਔਰਤ ਅੰਦਰ ਇੱਕ ਨਵੀਂ ਚੇਤਨਾ ਪੈਦਾ ਕੀਤੀ ਹੈ, ਉਥੇ ਦੂਜੇ ਪਾਸੇ ਨਵੇਂ ਢੰਗ ਨਾਲ ਉਸਦੇ ਸਰੀਰਕ, ਮਾਨਸਿਕ ਸ਼ੋਸ਼ਣ ਨੂੰ ਵੀ ਬੜ੍ਹਾਵਾ ਮਿਲਿਆ। ਉਸਦੀ ਦੇਹ ਨੂੰ ਇਕ ਖ਼ੂਬਸੂਰਤ ਵਸਤੂ ਵਜੋਂ ਲੈ ਕੇ ਪਰਦੇ 'ਤੇ ਆਕਰਸ਼ਕ ਢੰਗ ਨਾਲ ਪੇਸ਼ ਕੀਤਾ ਗਿਆ। ਮੰਡੀ ਵਿੱਚ ਵਿਕਣ ਵਾਲੀ ਹਰ ਵਸਤੂ ਉਸਦੀ ਦੇਹ ਨਾਲ ਜੋੜ ਕੇ ਵੇਚੀ ਜਾਣੀ ਸ਼ੁਰੂ ਹੋਈ। ਇਸ ਸੰਦਰਭ ਵਿੱਚ ਅਭੈ ਕੁਮਾਰ ਦੂਬੇ ਲਿਖਦਾ ਹੈ :

> ਭੂਮੰਡਲੀਕਰਨ ਨੇ ਔਰਤ ਦੀ ਪਰੰਪਰਕ ਅਧੀਨਗੀ ਵਾਲੀ ਦਿੱਖ ਨੂੰ ਕਾਇਮ ਰੱਖਦੇ ਹੋਏ ਉਸਦੀ ਸੁੰਦਰਤਾ ਦੇ ਸੰਸਥਾਗਤ ਇਸਤੇਮਾਲ ਨੂੰ ਵਿਸ਼ਵ ਆਯਾਮ ਪ੍ਰਦਾਨ ਕਰ ਦਿੱਤਾ ਔਰਤ ਦੀ ਦੇਹ, ਉਸਦੀ ਕਿਰਤ ਅਤੇ ਉਸਦੀ ਦਿੱਖ ਦਾ ਭੂਮੰਡਲੀਕਰਨ ਨੇ ਅਤੀਤ ਦੇ ਕਿਸੇ ਵੀ ਕਾਲ ਦੇ ਮੁਕਾਬਲੇ ਸਭ ਤੋਂ ਅਧਿਕ ਸ਼ੋਸ਼ਣ ਕੀਤਾ। ਭੂਮੰਡਲੀਕਰਨ ਨੇ ਪਿੱਤਰਸੱਤਾ ਦੇ ਕੁਝ ਨਵੇਂ ਰੂਪ ਰਚੇ। ਉਸਨੇ ਪਰੰਪਰਾ ਅਤੇ ਧਰਮ ਦੇ ਇਲਾਵਾ ਆਰਥਿਕ ਆਧੁਨਿਕੀਕਰਣ ਅਤੇ ਵਿਕਾਸ ਯਤਨਾਂ ਨੂੰ ਵੀ ਨਵੀਂ ਪਿੱਤਰਸੱਤਾ ਦਾ ਜਨਕ ਬਣਾ ਦਿੱਤਾ। ਜਦਕਿ ਕਦੇ ਇਹ ਦੋਹਾਂ ਨੂੰ

> ਹੀ ਔਰਤ ਦੀ ਆਜ਼ਾਦੀ ਦਾ ਸੰਭਾਵਿਤ ਜ਼ਰੀਆ ਮੰਨਿਆ ਜਾਂਦਾ ਸੀ। ਇਸ ਤਰ੍ਹਾਂ ਭੂਮੰਡਲੀਕਰਨ ਦੇ ਤਹਿਤ ਪਿੱਤਰਸੱਤਾ ਹੋਰ ਮਜ਼ਬੂਤ ਹੋ ਗਈ।[67]

ਰਸ਼ਪਿੰਦਰ ਰਸ਼ਿਮ 'ਤਿਲ ਕੁ ਕਾਲਖ' ਕਹਾਣੀ ਰਾਹੀਂ ਅਜੋਕੇ ਨਵ-ਪੂੰਜੀਵਾਦੀ, ਉਪਭੋਗਤਾਵਾਦੀ ਅਤੇ ਮੰਡੀ ਦੇ ਦੌਰ ਵਿੱਚ ਔਰਤ ਦੇਹ ਦੀ ਕਾਮੁਕ ਨੁਮਾਇਸ਼ ਰਾਹੀਂ ਹੋ ਰਹੇ ਉਸਦੇ ਸਰੀਰਕ, ਮਾਨਸਿਕ ਸ਼ੋਸ਼ਣ ਨੂੰ ਰੂਪਮਾਨ ਕਰਦੀ ਹੈ। ਇਸ ਕਹਾਣੀ ਦਾ ਕੈਨਵਸ ਬੰਬਈ ਫ਼ਿਲਮ ਮਹਾਂਨਗਰੀ ਉੱਪਰ ਉੱਸਰਿਆ ਹੋਇਆ ਹੈ। ਕਹਾਣੀਕਾਰ ਖ਼ੁਦ ਮੁੰਬਈ ਮਹਾਂਨਗਰ ਵਿੱਚ ਵੱਸੀ ਹੋਈ ਹੈ, ਇਸ ਲਈ ਉਹ ਉੱਥੋਂ ਦੇ ਫ਼ਿਲਮੀ ਕਲਾਕਾਰਾਂ ਦੇ ਜੀਵਨ ਦੀਆਂ ਤਲਖ਼ ਹਕੀਕਤਾਂ ਤੋਂ ਵੀ ਅਣਜਾਣ ਨਹੀਂ ਹੈ। ਕਥਾ ਬਿਰਤਾਂਤ ਦੇ ਵੇਰਵਿਆਂ ਅਨੁਸਾਰ ਸੁਪਰ ਹਿੱਟ ਫ਼ਿਲਮ 'ਮੈਲੀ ਚਾਂਦਨੀ' ਦੀ ਮਸ਼ਹੂਰ ਨਾਇਕਾ ਦੇਵਿਕਾ ਮਾਂਜਰੇਕਰ ਦੁਆਰਾ ਨਿਭਾਇਆ ਬਲਾਤਕਾਰ ਦੀ ਸ਼ਿਕਾਰ ਔਰਤ ਦਾ ਕਿਰਦਾਰ ਫ਼ਿਲਮ ਨੂੰ ਤਾਂ ਸਫਲਤਾ ਦੀਆਂ ਬੁਲੰਦੀਆਂ ਤੱਕ ਪਹੁੰਚਾ ਦਿੰਦਾ ਹੈ ਪਰ ਉਸਦੀ ਹਕੀਕੀ ਜ਼ਿੰਦਗੀ ਦਾ ਬਲਾਤਕਾਰ ਕਰ ਦਿੰਦਾ ਹੈ। ਇਸ ਫ਼ਿਲਮ ਦਾ ਵਿਸ਼ਾ ਤਾਂ ਭਾਵੇਂ ਬਲਾਤਕਾਰ ਦੀ ਸ਼ਿਕਾਰ ਪੀੜਤ ਔਰਤ ਦੇ ਦਰਦ ਨੂੰ ਦਿਖਾਉਂਦਿਆਂ ਹੋਇਆ ਦਰਸ਼ਕਾਂ ਦੀ ਮਾਨਸਿਕਤਾ ਨੂੰ ਝੰਜੋੜ ਕੇ ਸਮਾਜਿਕ ਸੇਧ ਦੇਣਾ ਸੀ ਪ੍ਰੰਤੂ ਨਿਰਦੇਸ਼ਕ ਨੇ ਬੜੀ ਹੁਸ਼ਿਆਰੀ ਨਾਲ ਬਲਾਤਕਾਰ ਦੇ ਸੀਨ ਨੂੰ ਇਸ ਤਰ੍ਹਾਂ ਫ਼ਿਲਮਾਇਆ ਕਿ ਦਰਸ਼ਕਾਂ ਦਾ ਧਿਆਨ ਫ਼ਿਲਮ ਵਿਚਲੇ ਸੰਵੇਦਨਸ਼ੀਲ ਮੁੱਦੇ ਤੋਂ ਭਟਕ ਕੇ ਨਾਇਕਾ ਦੀ ਖ਼ੂਬਸੂਰਤ ਦੇਹ ਦਾ ਆਨੰਦ ਮਾਨਣ ਤੱਕ ਸੀਮਤ ਹੋ ਜਾਂਦਾ ਹੈ। ਫ਼ਿਲਮ ਵਿੱਚ ਖਲਨਾਇਕ ਨਾਇਕਾ ਦਾ ਬਲਾਤਕਾਰ ਕਰਨ ਮਗਰੋਂ ਜਿਸ ਤਰ੍ਹਾਂ ਉਸਦੀ ਪਿੱਠ ਉੱਪਰਲੇ ਕਾਲੇ ਤਿਲ ਨੂੰ ਚੁੰਮਦਾ ਹੈ, ਉਹ ਦ੍ਰਿਸ਼ ਦਰਸ਼ਕਾਂ ਨੂੰ ਸੰਮੋਹਿਤ ਕਰਦਾ ਹੋਇਆ ਵਾਰ-ਵਾਰ ਉਹਨਾਂ ਨੂੰ ਫ਼ਿਲਮ ਦੇਖਣ ਲਈ ਮਜ਼ਬੂਰ ਕਰ ਦਿੰਦਾ ਹੈ।

> ...ਦਰਸ਼ਕ ਟਿਕਟਾਂ ਦੀਆਂ ਖਿੜਕੀਆਂ ਉੱਤੇ ਟੁੱਟ ਟੁੱਟ ਪੈ ਰਹੇ ਸਨ। ਜਵਾਨਾਂ ਬੁੱਢਿਆਂ, ਸਭਨਾਂ ਨੇ ਇਸ ਦ੍ਰਿਸ਼ ਨੂੰ ਅੱਖਾਂ ਪਾੜ-ਪਾੜ ਕੇ ਵੇਖਿਆ ...ਬੁੱਲ੍ਹਾਂ ਉੱਤੇ ਜੀਭ ਫੇਰ ਫੇਰ ਕੇ ਵੇਖਿਆ। ...ਖਲਨਾਇਕ ਦੇ ਨਾਲ ਨਾਲ ਸਭ ਨੇ ਉਸ ਮੋਟੇ ਕਾਲੇ ਤਿਲ ਨੂੰ ਚੁੰਮਿਆ ਅਤੇ ਨਾਇਕਾ ਦੀ ਵੱਖੀ ਵਿੱਚ ਠੁੱਡਾ ਮਾਰਿਆ।[68]

ਨਾਰੀਵਾਦੀ ਦ੍ਰਿਸ਼ਟੀ ਤੋਂ ਦੇਖਿਆ ਜਾਵੇ ਤਾਂ ਫ਼ਿਲਮ ਕਥਾ ਵਿਚਲਾ ਇਹ ਦ੍ਰਿਸ਼ ਜਿੱਥੇ ਨਾਰੀ ਨੂੰ ਕਮਜ਼ੋਰ ਸੈਕਸ ਦੇ ਰੂਪ ਵਿੱਚ ਪੇਸ਼ ਕਰਕੇ ਉਸ ਉਪਰ ਪੁਰਖ ਲਿੰਗ ਦੀ ਪ੍ਰਭਾਵੀ ਸ਼ਕਤੀ ਨੂੰ ਸਥਾਪਿਤ ਕਰ ਰਿਹਾ ਹੈ, ਉੱਥੇ

ਨਾਲ ਹੀ ਫ਼ਿਲਮ ਨਾਇਕਾ ਦੀ ਦੇਹ ਨੂੰ ਵੀ ਮੁਨਾਫ਼ਾਖੋਰੀ ਦੀ ਬਿਰਤੀ ਰਾਹੀਂ ਵਰਤਿਆ ਜਾ ਰਿਹਾ ਹੈ। ਪਿੱਤਰਸੱਤਾ ਦੇ ਹੱਕ ਵਿੱਚ ਭੁਗਤਦੀਆਂ ਅਜਿਹੀਆਂ ਫ਼ਿਲਮਾਂ ਵਿੱਚ ਔਰਤ ਅਦਾਕਾਰ ਦੀ ਦੇਹ ਨੂੰ ਮੰਡੀਕਰਨ ਦਾ ਹਿੱਸਾ ਬਣਾਏ ਜਾਣ ਸੰਬੰਧੀ ਰਾਕੇਸ਼ ਕੁਮਾਰ ਲਿਖਦਾ ਹੈ :

> ਉਪਭੋਗਤਾਵਾਦ ਨੇ ਇਸਤਰੀ ਦਾ ਇਕ ਅਲੱਗ ਬਿੰਬ ਪ੍ਰਸਤੁਤ ਕੀਤਾ ਹੈ। ਦ੍ਰਿਸ਼ ਵਿੱਚ ਉਸਦੀ ਦੇਹ ਅਤੇ ਦੇਹ ਵਿੱਚ ਉਸਦੇ ਸੈਕਸ 'ਕਾਮੁਕਤਾ' ਨੂੰ ਕੇਂਦਰਿਤ ਕਰਕੇ ਉਸਦੇ ਅੰਗਾਂ, ਦੇਹ ਨੂੰ ਜਿਸ ਪ੍ਰਕਾਰ 'ਕਲੋਨਾਈਜਡ' ਕੀਤਾ ਜਾ ਰਿਹਾ ਹੈ ਉਸ ਨਾਲ ਉਸਦਾ ਵਸਤੂਕਰਣ ਹੋ ਗਿਆ ਹੈ। ਇਹ ਸਭ ਪੂੰਜੀਵਾਦ ਦੀ ਦੇਣ ਹੈ।...ਉੱਚ ਪੂੰਜੀਵਾਦ ਖੁੱਲ੍ਹੇ ਬਾਜ਼ਾਰ ਦੀ ਅਰਥ ਵਿਵਸਥਾ ਉਸਦਾ ਜਿਸ ਢੰਗ ਨਾਲ ਬਾਜ਼ਾਰੂਕਰਣ, ਵਸਤੂਕਰਣ, ਕਲੋਨਾਈਜੇਸ਼ਨ ਕਰ ਰਹੀ ਹੈ ਇਸਤਰੀ ਦੀ ਇਕ ਲੜਾਈ ਉਸ ਨਾਲ ਵੀ ਹੋਣੀ ਚਾਹੀਦੀ ਹੈ।[69]

ਅਸਲ ਵਿੱਚ ਨਵ-ਪੂੰਜੀਵਾਦੀ ਦੌਰ ਵਿੱਚ ਔਰਤ ਨਿੱਜੀ ਆਜ਼ਾਦੀ ਦੇ ਭਰਮ ਦਾ ਸ਼ਿਕਾਰ ਹੋ ਕੇ ਵੀ ਆਪਣਾ ਦੇਹ ਸ਼ੋਸ਼ਣ ਕਰਵਾ ਰਹੀ ਹੈ। ਵਕਤੀ ਪ੍ਰਸਿੱਧੀ, ਹੋਰਾਂ ਤੋਂ ਅੱਗੇ ਲੰਘਣ ਦੀ ਹੋੜ, ਸੈਕਸੀ ਬਣ ਕੇ ਖ਼ਬਰਾਂ ਵਿੱਚ ਛਪ ਜਾਣ ਦੀ ਲੋਚਾ ਲਈ ਦੇਹ ਨੁਮਾਇਸ਼ ਨੂੰ ਉਹ ਸਭ ਤੋਂ ਸੌਖਾ ਰਾਹ ਮੰਨਣ ਲੱਗ ਪਈ ਹੈ। ਅਜਿਹਾ ਕਰਕੇ ਉਹ ਪਿੱਤਰਸੱਤਾ ਦੇ ਵਿਛਾਏ ਨਵੇਂ ਜਾਲ ਵਿੱਚ ਉਲਝਦੀ ਹੋਈ ਅਸਲੀਅਤ ਵਿੱਚ ਆਪਣੀ ਅਸਤਿਤਵੀ ਆਜ਼ਾਦੀ ਨੂੰ ਹਾਸਿਲ ਕਰਨ ਦੀ ਪ੍ਰਮਾਣਿਕ ਮੰਜ਼ਿਲ ਤੋਂ ਭਟਕ ਜਾਂਦੀ ਹੈ। ਕਹਾਣੀ ਵਿਚਲੀ ਫ਼ਿਲਮ ਨਾਇਕਾ ਦੇਵਿਕਾ ਮਾਂਜਰੇਕਰ ਪਿੱਤਰਸੱਤਾ ਹੱਥੋਂ ਦੋਹਰੇ-ਤੀਹਰੇ ਸ਼ੋਸ਼ਣ ਦਾ ਸ਼ਿਕਾਰ ਹੋਣ ਪਿੱਛੋਂ ਗੁੰਮਨਾਮੀ ਅਤੇ ਗ਼ਰੀਬੀ ਵਾਲਾ ਜੀਵਨ ਜਿਊਣ ਲਈ ਮਜ਼ਬੂਰ ਹੋ ਜਾਂਦੀ ਹੈ ਕਿਉਂਕਿ ਫਿਲਮ ਦੀ ਸਫਲਤਾ ਤੋਂ ਬਾਅਦ ਨਿਰਮਾਤਾ, ਨਿਰਦੇਸ਼ਕ ਅਤੇ ਫਾਇਨਾਂਸਰ ਦੀ ਨਜ਼ਰ ਵਿੱਚ ਉਹ 'ਐਕਸਪੋਜ' ਹੋਈ ਐਕਟਰ ਬਣ ਜਾਂਦੀ ਹੈ। ਇਸ ਤਰ੍ਹਾਂ ਇਹ ਕਹਾਣੀ ਮੰਡੀਕਰਨ ਦੇ ਯੁੱਗ ਵਿੱਚ ਮੰਡੀ ਦੀ ਵਸਤ ਬਣ ਰਹੀ ਔਰਤ ਦੇ ਸ਼ੋਸ਼ਣ ਦਾ ਮੁੱਦਾ ਉਠਾਉਂਦੀ ਹੈ।

ਮਰਦ ਨੇ ਹਮੇਸ਼ਾ ਔਰਤ ਦੇ ਨਾਰੀਤਵ ਨੂੰ ਘਟਾ ਕੇ ਆਪਣੀ ਸੰਕੀਰਣ ਦ੍ਰਿਸ਼ਟੀ ਤਹਿਤ ਇਕ ਭੋਗਣ ਵਾਲੀ ਵਸਤ ਦਾ ਪ੍ਰਵਚਨ ਸਿਰਜਿਆ। ਰਸ਼ਪਿੰਦਰ ਰਸ਼ਿਮ ਦੀ ਕਹਾਣੀ 'ਉਹ ਕੌਣ ਹਨ' ਇਸ ਪਿੱਤਰਕੀ ਪ੍ਰਵਚਨ 'ਤੇ ਪ੍ਰਸ਼ਨ ਚਿੰਨ ਲਾਉਂਦੀ ਹੋਈ ਨਾਰੀ ਦੀ ਅਸਤਿਤਵੀ ਹੋਂਦ ਅਤੇ ਪਛਾਣ ਦੇ ਮਸਲੇ ਨੂੰ ਉਠਾਉਂਦੀ ਹੈ। ਕਹਾਣੀ ਬੱਸ ਵਿੱਚ ਸਵਾਰ ਹੋਈਆਂ ਤਿੰਨ ਔਰਤਾਂ ਦੇ ਰੂਪ ਦੀ ਪਛਾਣ ਨਾਲ ਸੰਬੰਧਿਤ ਹੈ। ਜਦੋਂ ਇਹ

ਔਰਤਾਂ ਬੱਸ ਵਿੱਚ ਚੜ੍ਹਦੀਆਂ ਹਨ ਤਾਂ ਉਹਨਾਂ ਦੀ ਸਰੀਰਕ ਬਣਤਰ ਮਰਦ ਪਾਤਰਾਂ ਦੀ ਖਿੱਚ ਦਾ ਵਿਸ਼ੇਸ਼ ਰੂਪ ਵਿੱਚ ਕੇਂਦਰ ਬਣਦੀ ਹੈ। ਮਰਦ ਪਾਤਰ ਉਹਨਾਂ ਔਰਤਾਂ ਨੂੰ ਕਲਪਨਾ ਵਿੱਚ ਹੀ ਭੋਗਦੇ ਹੋਏ ਆਨੰਦ ਲੈਂਦੇ ਹਨ। ਪਰ ਜਦੋਂ ਔਰਤਾਂ ਬੱਸ ਵਿੱਚੋਂ ਉੱਤਰ ਜਾਂਦੀਆਂ ਹਨ ਤਾਂ ਉਹਨਾਂ ਦੇ ਪੁੱਠੇ ਪੈਰ ਦੇਖ ਕੇ ਮਰਦ ਪਾਤਰਾਂ ਦੀ ਸੋਚ ਅਤੇ ਵਿਹਾਰ ਉਸੇ ਵਖ਼ਤ ਹੀ ਬਦਲ ਜਾਂਦਾ ਹੈ। ਪਹਿਲਾ ਜਿਹੜੀ ਸਰੀਰਕ ਖਿੱਚ ਸੀ ਉਹ ਡਰ ਵਿੱਚ ਤਬਦੀਲ ਹੋ ਜਾਂਦੀ ਹੈ :

> ਉਸੇ ਘੜੀ ਪਲ ਵਿੱਚ ਸਾਰੀਆਂ ਸਵਾਰੀਆਂ ਦੀ, ਕੰਡਕਟਰ ਦੀ ਅਤੇ ਡਰਾਈਵਰ ਦੀ ਨਜ਼ਰ ਉਨ੍ਹਾਂ ਦੇ ਪੈਰਾਂ ਵੱਲ ਗਈ ਤਾਂ ਅੱਖਾਂ ਟੱਡੀਆਂ ਹੀ ਰਹਿ ਗਈਆਂ ।
>
> ਉਨ੍ਹਾਂ ਦੇ ਪੈਰ!!
>
> ...ਕਈਆਂ ਨੂੰ ਦੰਦਲ ਪੈ ਗਈ ਸੀ।...ਸਾਰੀ ਬੱਸ ਨੇ ਵੇਖਿਆਂ ਕਿ ਉਨ੍ਹਾਂ ਦੇ ਪੈਰ ਪਿਛਾਂਹ ਵੱਲ ਮੁੜੇ ਹੋਏ ਸਨ।[70]

ਇੱਥੇ ਕਹਾਣੀਕਾਰ ਔਰਤ ਨੂੰ ਸਰੀਰਕ ਤੋਂ ਪਰਾ ਸਰੀਰਕ ਬਣਾਉਂਦੀ ਹੋਈ ਇਕ ਸ਼ਕਤੀ ਵਜੋਂ ਉਭਾਰਦੀ ਹੈ ਜਿਸ ਵਿੱਚ ਉਸਦੀ ਅੰਦਰੂਨੀ ਸਮਰੱਥਾ ਅਤੇ ਸੰਭਾਵਨਾ ਹੈ। ਬਿਰਤਾਂਤ ਵਿੱਚ ਔਰਤਾਂ ਦੇ ਪੁੱਠੇ ਪੈਰਾਂ ਦਾ ਇਕ ਪ੍ਰਤੀਕਾਤਮਕ ਸੰਦਰਭ ਹੈ ਕਿਉਂਕਿ 20ਵੀਂ ਸਦੀ ਨਾਰੀ ਚੇਤੰਨਤਾ ਨਾਲ ਸੰਬੰਧਿਤ ਹੈ। ਔਰਤ ਦੀ ਜਾਗਰੂਕਤਾ ਵਿੱਚੋਂ ਮਰਦ ਦੇ ਦਹਿਲ ਜਾਣ ਦੀ ਸਥਿਤੀ ਦਾ ਪੈਦਾ ਹੋਣਾ ਇਹਨਾਂ ਅਰਥਾਂ ਨਾਲ ਜੁੜਿਆ ਹੋਇਆ ਹੈ। ਬੱਸ ਡਰਾਇਵਰ ਜਿਹੜਾ ਪਹਿਲਾਂ ਆਪਣੀ ਭਰਜਾਈ ਦੀ ਦੇਹ ਪ੍ਰਤੀ ਆਕਰਸ਼ਿਤ ਹੋ ਕੇ ਉਸਨੂੰ ਭੋਗਣ ਦੀ ਲਾਲਸਾ ਰੱਖਦਾ ਹੈ, ਉਪਰੋਕਤ ਘਟਨਾ ਤੋਂ ਬਾਅਦ ਉਹ ਉਸੇ ਭਰਜਾਈ ਕੋਲੋਂ ਸ਼ਰਨ ਲੈਣ ਆਉਂਦਾ ਹੈ:

> "ਨਾ ਭਾਬੋ ਰਾਣੀ, ਇੰਜ ਨਾ ਬੋਲ। ਤੈਨੂੰ ਪਤਾ, ਦੁੱਖ-ਸੁੱਖ ਵਿੱਚ ਬੰਦਾ ਈ ਬੰਦੇ ਦਾ ਦਾਰੂ ਹੁੰਦਾ ਆ।"
>
> "ਬੰਦਾ? ਮੈਂ ਬੰਦਾ ਆਂ? ਮੈਂ ਤੇ ਜ਼ਨਾਨੀ ਆਂ।"
>
> "ਜ਼ਨਾਨੀ ਵੀ ਤੇ ਬੰਦਾ ਈ ਹੁੰਦੀ ਆ।"[71]

ਇੱਥੇ ਬਿਰਤਾਂਤ ਔਰਤ ਮਰਦ ਨੂੰ ਸਮਾਨਾਂਤਰ ਅਤੇ ਸੁਤੰਤਰ ਮਾਨਵੀ ਇਕਾਈ ਵਜੋਂ ਪ੍ਰਵਾਨ ਕਰਾਉਣ ਲਈ ਅਗਰਸਰ ਹੈ ਅਤੇ ਉਸ ਆਮ ਧਾਰਨਾ ਨੂੰ ਤੋੜਦਾ ਹੈ ਜਿਸ ਵਿੱਚ ਔਰਤ ਨੂੰ ਸੈਕਸ ਦੇ ਪ੍ਰਤੀਕ ਵਜੋਂ ਵੇਖਿਆ ਜਾਂਦਾ ਹੈ। ਬਿਰਤਾਂਤ ਵਿਚਲੇ ਪਾਤਰ ਲਾਲੀ ਦੇ ਕਹੇ ਸ਼ਬਦ ਨਾਰੀਵਾਦੀ ਸੋਚ ਦੀ ਤਰਜਮਾਨੀ ਕਰਦੇ ਹੋਏ

ਨਾਰੀ ਨੂੰ ਕੇਵਲ ਉਪਭੋਗ ਦੀ ਵਸਤੂ ਤੱਕ ਸੀਮਤ ਕਰਕੇ ਦੇਖਣ ਵਾਲੀ ਮਰਦ ਦੀ ਪਿੱਤਰੀ ਮਾਨਸਿਕਤਾ ਨੂੰ ਬਦਲਣ ਤੇ ਜ਼ੋਰ ਦਿੰਦੇ ਹਨ :

> "ਮੈਡਮ ਜੀ, ਤੁਸੀ ਠੀਕ ਈ ਕਹਿੰਦੇ ਸੋ, ਤੀਵੀਂ ਦੇ ਕੱਲੇ ਸਰੀਰ ਵੱਲ ਈ ਨਹੀਂ ਦੇਖਣਾ ਚਾਹੀਦਾ। ਦਿੱਸਣ ਨੂੰ ਤਾਂ ਕੱਲਾ ਸਰੀਰ ਈ ਦਿੱਸਦਾ ਪਰ ਅੰਦਰੋਂ ਉਹ ਕੋਈ ਹੋਰ ਸ਼ੈਅ ਵੀ ਹੋ ਸਕਦੀ ਆ ਜਿਹੜੀ ਦਿਸਦੀ ਨਹੀਂ।"[72]

ਇਸ ਪ੍ਰਕਾਰ ਕਹਾਣੀਕਾਰ ਇਸ ਕਹਾਣੀ ਰਾਹੀਂ ਨਾਰੀ ਨੂੰ ਦੇਹ ਸਮਝ ਕੇ ਕੇਵਲ ਭੋਗਣ ਵਾਲੀ ਵਸਤੂ ਵਜੋਂ ਦੇਖਣ ਵਾਲੇ ਪਿੱਤਰਕੀ ਸਮਾਜ ਦੇ ਸੰਕੁਚਿਤ ਨਜ਼ਰੀਏ ਨੂੰ ਬਦਲਣ ਦਾ ਸੁਨੇਹਾ ਦਿੰਦੀ ਹੈ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਨਿਰਮਲ ਜਸਵਾਲ ਅਤੇ ਰਸ਼ਪਿੰਦਰ ਰਸ਼ਿਮ ਇਹਨਾਂ ਕਹਾਣੀਆਂ ਵਿੱਚ ਜਿੱਥੇ ਮਰਦ ਹੱਥੋਂ ਜਿਨਸੀ ਸ਼ੋਸ਼ਣ ਦੀ ਸ਼ਿਕਾਰ ਔਰਤ ਦੀ ਤ੍ਰਾਸਦਿਕ ਸਥਿਤੀ ਨੂੰ ਪੇਸ਼ ਕਰਦੀਆਂ ਹਨ, ਉੱਥੇ ਮਰਦ ਦੀ ਔਰਤ ਨੂੰ ਸਿਰਫ਼ ਦੇਹ ਤੱਕ ਘਟਾ ਕੇ ਦੇਖਣ ਵਾਲੀ ਪਿੱਤਰਕੀ ਸੋਚ ਦੀਆਂ ਪਰਤਾਂ ਵੀ ਉਧੇੜਦੀਆਂ ਹਨ। ਨਿਰਮਲ ਜਸਵਾਲ ਪਤੀ-ਪਤਨੀ ਦੇ ਜਟਿਲ ਸੰਬੰਧਾਂ 'ਤੇ ਫੋਕਸ ਕਰਦੀ ਹੋਈ ਪ੍ਰਚਲਿਤ ਪਿੱਤਰੀ ਵਿਆਹ ਪ੍ਰਬੰਧ ਹੇਠ ਕਾਰਜਸ਼ੀਲ ਪਿੱਤਰਕੀ ਸਿਆਸਤ ਨੂੰ ਨੰਗਾ ਕਰਦੀ ਹੈ ਜਿਹੜੀ ਗ੍ਰਹਿਸਥ ਸੰਬੰਧਾਂ ਦਾ ਸਭਿਆਚਾਰਕ ਤਰਕ ਉਸਾਰਦੀ ਹੋਈ ਪਤੀ ਨੂੰ ਪਤਨੀ ਦੀ ਦੇਹ ਉੱਪਰ ਮਲਕੀਅਤ ਦਾ ਅਧਿਕਾਰ ਦਿੰਦੀ ਹੈ। ਇਸ ਦ੍ਰਿਸ਼ਟੀਕੋਣ ਤੋਂ ਪਿੱਤਰਕੀ ਮਾਨਸਿਕਤਾ ਵਾਲੇ ਮਰਦ ਪਤੀ ਲਈ ਜਿੱਥੇ ਪਤਨੀ ਕੇਵਲ ਕਾਮ ਭੋਗ ਦਾ ਸਾਧਨ ਬਣ ਕੇ ਰਹਿ ਜਾਂਦੀ ਹੈ, ਉੱਥੇ ਪਤਨੀ ਵੀ ਪਿੱਤਰਕੀ ਪ੍ਰਵਚਨਾਂ ਦੀ ਸ਼ਿਕਾਰ ਹੋ ਕੇ ਪਤੀ ਵੱਲੋਂ ਕੀਤੀ ਜਾਂਦੀ ਸਰੀਰਕ ਜ਼ਿਆਦਤੀ ਦੀ ਵਿਰੋਧਤਾ ਕਰਨ ਤੋਂ ਕਤਰਾਉਂਦੀ ਹੋਈ ਨਿਰੰਤਰ ਮਾਨਸਿਕ ਸੰਤਾਪ ਹੰਢਾਉਂਦੀ ਹੈ।

ਰਸ਼ਪਿੰਦਰ ਰਸ਼ਿਮ ਇਹਨਾਂ ਕਹਾਣੀਆਂ ਵਿੱਚ ਛੋਟੀਆਂ ਬੱਚੀਆਂ ਦੇ ਬਲਾਤਕਾਰ ਦੇ ਮਸਲੇ ਨੂੰ ਉਠਾਉਂਦੀ ਹੋਈ ਪਿੱਤਰਸੱਤਾਤਮਕ ਸਮਾਜਿਕ ਢਾਂਚੇ 'ਤੇ ਪ੍ਰਸ਼ਨ ਚਿੰਨ ਲਾਉਂਦੀ ਹੈ ਜਿਹੜਾ ਇੱਕ ਪਾਸੇ ਨਾਰੀ ਦੀ ਦੇਹ ਸੁੱਚਤਾ ਦਾ ਪ੍ਰਵਚਨ ਸਿਰਜਦਾ ਹੈ ਅਤੇ ਦੂਜੇ ਪਾਸੇ ਨਾਰੀ ਦੇਹ ਦੀ ਸੁੱਚਤਾ ਨੂੰ ਭੰਗ ਕਰਨ ਵਾਲੇ ਬਲਾਤਕਾਰੀ ਮਰਦ ਨੂੰ ਸਜ਼ਾ ਦੇਣ ਦੀ ਬਜਾਇ ਉਲਟਾ ਪੀੜਤ ਧਿਰ ਨੂੰ ਹੀ ਦੋਸ਼ੀ ਬਣਾ ਕੇ ਪੇਸ਼ ਕਰ ਦਿੰਦਾ ਹੈ। ਨਵ-ਪੂੰਜੀਵਾਦੀ ਦੌਰ ਵਿੱਚ ਉਪਭੋਗਤਾਵਾਦ ਅਤੇ ਮੰਡੀਕਰਨ ਦੇ ਵੱਧ ਰਹੇ ਰੁਝਾਨ ਕਾਰਨ ਔਰਤ ਦੇਹ ਦਾ ਵੀ ਵਸਤੂਕਰਣ, ਬਾਜ਼ਾਰੂਕਰਣ ਹੋ ਰਿਹਾ ਹੈ। ਰਸ਼ਪਿੰਦਰ ਰਸ਼ਿਮ ਇਸ ਮਸਲੇ ਨੂੰ ਮਹਾਂਨਗਰ ਵਿੱਚ ਰਹਿਣ ਵਾਲੀ ਫ਼ਿਲਮੀ ਜਗਤ ਨਾਲ ਜੁੜੀ ਔਰਤ ਨਾਲ ਜੋੜ ਕੇ ਪੇਸ਼ ਕਰਦੀ ਹੈ ਜਿਹੜੀ ਨਿੱਜੀ ਆਜ਼ਾਦੀ ਦੇ ਭਰਮ ਦੀ ਸ਼ਿਕਾਰ ਹੋ ਕੇ ਪਿੱਤਰਸੱਤਾ ਦੇ ਵਿਛਾਏ ਜਾਲ ਵਿੱਚ ਉਲਝ ਕੇ ਮੰਡੀ ਦੀ ਵਸਤ ਬਣ ਕੇ ਰਹਿ ਜਾਂਦੀ ਹੈ।

**ਪਿੱਤਰੀ ਸਮਾਜ ਅਤੇ ਔਰਤ ਦੇ ਆਜ਼ਾਦ ਵਿਹਾਰ ਵਿੱਚ ਤਣਾਉ**

ਵਰਤਮਾਨ ਸਮੇਂ ਵਿੱਚ ਸਮੁੱਚਾ ਵਿਸ਼ਵ ਤਬਦੀਲੀ ਦੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ ਜਿਸ ਦੇ ਫਲਸਰੂਪ ਪਰੰਪਰਕ ਕਦਰਾਂ-ਕੀਮਤਾਂ, ਸੰਕਲਪ ਅਤੇ ਧਾਰਨਾਵਾਂ ਵਿੱਚ ਵੀ ਤੇਜ਼ੀ ਨਾਲ ਬਦਲਾਅ ਆ ਰਿਹਾ ਹੈ। ਸਿੱਖਿਆ ਅਤੇ ਰੁਜ਼ਗਾਰ ਦੇ ਨਵੇਂ ਮੌਕਿਆਂ ਨਾਲ ਔਰਤ ਨੂੰ ਘਰ ਦੀ ਚਾਰਦੀਵਾਰੀ ਵਿੱਚੋਂ ਬਾਹਰ ਨਿਕਲਣ ਅਤੇ ਵਿਚਰਣ ਦਾ ਮੌਕਾ ਪ੍ਰਾਪਤ ਹੋਇਆ ਹੈ। ਆਰਥਿਕ ਆਜ਼ਾਦੀ ਅਤੇ ਸਵੈ-ਨਿਰਭਰਤਾ ਨੇ ਜਿੱਥੇ ਉਸਦੀ ਮਾਨਸਿਕਤਾ ਵਿੱਚ ਪਰਿਵਰਤਨ ਲਿਆਂਦਾ, ਉੱਥੇ ਉਸਨੂੰ ਆਪਣੀਆਂ ਅਸਤਿਤਵੀ ਲੋੜਾਂ ਪ੍ਰਤੀ ਵੀ ਜਾਗਰੂਕ ਕੀਤਾ ਹੈ। ਇਸ ਚੇਤਨਾ ਕਰਕੇ ਅੱਜ ਦੀ ਔਰਤ ਨੇ ਪਿੱਤਰੀ ਕਦਰਾਂ-ਕੀਮਤਾਂ ਅਤੇ ਮਰਦਸੱਤਾ ਨੂੰ ਚੁਣੌਤੀ ਦੇਣੀ ਸ਼ੁਰੂ ਕਰ ਦਿੱਤੀ ਹੈ। ਹੁਣ ਉਹ ਪਰੰਪਰਕ ਆਦਰਸ਼ ਨਾਰੀ ਵਾਂਗ ਸਭ ਕੁਝ ਚੁੱਪਚਾਪ ਬਰਦਾਸ਼ਤ ਕਰਨ ਅਤੇ ਸਹਿਣ ਲਈ ਤਿਆਰ ਨਹੀਂ ਹੁੰਦੀ ਬਲਕਿ ਆਪਣੀ ਹੋਂਦਮੂਲਕ ਲੜਾਈ ਵਿੱਚ ਪਿੱਤਰਕੀ ਪ੍ਰਬੰਧ ਨਾਲ ਟਕਰਾਓ ਅਤੇ ਦਵੰਦ ਦੀ ਸਥਿਤੀ ਵਿੱਚੋਂ ਗੁਜ਼ਰਦੀ ਹੈ। ਔਰਤ ਦੀ ਪਰਵਰਤਿਤ ਹੋ ਰਹੀ ਸੋਚ ਪੈਤਰਿਕ ਮਾਨਸਿਕਤਾ ਵਾਲੇ ਮਰਦ ਨੂੰ ਹਰਗਿਜ਼ ਸਵੀਕਾਰ ਨਹੀਂ ਜਿਸਦੇ ਫਲਸਰੂਪ ਔਰਤ-ਮਰਦ ਦੇ ਰਿਸ਼ਤੇ ਵਿੱਚ ਤਣਾਉ ਪੈਦਾ ਹੋ ਰਿਹਾ ਹੈ। ਔਰਤ ਦੇ ਆਜ਼ਾਦ ਵਿਹਾਰ ਅਤੇ ਪਿੱਤਰਕੀ ਸਮਾਜ ਤੇ ਮਰਦ ਨਾਲ ਟਕਰਾਓ ਅਤੇ ਤਣਾਉ ਦੀ ਸਥਿਤੀ ਨੂੰ ਨਿਰਮਲ ਜਸਵਾਲ ਅਤੇ ਰਸ਼ਪਿੰਦਰ ਰਸ਼ਿਮ ਨੇ ਇਹਨਾਂ ਕਹਾਣੀਆਂ ਵਿੱਚ ਉਭਾਰਨ ਦਾ ਯਤਨ ਕੀਤਾ ਹੈ। ਇਹਨਾਂ ਕਹਾਣੀਆਂ ਵਿਚਲੀ ਔਰਤ ਪਾਤਰ ਕਦੇ ਮਰਿਆਦਾਬੱਧ ਜੀਵਨ ਬਤੀਤ ਕਰਦੀ ਵਿਖਾਈ ਦਿੰਦੀ ਹੈ ਅਤੇ ਕਿਤੇ ਉਹ ਆਪਣੀਆਂ ਅਧੂਰੀਆਂ ਅਕਾਂਖਿਆਵਾਂ ਦੀ ਪੂਰਤੀ ਲਈ ਪਿੱਤਰੀ ਸਮਾਜਿਕ ਪ੍ਰਬੰਧ ਦੀਆਂ ਸਭਿਆਚਾਰਕ ਵਰਜਣਾਵਾਂ ਨੂੰ ਤੋੜਦੀ ਨਜ਼ਰੀ ਆਉਂਦੀ ਹੈ। ਇਹ ਔਰਤ ਪਾਤਰਾਂ ਕਈ ਵਾਰ ਆਪਣੀ ਅਸਤਿਤਵੀ ਪਛਾਣ ਲਈ ਸੰਘਰਸ਼ ਕਰਦੀਆਂ ਹੋਈਆਂ ਚੇਤੰਨ ਨਾਰੀ ਵਜੋਂ ਉੱਭਰਦੀਆਂ ਦਿਖਾਈ ਦਿੰਦੀਆਂ ਹਨ ਅਤੇ ਕਈ ਵਾਰ ਪਿੱਤਰੀ ਪ੍ਰਬੰਧ ਦੀਆਂ ਮਜ਼ਬੂਤ ਦੀਵਾਰਾਂ ਵਿੱਚ ਜਕੜੀਆਂ ਮੂਕ ਦਰਸ਼ਕ ਬਣੀਆਂ ਸਾਡੇ ਸਾਹਮਣੇ ਕਈ ਪ੍ਰਸ਼ਨ ਖੜ੍ਹੇ ਕਰਦੀਆਂ ਹਨ। ਪਿੱਤਰਸੱਤਾ ਅਤੇ ਮਰਦਸੱਤਾ ਹੱਥੋਂ ਸ਼ੋਸ਼ਿਤ ਹੋਈਆਂ ਇਹ ਔਰਤ ਪਾਤਰਾਂ ਅਖੌਤੀ ਸਮਾਜਿਕ ਪ੍ਰਬੰਧ ਦਾ ਵਿਰੋਧ ਤਾਂ ਕਰਦੀਆਂ ਹਨ, ਪਰ ਜ਼ਿਆਦਾਤਰ ਇਹ ਵਿਰੋਧ ਦੱਬਵੀਂ ਸੁਰ ਵਿੱਚ ਹੋਣ ਕਰਕੇ ਵਿਦਰੋਹ ਦਾ ਰੂਪ ਧਾਰਨ ਨਹੀਂ ਕਰਦਾ।

ਪਿੱਤਰਕੀ ਸਮਾਜਿਕ ਪ੍ਰਬੰਧ ਵਿੱਚ ਔਰਤ ਅਤੇ ਮਰਦ ਆਪਣੀਆਂ ਕਾਮ ਇੱਛਾਵਾਂ ਦੀ ਪੂਰਤੀ ਵਿਆਹ ਬੰਧਨ ਵਿੱਚ ਬੱਝ ਕੇ ਹੀ ਕਰ ਸਕਦੇ ਹਨ। ਜੇਕਰ ਕੋਈ ਔਰਤ ਵਿਆਹ ਪੂਰਵ ਅਤੇ ਵਿਆਹ-ਬਾਹਰੇ ਸੰਬੰਧ ਸਥਾਪਿਤ ਕਰਦੀ ਹੈ ਤਾਂ ਸਮਾਜ ਉਸਨੂੰ ਸਜ਼ਾ ਦਾ ਭਾਗੀਦਾਰ ਸਮਝਦਾ ਹੈ। ਰਸ਼ਪਿੰਦਰ

ਰਸ਼ਿਮ ਦੀ ਕਹਾਣੀ 'ਨਾਈਟ ਮੇਅਰਜ਼' ਵਿਚਲਾ ਬਿਰਤਾਂਤ ਪ੍ਰਾਕ੍ਰਿਤਕ ਇੱਛਾਵਾਂ ਦੇ ਦਬਾਓ ਹੇਠ ਸੰਸਕ੍ਰਿਤਕ ਮਰਿਆਦਾ ਦੀ ਅਵਹੇਲਣਾ ਉਪਰੰਤ ਗੁਨਾਹ ਦੇ ਅਹਿਸਾਸ ਵਿੱਚੋਂ ਉਪਜਦਾ ਹੈ। ਬਿਰਤਾਂਤ ਵਿਚਲੀ ਔਰਤ ਕੋਈ ਬਾਲ ਵਿਧਵਾ, ਤਲਾਕਸ਼ੁਦਾ ਔਰਤ, ਅਣਵਿਆਹੀ ਕੁੜੀ ਜਾਂ ਬੇਜੋੜ ਵਿਆਹ ਵਿੱਚ ਨਰੜੀ ਗਈ ਔਰਤ ਹੈ ਜਿਹੜੀ ਆਪਣੇ ਜਿਸਮ ਦੀਆਂ ਮੂੰਹ ਜ਼ੋਰ ਖ਼ਾਹਿਸ਼ਾਂ ਦੀ ਪੂਰਤੀ ਲਈ ਪਿੱਤਰੀ ਸਮਾਜ ਸਿਰਜਤ ਨੈਤਿਕ ਕਦਰਾਂ-ਕੀਮਤਾਂ ਨੂੰ ਤੋੜਨ ਦੀ ਜ਼ੁਰੱਅਤ ਤਾਂ ਕਰਦੀ ਹੈ ਲੇਕਿਨ ਅਚੇਤਨ ਮਨ ਵਿੱਚ ਕਾਰਜਸ਼ੀਲ ਸਾਮੰਤੀ ਚਿੰਤਨ ਦੀ ਪਾਨ/ਪੁੰਨ ਭਾਵਨਾ ਤਹਿਤ ਉਸਨੂੰ ਤਨ-ਮਨ ਗੰਧਲਿਆ ਪ੍ਰਤੀਤ ਹੁੰਦਾ ਹੈ :

> ਅਗਲਾ ਪੂਰਾ ਦਿਨ, ਤ੍ਰਹਿੰਦੀ-ਤ੍ਰਹਿੰਦੀ ਉਹ ਆਪਣੇ ਸਰੀਰ ਨੂੰ ਮਲ੍ਹ-ਮਲ੍ਹ ਕੇ ਧੋਂਦੀ ਰਹੀ। ਕਿਸੇ ਨੂੰ ਓਪਰੀ ਗੰਧ ਨਾ ਆ ਜਾਏ।[73]

ਇੱਥੇ ਬਿਰਤਾਂਤ ਪ੍ਰਾਕ੍ਰਿਤੀ ਅਤੇ ਸੰਸਕ੍ਰਿਤੀ ਦੇ ਤਣਾਉ ਰਾਹੀਂ ਔਰਤ ਦੀ ਮਨੋ-ਸਮਾਜਿਕ ਬਣਤਰ ਨੂੰ ਅਗਰਭੂਮਿਤ ਕਰਦਾ ਹੈ ਜਿਹੜੀ ਪਿੱਤਰਕੀ ਪ੍ਰਬੰਧ ਦੀ ਘਾੜਤ ਹੈ। ਇਕ ਪਾਸੇ ਦੇਹ ਦੀਆਂ ਕੁਦਰਤੀ ਲੋੜਾਂ ਹਨ ਅਤੇ ਦੂਜੇ ਪਾਸੇ ਪਿੱਤਰੀ ਸਮਾਜ ਦੁਆਰਾ ਸਥਾਪਿਤ ਰੂੜੀਵਾਦੀ ਮੁੱਲ ਪ੍ਰਬੰਧ ਹੈ ਜੋ ਨਾਰੀ ਤੋਂ ਦੇਹ ਸੁੱਚਤਾ ਦੀ ਮੰਗ ਕਰਦਾ ਹੈ। ਦੇਹੀ ਲੋੜਾਂ ਦੀ ਪੂਰਤੀ ਹਿੱਤ ਜਦੋਂ ਔਰਤ ਪਾਤਰ ਵਰਜਿਤ ਸੀਮਾਵਾਂ ਨੂੰ ਉਲੰਘਦੀ ਹੈ ਤਾਂ ਆਤਮ ਗਿਲਾਨੀ ਭਾਵ ਦੀ ਸ਼ਿਕਾਰ ਹੋ ਜਾਂਦੀ ਹੈ :

> ਉਸ ਰਾਤ ਸੁੱਤੀ ਤਾਂ ਉਹਨੇ ਸੁਪਨਾ ਵੇਖਿਆ। ਕੋਈ ਹੁਕਮ ਦੇ ਰਿਹਾ ਹੈ।
> ..."ਫੜ ਲਓ ਬਦਕਾਰ ਨੂੰ" ...ਨਾਲ ਹੀ ਧਾਰਮਿਕ ਸਥਾਨ ਦਾ ਟੱਲ
> ਖੜਕ ਉੱਠਿਆ। ਤਦੇ ਉਸਦੀ ਅੱਖ ਖੁੱਲ੍ਹ ਗਈ।[74]

ਧਰਮ ਮਾਨਵੀ ਵਿਹਾਰ ਨੂੰ ਨਿਯੰਤ੍ਰਿਤ ਰੱਖਣ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ। ਇੱਥੇ ਧਾਰਮਿਕ ਸਥਾਨ ਦੇ ਟੱਲ ਦਾ ਖੜਕਣਾ ਸੰਕੇਤਕ ਰੂਪ ਵਿੱਚ ਔਰਤ ਨੂੰ ਨਿਰਧਾਰਿਤ ਸਭਿਆਚਾਰਕ ਸਮੀਕਰਣਾਂ ਤਹਿਤ ਵਿਚਰਣ ਪ੍ਰਤੀ ਸੁਚੇਤ ਕਰਦਾ ਹੈ। ਇਹਨਾਂ ਨੂੰ ਤੋੜਨ ਉਪਰੰਤ ਮਿਲਣ ਵਾਲੀ ਸਜ਼ਾ ਦਾ ਡਰ ਬਿਰਤਾਂਤ ਵਿਚਲੀ ਔਰਤ ਨੂੰ ਧੁਰ ਅੰਦਰ ਤੱਕ ਝੰਜੋੜ ਕੇ ਰੱਖ ਦਿੰਦਾ ਹੈ। ਆਪਣੇ ਆਪ ਨੂੰ ਗੁਨਾਹ ਤੋਂ ਮੁਕਤ ਕਰਨ ਲਈ ਅੰਤ ਉਹ ਆਦਰਸ਼ਕ ਨਾਰੀ ਚਰਿੱਤਰ ਨੂੰ ਧਾਰਨ ਕਰ ਲੈਂਦੀ ਹੈ :

> ਰੇਸ਼ਮੀ ਕਾਲੇ ਵਾਲ ਹੁਣ ਦੁੱਧ ਚਿੱਟੇ ਹਨ। ਆਪਣੇ ਚੌਗਿਰਦੇ ਵਿੱਚ ਉਹ ਸਭ ਤੋਂ ਵੱਧ ਮੁਹਤਬਰ ਅਤੇ ਇੱਜ਼ਤਦਾਰ ਗਿਣੀ ਜਾਂਦੀ ਹੈ। ਲੋਕੀਂ ਆਪਣੀਆਂ ਧੀਆਂ ਭੈਣਾਂ ਨੂੰ ਉਹਦੇ ਵਰਗਾ ਜੀਵਨ ਬਤੀਤ ਕਰਨ ਲਈ ਨਸੀਹਤਾਂ ਕਰਦੇ ਹਨ।[75]

ਵਾਲਾਂ ਦਾ ਕਾਲੇ ਤੋਂ ਚਿੱਟੇ ਹੋਣ ਦਾ ਪ੍ਰਤੀਕ ਔਰਤ ਦੇ ਸਮਾਜ ਸਭਿਆਚਾਰਕ ਪੱਧਰ ਉੱਪਰ ਪਵਿੱਤਰ ਅਤੇ ਧਾਰਮਿਕ ਹੋਣ ਦੇ ਅਰਥਾਂ ਨਾਲ ਜੁੜਿਆ ਹੋਇਆ ਹੈ ਜਿਸ ਵਿੱਚ ਉਹ ਬੀਤੀ ਘਟਨਾ ਤੋਂ ਉਤਪੰਨ ਹੋਏ ਹੀਣ ਭਾਵ ਨੂੰ ਤਿਆਗ ਕੇ ਪਿੱਤਰਸੱਤਾ ਦੁਆਰਾ ਸਮਾਜਿਕ ਤੌਰ ਤੇ ਪ੍ਰਵਾਨਿਤ ਜ਼ਿੰਦਗੀ ਜਿਊਣ ਦੇ ਰਾਹ ਤੁਰਦੀ ਹੈ।

'ਸਰਸਰਾਹਟ' ਕਹਾਣੀ ਮਹਾਂਨਗਰੀ ਸੰਸਕ੍ਰਿਤੀ ਵਿੱਚ ਪਨਪੀ ਨਿੱਜ ਕੇਂਦ੍ਰਿਤ ਪ੍ਰਵਿਰਤੀ ਸਕਦਾ ਲਿੰਗਕ ਖੁੱਲ੍ਹਾਂ ਮਾਣਦੀ ਨਾਰੀ ਦੀ ਬਦਲ ਰਹੀ ਸਥਿਤੀ ਅਤੇ ਉਸ ਪ੍ਰਤੀ ਪਰੰਪਰਾਗਤ ਸੋਚ ਦੇ ਆਪਸੀ ਅੰਤਰ ਵਿੱਚੋਂ ਉਪਜੇ ਪ੍ਰਤੀਕਰਮ ਦੀ ਕਹਾਣੀ ਹੈ। ਇਹ ਕਹਾਣੀ ਦੋ ਔਰਤ ਪਾਤਰਾਂ ਦੀ ਵੱਖੋ-ਵੱਖਰੀ ਮਾਨਸਿਕਤਾ ਨੂੰ ਉਜਾਗਰ ਕਰਦੀ ਹੈ। ਕਹਾਣੀ ਦੀ ਮੁੱਖ ਪਾਤਰ ਪਰੰਪਰਕ ਕਦਰਾਂ-ਕੀਮਤਾਂ ਨੂੰ ਪ੍ਰਣਾਈ ਅਜਿਹੀ ਆਦਰਸ਼ ਭਾਰਤੀ ਨਾਰੀ ਹੈ ਜੋ ਜੀਵਨ ਦੇ ਭੋਗ ਨਾਲੋਂ ਯੋਗ ਨੂੰ ਵਧੇਰੇ ਅਹਿਮੀਅਤ ਦੇਂਦੀ ਹੈ ਦੂਜੇ ਪਾਸੇ ਉਸਦੇ ਨਾਲ ਹੀ ਨਾਟਕ ਮੰਡਲੀ ਵਿੱਚ ਕੰਮ ਕਰਦੀ ਪਾਤਰ ਜ਼ਰੀ ਹੈ ਜਿਸ ਲਈ ਭੋਗ ਹੀ ਜੀਵਨ ਦੇ ਆਨੰਦ ਦਾ ਅੰਤਿਮ ਸੋਮਾ ਹੈ। ਕੁਲੀਨ ਵਰਗ ਨਾਲ ਸੰਬੰਧਿਤ ਪਾਤਰ ਜ਼ਰੀ ਆਪਣੀਆਂ ਕਾਮੁਕ ਇੱਛਾਵਾਂ ਦੀ ਤ੍ਰਿਪਤੀ ਲਈ ਇਕ ਤੋਂ ਬਾਅਦ ਇਕ ਮਰਦ ਨਾਲ ਨਿਰਸੰਕੋਚ ਲਿੰਗਕ ਸੰਬੰਧ ਬਣਾਉਂਦੀ ਹੋਈ ਆਪਣੀ ਵਿਆਕਤੀਗਤ ਆਜ਼ਾਦੀ ਨੂੰ ਮਾਣਦੀ ਹੈ। ਦੂਜੇ ਪਾਸੇ ਮੁੱਖ ਪਾਤਰ ਜੀਵਨ ਨੂੰ ਸਿਰਫ਼ ਭੋਗ ਤੱਕ ਸੀਮਤ ਕਰਕੇ ਦੇਖਣ ਵਾਲੀ ਜ਼ਰੀ ਦੀ ਉਪਭੋਗੀ ਮਾਨਸਿਕਤਾ ਨਾਲ ਸਹਿਮਤ ਨਹੀਂ ਹੁੰਦੀ। ਪਰ ਇਕ ਰਾਤ ਜਦੋਂ ਉਹ ਜ਼ਰੀ ਨੂੰ ਨਾਟਕ ਮੰਡਲੀ ਵਿੱਚ ਹੀ ਕੰਮ ਕਰਦੇ ਮਰਦ ਸਾਥੀ ਨਾਲ ਸੰਭੋਗ ਕਿਰਿਆ ਵਿੱਚ ਲੀਨ ਦੇਖਦੀ ਹੈ ਤਾਂ ਉਸਦੇ ਮਨ ਦੀ ਇਕਾਗਰਤਾ ਭੰਗ ਹੋ ਜਾਂਦੀ ਹੈ :

> ...ਮੈਨੂੰ ਕੀ ਹੋਇਆ ਸੀ ਜੋ ਮੇਰੀ ਅੱਖ ਖੁੱਲ੍ਹ ਗਈ। ...ਭੋਗ ਦੀ ਇਸ ਕ੍ਰੀੜਾ ਨੂੰ ਮੇਰੀ ਇਸ ਕੁਆਰੀ ਅੱਖ ਨੇ ਬਹੁਤ ਨੇੜਿਓ ਵੇਖਿਆ ਸੀ...
> ਅਚਾਨਕ ਮੈਨੂੰ ਮਹਿਸੂਸ ਹੋਇਆ ਇਹ ਤੂੰ ਨਹੀਂ ਇਹ ਤਾਂ ਮੈਂ ਹਾਂ, ਚਿਹਰਾ ਬਦਲ ਗਿਆ ਹੋਵੇ।[76]

ਮੁੱਖ ਪਾਤਰ ਦੀ 'ਅੱਖ ਦਾ ਖੁੱਲਣਾ' ਪ੍ਰਤੀਕਾਤਮਕ ਰੂਪ ਵਿੱਚ ਉਸਦੀਆਂ ਦਮਿਤ ਕਾਮਨਾਵਾਂ ਦੇ ਜਾਗ੍ਰਿਤ ਹੋਣ ਦੀ ਸਥਿਤੀ ਦਾ ਪ੍ਰਗਟਾਵਾ ਕਰਦਾ ਹੈ। ਦਰਅਸਲ ਪਰੰਪਰਾ, ਧਰਮ, ਨੈਤਿਕਤਾ ਅਤੇ ਸਮਾਜਿਕ ਪ੍ਰਤੀਮਾਨ ਔਰਤ ਉੱਪਰ ਦੇਹ ਸੁੱਚਤਾ ਦਾ ਪ੍ਰਤੀਬੰਧ ਲਗਾਉਂਦੇ ਹੋਏ ਉਸਨੂੰ ਨਿਰਧਾਰਿਤ ਦਾਇਰੇ (ਵਿਆਹ ਸੰਸਥਾ) ਰਾਹੀਂ ਹੀ ਲਿੰਗਕ ਖੁੱਲ੍ਹ ਮਾਨਣ ਦੀ ਇਜ਼ਾਜਤ ਦਿੰਦੇ ਹਨ। ਪਿੱਤਰਸੱਤਾ ਦੁਆਰਾ ਨਿਸ਼ਚਿਤ ਸੀਮਾਵਾਂ ਵਿੱਚ ਵਿਚਰਦੀ ਔਰਤ ਵੀ ਆਪਣੇ ਲਿੰਗਕ ਵਰਤਾਰੇ ਨੂੰ ਖੁੱਲ੍ਹ ਦੇਣ ਤੋਂ ਕਤਰਾਉਂਦੀ ਹੈ। ਮੁੱਖ ਪਾਤਰ ਜਿਹੜੀ ਕਿ

ਪਿੱਤਰਕੀ ਸਮਾਜ ਅਤੇ ਪਿੱਤਰੀ ਧਰਮ ਦੁਆਰਾ ਸਿਰਜਤ ਲੀਹਾਂ ਉੱਪਰ ਤੁਰਦੀ ਹੋਈ ਹੁਣ ਤੱਕ ਆਪਣੀਆ ਮੂੰਹ ਜ਼ੋਰ ਕਾਮ ਇੱਛਾਵਾਂ ਨੂੰ ਦਬਾਉਂਦੀ ਆਈ ਸੀ, ਜ਼ਰੀ ਦੀ ਕਾਮ ਕ੍ਰੀੜਾ ਦੇਖ ਕੇ ਦਵੰਦ ਵਿੱਚ ਫਸ ਜਾਂਦੀ ਹੈ। ਪ੍ਰਾਕ੍ਰਿਤਕ ਇੱਛਾਵਾਂ ਅਤੇ ਸੰਸਕ੍ਰਿਤਕ ਦਬਾਉ ਹੇਠ ਵਿਚਰਦੀ ਹੋਈ ਉਹ ਮਨ ਹੀ ਮਨ ਜ਼ਰੀ ਪ੍ਰਤੀ ਨਾਰਾਜ਼ਗੀ ਜ਼ਾਹਰ ਕਰਦੀ ਹੈ ਜਿਸਨੇ ਉਸਦੀਆਂ ਸੁੱਤੀਆਂ ਕਾਮਨਾਵਾਂ ਜਗਾ ਕੇ ਉਸਦੀ ਭੋਗ ਤੋਂ ਪਾਰ ਜਾਣ ਵਾਲੀ ਅਵਸਥਾ ਨੂੰ ਭੰਗ ਕਰ ਦਿੱਤਾ ਸੀ:

> ...ਮੈਨੂੰ ਦੱਸ, ਤੇਰੇ ਇਸ ਛਿਣ ਭਰ ਦੇ ਭੋਗ ਤੋਂ ਮੈਨੂੰ ਕੀ ਪ੍ਰਾਪਤ ਹੋਇਆ ਜ਼ਰੀ? 'ਕਾਮ' ਦਾ ਨਾ ਮੁਕਣ ਵਾਲਾ ਦਰਦ ਸਿਰਫ਼?[77]

ਦੂਜੇ ਪਾਸੇ ਪਾਤਰ ਜ਼ਰੀ ਇੱਕ ਆਜ਼ਾਦ ਅਤੇ ਆਧੁਨਿਕ ਖਿਆਲਾਂ ਵਾਲੀ ਲੜਕੀ ਹੈ ਜਿਹੜੀ ਪਿੱਤਰਕੀ ਸਭਿਆਚਾਰਕ ਵਰਜਣਾਵਾਂ ਨੂੰ ਤੋੜਦੀ ਹੋਈ ਆਪਣੇ ਜੀਵਨ ਨੂੰ ਭਰਪੂਰਤਾ ਸਹਿਤ ਮਾਨਣ ਵਿੱਚ ਦਿਲਚਸਪੀ ਰੱਖਦੀ ਹੈ। ਮੁੱਖ ਪਾਤਰ ਵੀ ਜ਼ਰੀ ਵਾਂਗ ਆਪਣੀਆਂ ਅਤ੍ਰਿਪਤ ਅਕਾਂਖਿਆਵਾਂ ਦੀ ਪੂਰਤੀ ਕਰਨਾ ਲੋਚਦੀ ਹੈ ਪ੍ਰੰਤੂ ਮਰਿਆਦਾ ਦੇ ਖੂੰਟੇ ਨਾਲ ਬੱਝੀ ਉਹ ਜ਼ਰੀ ਵਾਂਗ ਲਿੰਗਕ ਖੁੱਲ੍ਹ ਲੈਣ ਤੋਂ ਡਰਦੀ ਹੈ।

ਪਿੱਤਰਕੀ ਸਮਾਜ ਵਿੱਚ ਔਰਤ ਦੇ ਚਰਿੱਤਰ ਨੂੰ ਬੇਹੱਦ ਮੁੱਲਵਾਨ ਮੰਨਿਆ ਜਾਂਦਾ ਹੈ ਅਤੇ ਇਸਨੂੰ ਅਖੌਤੀ ਇੱਜ਼ਤ ਨਾਲ ਜੋੜ ਕੇ ਦੇਖਿਆ ਜਾਂਦਾ ਹੈ ਜਦੋਂਕਿ ਉਸਦੇ ਹੀ ਸਮਜਾਤੀ ਮਰਦ ਉੱਪਰ ਦੇਹ ਸੁੱਚਤਾ ਦਾ ਨਿਯਮ ਉਨ੍ਹਾਂ ਕਰੜਾਈ ਨਾਲ ਲਾਗੂ ਨਹੀਂ ਹੁੰਦਾ। ਜੇਕਰ ਕੋਈ ਔਰਤ ਪਿੱਤਰੀ ਨੈਤਿਕ ਕਦਰਾਂ-ਕੀਮਤਾਂ ਨੂੰ ਤੋੜਦੀ ਹੈ ਜਾਂ ਇਸ ਤਰ੍ਹਾਂ ਦਾ ਕੋਈ ਯਤਨ ਕਰਦੀ ਹੈ ਤਾਂ ਪਿੱਤਰਕੀ ਸਮਾਜ ਉਸਨੂੰ ਮਾਫ਼ ਨਹੀਂ ਕਰਦਾ। ਅਜਿਹੀ ਔਰਤ ਨੂੰ ਦੰਡਿਤ ਕਰਨ ਲਈ ਸਮੁੱਚਾ ਪਿੱਤਰਸੱਤਾਤਮਕ ਢਾਂਚਾ ਕਿਰਿਆਸ਼ੀਲ ਹੋ ਜਾਂਦਾ ਹੈ। ਨਾਰੀ ਦੀ ਆਚਰਣਿਕ ਸ਼ੁੱਧਤਾ ਬਾਰੇ ਰਮਣੀਕਾ ਗੁਪਤਾ ਲਿਖਦੀ ਹੈ :

> ਭਾਰਤ ਵਿੱਚ ਇਸਤਰੀ ਲਈ ਨੈਤਿਕਤਾ ਦਾ ਮਤਲਬ ਯੌਨ ਸੁਚਿਤਾ ਹੈ ਅਤੇ ਇਸਤਰੀ ਦੀ ਨੈਤਿਕਤਾ ਉਸਦੀ ਦੇਹ ਤੋਂ ਸ਼ੁਰੂ ਹੋ ਕੇ ਦੇਹ ਉੱਤੇ ਖ਼ਤਮ ਹੋ ਜਾਂਦੀ ਹੈ। ਇਸਤਰੀ ਦਾ ਆਪਣੀ ਦੇਹ ਉੱਪਰ ਕੋਈ ਅਧਿਕਾਰ ਨਹੀਂ ਹੈ।...ਉਹ ਭਾਵੇਂ ਕਿੰਨੀ ਵੀ ਸੱਚੀ ਹੋਵੇ, ਬਹਾਦਰ, ਇਮਾਨਦਾਰ, ਸੁਸ਼ੀਲ ਹੋਵੇ, ਸਭ ਵਿਅਰਥ ਹੋ ਜਾਂਦਾ ਹੈ ਜੇਕਰ ਦੇਹ ਦੀ ਸੁਚਿਤਾ ਭੰਗ ਹੋ ਜਾਵੇ। ਦੇਹ ਤਾਂ ਪੁਰਸ਼ ਦੀ ਵੀ ਹੁੰਦੀ ਹੈ ਪਰ ਉਸਦੀ ਸੁਚਿਤਾ ਕਦੇ ਨਹੀਂ ਟੁੱਟਦੀ।[78]

ਰਸ਼ਪਿੰਦਰ ਰਸ਼ਿਮ ਦੀ ਕਹਾਣੀ 'ਕਾਗਜ਼ ਦਾ ਗੁੱਡਾ' ਮਰਦ ਪ੍ਰਧਾਨ ਪਿੱਤਰਕੀ ਸਮਾਜ ਦੇ ਨਾਰੀ ਪ੍ਰਤੀ ਲਿੰਗਕ ਵਿਤਕਰੇ ਭਰੇ ਨਜ਼ਰੀਏ 'ਤੇ ਪ੍ਰਸ਼ਨ ਚਿੰਨ੍ਹ ਲਾਉਂਦੀ ਹੋਈ ਉਸਦੀ ਅਸਤਿਤਵੀ ਹੋਂਦ ਅਤੇ ਆਜ਼ਾਦੀ ਦੇ ਮਸਲੇ ਨੂੰ ਉਠਾਉਂਦੀ ਹੈ। ਇਹ ਕਹਾਣੀ ਪਾਤਰ ਕੋਮਲ ਦੁਆਲੇ ਘੁੰਮਦੀ ਹੈ ਜਿਹੜੀ ਕਿ ਮਰ ਚੁੱਕੀ ਹੈ। ਬਿਰਤਾਂਤਿਕ ਵੇਰਵੇ ਅਨੁਸਾਰ ਪਾਤਰ ਕੋਮਲ ਆਪਣੇ ਪਤੀ ਬਲਰਾਜ ਨੂੰ ਬੇਹੱਦ ਪਿਆਰ ਕਰਦੀ ਸੀ ਤੇ ਬਲਰਾਜ ਵੀ ਆਪਣੀ ਪਤਨੀ ਕੋਮਲ ਦਾ ਵਿਸਾਹ ਨਹੀਂ ਕਰਦਾ ਸੀ। ਪਤੀ-ਪਤਨੀ ਦੀ ਅਜਿਹੀ ਜਜ਼ਬਾਤੀ ਸਾਂਝ ਦੇਖ ਕੇ ਹਰ ਕੋਈ ਹੈਰਾਨ ਹੁੰਦਾ। ਪਰ ਸਥਿਤੀ ਦੀ ਵਿਡੰਬਨਾ ਇਹ ਹੈ ਕਿ ਇਸ ਸਭ ਦੇ ਬਾਵਜੂਦ ਪਾਤਰ ਕੋਮਲ ਉਸ ਸਮੇਂ ਉਦਾਸੀ, ਇਕੱਲਤਾ ਅਤੇ ਬੇਗਾਨਗੀ ਵਿੱਚ ਘਿਰ ਜਾਂਦੀ ਹੈ ਜਦੋਂ ਬਲਰਾਜ ਦੀ ਮੂੰਹ ਬੋਲੀ ਭੈਣ ਮਨੂ ਬਲਰਾਜ ਨੂੰ ਮਿਲਣ ਉਹਨਾਂ ਦੇ ਘਰ ਆਉਂਦੀ ਹੈ। ਕੋਮਲ ਭਾਵੇਂ ਪਤੀ ਬਲਰਾਜ ਅਤੇ ਮਨੂ ਦੇ ਭਾਵੁਕ ਰਿਸ਼ਤੇ ਉੱਤੇ ਕੋਈ ਸ਼ੱਕ ਨਾ ਪ੍ਰਗਟਾਉਂਦੀ ਪ੍ਰੰਤੂ ਫਿਰ ਵੀ ਉਹ ਮਾਨਸਿਕ ਤਨਾਓ ਦੀ ਸ਼ਿਕਾਰ ਹੋ ਜਾਂਦੀ। ਅਜਿਹੇ ਸਮੇਂ ਉਹ ਆਪਣੇ ਅੰਦਰਲੀ ਵੈਰਾਨਗੀ ਨੂੰ ਦੂਰ ਕਰਨ ਲਈ ਆਪਣੀ ਕਲਪਨਾ ਰਾਹੀਂ ਦੀਪ ਨਾਂ ਦੇ ਮਰਦ ਪ੍ਰੇਮੀ ਨੂੰ ਚਿਤਵਦੀ ਹੋਈ ਉਸ ਵੱਲੋਂ ਖ਼ੁਦ ਨੂੰ ਪ੍ਰੇਮਮਈ ਖ਼ਤ ਲਿਖ ਕੇ ਆਪਣੇ ਭਾਵਾਂ ਦਾ ਕਥਾਰਸਿਸ ਕਰ ਲੈਂਦੀ। ਸਥਿਤੀ ਉਸ ਸਮੇਂ ਤਣਾਓ ਪੂਰਨ ਬਣ ਜਾਂਦੀ ਹੈ ਜਦੋਂ ਬਲਰਾਜ ਅਤੇ ਕੋਮਲ ਦੀ ਮੌਤ ਤੋਂ ਬਾਅਦ ਪਾਤਰ ਕੋਮਲ ਦੇ ਹੱਥੀਂ ਲਿਖੇ ਖ਼ਤਾਂ ਦਾ ਪੁਲਿੰਦਾ ਅਚਾਨਕ ਉਸਦੇ ਜੇਠ ਦੇ ਹੱਥ ਲੱਗ ਜਾਂਦਾ ਹੈ। ਇਸ ਘਟਨਾ ਤੋਂ ਬਾਅਦ ਜਿੱਥੇ ਪਾਤਰ ਕੋਮਲ 'ਤੇ ਚਰਿੱਤਰਹੀਣਤਾ ਦਾ ਦੋਸ਼ ਮੜ ਦਿੱਤਾ ਗਿਆ ਸੀ ਉੱਥੇ ਨਾਲ ਹੀ ਕੋਮਲ ਨੂੰ ਖ਼ਤ ਲਿਖਣ ਵਾਲੇ ਅਗਿਆਤ ਮਰਦ ਪ੍ਰੇਮੀ ਦੀਪ ਦੀ ਪਛਾਣ ਬਾਰੇ ਵੀ ਪੜਤਾਲ ਸ਼ੁਰੂ ਹੋ ਗਈ ਸੀ:

> ... ਖ਼ਤ ਕੀ ਲੱਭੇ, ਝੱਖੜ ਈ ਝੁੱਲ ਗਿਆ ਸੀ।...
>
> ਵੇਖਦਿਆਂ ਈਂ ਵੇਖਦਿਆਂ ਉਹ 'ਕੁਲਹਿਣੀ', 'ਕੁਲੱਛਣੀ' ਅਤੇ 'ਪੁੱਠੇ ਚਾਲਿਆਂ ਵਾਲੀ' ਬਣ ਗਈ ਸੀ।[79]

ਕਹਾਣੀਕਾਰ ਇੱਥੇ ਪਿੱਤਰਕੀ ਸਮਾਜਿਕ ਪ੍ਰਬੰਧ ਦੇ ਨਾਰੀ ਪ੍ਰਤੀ ਉਸ ਸੰਕੁਚਿਤ ਨਜ਼ਰੀਏ ਨੂੰ ਸਾਹਮਣੇ ਲਿਆਉਂਦੀ ਹੈ ਜਿਹੜਾ ਔਰਤ ਨੂੰ ਸੀਮਤ ਦਾਇਰੇ ਵਿੱਚ ਵਿਚਰਨ ਦੀ ਇਜ਼ਾਜਤ ਦਿੰਦਾ ਹੈ। ਜੇਕਰ ਕੋਈ ਔਰਤ ਉਸ ਸੀਮਾ ਨੂੰ ਉਲੰਘਣ ਦੀ ਕੋਸ਼ਿਸ਼ ਕਰਦੀ ਹੈ ਤਾਂ ਸਮੁੱਚਾ ਪਿੱਤਰਤੰਤਰ, ਧਰਮਤੰਤਰ ਅਤੇ ਮਰਦਤੰਤਰ ਉਸ ਔਰਤ ਦੇ ਖਿਲਾਫ਼ ਖੜ੍ਹਾ ਹੋ ਜਾਂਦਾ ਹੈ। ਵਿਆਹੀ ਔਰਤ ਜਿਹੜੀ ਪਿੱਤਰਸੱਤਾ ਦੁਆਰਾ ਇਕ ਮਰਦ ਲਈ ਰਾਖਵੀਂ ਕਰ ਦਿੱਤੀ ਗਈ ਹੈ, ਲਈ ਪਰਾਏ ਮਰਦ ਦਾ ਖਿਆਲ ਵੀ ਪਿੱਤਰੀ ਧਰਮ ਦੀਆਂ ਨਜ਼ਰਾਂ ਵਿੱਚ ਗੁਨਾਹ ਮੰਨਿਆ ਜਾਂਦਾ ਹੈ। ਮਨੂੰਸਮ੍ਰਿਤੀ ਵਿੱਚ ਲਿਖਿਆ ਹੈ :

> ਜੋ ਇਸਤਰੀ ਪਤੀ ਨੂੰ ਛੱਡ ਕੇ ਵਿਭਚਾਰ ਕਰਦੀ ਹੈ ਉਹ ਸੰਸਾਰ ਵਿੱਚ ਨਿੰਦਾ ਪਾਉਂਦੀ ਹੈ ...ਪਾਪ ਰੋਗ ਕੋਹੜ ਆਦਿ ਨਾਲ ਪੀੜਤ ਹੁੰਦੀ ਹੈ ਤੇ ਜੋ ਇਸਤਰੀ ਸਰੀਰ, ਵਾਣੀ ਤੇ ਮਨ ਨੂੰ ਵੱਸ ਰੱਖ ਕੇ ਪਤੀ ਸੇਵਾ ਕਰਦੀ ਹੈ, ਸੰਸਾਰ ਵਿੱਚ ਪਤੀਵ੍ਰਤਾ ਕਹਾਉਂਦੀ ਹੈ ...ਅਤੇ ਸਵਰਗ ਪਾਉਂਦੀ ਹੈ।[80]

ਪਰ ਦੁਖਾਂਤ ਇਹ ਹੈ ਕਿ ਵਿਭਚਾਰੀ ਮਰਦ ਲਈ ਅਜਿਹੀ ਕੋਈ ਵੀ ਹਦਾਇਤ ਜਾਂ ਮਿੱਥਕ ਧਾਰਣਾ ਮੌਜੂਦ ਨਹੀਂ। ਸਥਿਤੀ ਦੀ ਵਿਡੰਬਨਾ ਇਹ ਹੈ ਕਿ ਬਿਰਤਾਂਤ ਵਿੱਚ ਪਾਤਰ ਕੋਮਲ ਤੇ ਚਰਿੱਤਰਕ ਇਲਜ਼ਾਮ ਲਾਉਣ ਵਾਲੇ ਮਰਦ ਪਾਤਰ ਖ਼ੁਦ ਸਮਾਜ-ਸਭਿਆਚਾਰਕ ਵਰਜਣਾਵਾਂ ਨੂੰ ਤੋੜਦੇ ਹੋਏ ਪਰਾਈਆਂ ਔਰਤਾਂ ਨਾਲ ਅਵੈਧ ਸੰਬੰਧ ਸਥਾਪਿਤ ਕਰਦੇ ਹਨ ਪ੍ਰੰਤੂ ਉਹਨਾਂ ਨੂੰ ਪਾਤਰ ਕੋਮਲ ਦੁਆਰਾ ਮਨੋਕਲਪਿਤ ਮਰਦ ਪ੍ਰੇਮੀ ਦੀਪ ਵਾਲੀ ਗੱਲ ਹਰਗਿਜ਼ ਪ੍ਰਵਾਨ ਨਹੀਂ। ਜਦੋਂ ਪਾਤਰ ਕੋਮਲ ਦੇ ਜੇਠ ਦੀ ਲੜਕੀ ਸੀਮਾ ਜਿਹੜੀ ਕਿ ਮਨੋਵਿਗਿਆਨ ਦੀ ਪੜ੍ਹਾਈ ਕਰ ਰਹੀ ਹੈ, ਆਪਣੇ ਪਿਤਾ ਅਤੇ ਚਾਚਿਆਂ ਨੂੰ ਆਪਣੀ ਮਰ ਚੁੱਕੀ ਚਾਚੀ ਕੋਮਲ ਦੀ ਮਨੋਸਥਿਤੀ ਸੰਬੰਧੀ ਸਮਝਾਉਂਦੀ ਹੋਈ ਇਸ ਅਸਲੀਅਤ ਤੋਂ ਜਾਣੂ ਕਰਵਾਉਂਦੀ ਹੈ ਕਿ ਕੋਮਲ ਨੂੰ ਕਿਸੇ ਗ਼ੈਰ ਮਰਦ ਨਾਲ ਕੋਈ ਮੁਹੱਬਤ ਨਹੀਂ ਸੀ ਬਲਕਿ ਇਹ ਕੋਮਲ ਦੁਆਰਾ ਆਪਣੇ ਅੰਦਰੋਂ ਹੀ ਘੜਿਆ ਹੋਇਆ ਕਲਪਿਤ ਮਰਦ ਸੀ ਤਾਂ ਘਰ ਵਿਚਲੇ ਮਰਦ ਪਾਤਰ ਉਸਦੀ ਇਸ ਦਲੀਲ ਨੂੰ ਨਾ ਕੇਵਲ ਰੱਦ ਕਰਦੇ ਹਨ ਬਲਕਿ ਲੜਕੀ ਦੀ ਆਵਾਜ਼ ਨੂੰ ਵੀ ਦਬਾਉਣ ਦੀ ਕੋਸ਼ਿਸ਼ ਕਰਦੇ ਹਨ :

> "ਕਿਉਂ? ਪਾਗਲ ਸੀ ਉਹ? ਜਾਂ ਅਸੀਂ ਪਾਗਲ ਆਂ ਕਿ ਇਸ ਗੱਲ ਨੂੰ ਮੰਨ ਲਵਾਂਗੇ।"... "ਰਹਿਣ ਦੇ ਤੂੰ ਆਪਣੀ ਮਨੋਵਿਗਿਆਨ ਦੀ ਪੜ੍ਹਾਈ ਇੱਥੇ ਨਾ ਲਾਗੂ ਕਰ।"[81]

ਦਰਅਸਲ ਮਰਦ ਦੇ ਹੱਕ ਵਿੱਚ ਭੁਗਤਣ ਵਾਲੇ ਪਿੱਤਰਕੀ ਸਮਾਜਿਕ ਢਾਂਚੇ ਵਿੱਚ ਔਰਤ ਕੋਲ ਕੋਈ ਮਾਨਵੀ ਸਪੇਸ ਨਹੀਂ ਕਿ ਉਹ ਕਲਪਨਾ ਵਿੱਚ ਵੀ ਕਿਸੇ ਗੈਰ ਮਰਦ ਬਾਰੇ ਸੋਚ ਸਕੇ। ਜੇਕਰ ਕੋਈ ਔਰਤ ਆਪਣੀ ਅਸਤਿਤਵੀ ਹੋਂਦ ਦੇ ਪਾਸਾਰ ਲਈ ਕੋਈ ਸਪੇਸ ਹਾਸਲ ਕਰਨ ਦੀ ਜ਼ੁਰੱਅਤ ਕਰਦੀ ਹੈ ਤਾਂ ਪਿੱਤਰਕੀ ਪ੍ਰਬੰਧ ਦੇ ਨੁਮਾਇੰਦੇ ਉਸਦੀ ਇਸ ਹਿੰਮਤ ਅਤੇ ਦਲੇਰੀ ਨੂੰ ਦਬਾਉਣ ਲਈ ਆਪਣੀ ਹਰ ਸੰਭਵ ਕੋਸ਼ਿਸ਼ ਕਰਦੇ ਹਨ।

ਕਹਾਣੀ 'ਛਲੇਡਾ' ਵਿਚਲਾ ਬਿਰਤਾਂਤ ਵੀ ਪਿੱਤਰਕੀ ਪ੍ਰਬੰਧ ਵਿੱਚ ਔਰਤ ਦੀ ਹੋਂਦ ਨੂੰ ਨਿਰਹੋਂਦ ਬਣਾਈ ਰੱਖਣ ਵਾਲੀਆਂ ਕਰੂਰ ਤਾਕਤਾਂ ਨੂੰ ਨਸ਼ਰ ਕਰਦਾ ਹੈ। ਬਿਰਤਾਂਤ ਇਕ ਇਕੱਲੀ ਆਜ਼ਾਦ ਔਰਤ ਦੀ ਕਹਾਣੀ ਹੈ ਜੋ ਇਕ ਪਿੰਡ ਵਿੱਚ ਰਹਿ ਰਹੀ ਹੈ। ਉਹ ਆਪਣੀ ਜ਼ਿੰਦਗੀ ਜਿਊਣ ਦਾ ਇਕ ਵੱਖਰਾ ਰਾਹ

ਅਖ਼ਤਿਆਰ ਕਰਦੀ ਹੈ। ਕਹਾਣੀਕਾਰ ਉਸਦੀ ਵੱਖਰਤਾ ਅਤੇ ਨਿਵਕੇਲੇਪਣ ਦਾ ਵਰਣਨ ਇਸ ਤਰ੍ਹਾਂ ਕਰਦੀ ਹੈ :

> ਜਦੋਂ ਉਸਦੀਆਂ ਹਮਉਮਰ ਗੇਂਦ ਗੀਟੇ ਖੇਡ ਰਹੀਆਂ ਹੁੰਦੀਆਂ ਉਹ ਗਰਾਂ ਦੇ ਉਨ੍ਹਾਂ ਨੰਗਧੜੰਗੇ ਬੱਚਿਆਂ ਨੂੰ ਚੁੱਕ ਚੁੱਕ ਕੇ ਖਿਡਾ ਰਹੀ ਹੁੰਦੀ, ਨਵ੍ਹਾ ਰਹੀ ਹੁੰਦੀ ...ਫਿਰ ਉਹ ਉਮਰ ਆਈ ਜਦੋਂ ਉਸ ਦੀਆਂ ਹਮਉਮਰ ਕੁੜੀਆਂ, ਮੂੰਹ ਅੱਗੇ ਹੱਥ ਰੱਖਕੇ ਹੱਸਦੀਆਂ ਹੋਈਆਂ, ਬਾਂਕੇ ਜਵਾਨਾਂ ਦਾ ਜ਼ਿਕਰ ਕਰਨ ਲੱਗੀਆਂ। ...ਵੱਖੀਆਂ ਰਾਹੀਂ ਹੱਸਣ ਦੀ ਉਮਰ ਵਿੱਚ ਉਹ ਬਿਮਾਰਾਂ ਦੀ ਤਿਮਾਰਦਾਰੀ ਕਰ ਰਹੀ ਹੁੰਦੀ।[82]

ਪਰ ਸਥਿਤੀ ਉਸ ਸਮੇਂ ਜਟਿਲ ਰੂਪ ਧਾਰ ਲੈਂਦੀ ਹੈ ਜਦੋਂ ਮੁੱਖ ਪਾਤਰ ਇਕੱਲੀ ਪਿੱਤਰਸੱਤਾ ਦੁਆਰਾ ਪ੍ਰਵਾਨਿਤ ਜ਼ਿੰਦਗੀ ਤੋਂ ਵੱਖਰੇ ਰਾਹ ਤੇ ਤੁਰਦੀ ਹੋਈ ਪਿੱਤਰੀ ਸਮਾਜ ਲਈ ਇਕ ਵੰਗਾਰ ਬਣ ਜਾਂਦੀ ਹੈ। ਸਮਾਜ ਤੋਂ ਟੁੱਟ ਕੇ ਆਪਣੀ ਆਜ਼ਾਦੀ ਅਤੇ ਮਨਮਰਜ਼ੀ ਵਾਲਾ ਜੀਵਨ ਜਿਊਂਦੀ ਮੁੱਖ ਪਾਤਰ ਇਕੱਲੀ ਦੇ ਅਸਤਿਤਵ ਨੂੰ ਦਬਾਉਣ ਲਈ ਇਕ ਸਾਜਿਸ਼ ਘੜੀ ਜਾਂਦੀ ਹੈ। ਇਹ ਭਰਮ ਫੈਲਾਇਆ ਜਾਂਦਾ ਹੈ ਕਿ ਪਿੰਡ ਵਿੱਚ ਇੱਕ ਛਲੇਡਾ ਹੈ ਜੋ ਵੱਖ-ਵੱਖ ਬੰਦਿਆਂ ਨੂੰ ਵੱਖੋ-ਵੱਖਰੇ ਰੂਪ ਵਿੱਚ ਨਜ਼ਰ ਆਉਂਦਾ ਹੈ। ਪਿੰਡ ਵਾਲੇ ਵੱਖ-ਵੱਖ ਕਿਆਸੇ ਲਾਉਂਦੇ ਹਨ ਕਿ ਆਖਰ ਇਕੱਲੀ ਨੂੰ ਛਲੇਡਾ ਕਿਸ ਰੂਪ ਵਿੱਚ ਦਿਖਾਈ ਦਿੱਤਾ ਹੋਵੇਗਾ। ਤਿੱਖੀਆਂ ਮੁੱਛਾ ਵਾਲਾ ਮਰਦ ਅਤੇ ਉਸਦੀ ਰਖੇਲ ਭਾਬੀ ਇਹ ਗੱਲ ਫੈਲਾਉਂਦੇ ਹਨ ਕਿ ਉਸ ਔਰਤ ਨੂੰ ਛਲੇਡਾ ਨੰਗੇ ਮਰਦ ਦੇ ਰੂਪ ਵਿੱਚ ਦਿਖਾਈ ਦਿੱਤਾ ਹੈ। ਪਰ ਜਦੋਂ ਮੁੱਖ ਪਾਤਰ ਇਕੱਲੀ ਕਿਸੇ ਤਰ੍ਹਾਂ ਦਾ ਛਲੇਡਾ ਦਿਖਾਈ ਨਾ ਦੇਣ ਬਾਰੇ ਦੱਸਦੀ ਹੈ ਤਾਂ ਪਿੰਡ ਵਿੱਚ ਬਵਾਲ ਖੜ੍ਹਾ ਹੋ ਜਾਂਦਾ ਹੈ। ਅਸਲ ਵਿੱਚ 'ਛਲੇਡਾ' ਕਾਮਨਾਵਾਂ ਦੀ ਕਮੀ (Lack of desires) ਦਾ ਹੀ ਪ੍ਰਤੀਕਾਤਮਕ ਰੂਪ ਹੈ। ਮਨੁੱਖ ਹਮੇਸ਼ਾ ਇਸ ਕਮੀ ਪੂਰਤੀ ਲਈ ਕਿਰਿਆਸ਼ੀਲ ਰਹਿੰਦਾ ਹੈ। ਬਿਰਤਾਂਤ ਵਿੱਚ ਔਰਤ-ਮਰਦ ਪਾਤਰਾਂ ਨੂੰ ਛਲੇਡੇ ਦਾ ਨਜ਼ਰ ਆਉਣਾ ਉਹਨਾਂ ਅੰਦਰਲੀਆਂ ਅਧੂਰੀਆਂ, ਅਤ੍ਰਿਪਤ ਕਾਮਨਾਵਾਂ ਨੂੰ ਪ੍ਰਗਟਾਉਂਦਾ ਹੈ। ਦੂਜੇ ਪਾਸੇ ਮੁੱਖ ਪਾਤਰ ਇੱਕਲੀ ਨੂੰ ਛਲੇਡੇ ਦਾ ਦਿਖਾਈ ਨਾ ਦੇਣਾ ਉਸਦਾ ਆਪਣੀਆਂ ਕਾਮਨਾਵਾਂ ਉੱਪਰ ਕਾਬੂ ਪਾਉਣ ਵੱਲ ਸੰਕੇਤ ਕਰਦਾ ਹੈ। ਇਕੱਲੀ ਆਪਣੇ ਪ੍ਰਮਾਣਿਕ ਅਸਤਿਤਵ ਵਿੱਚ ਵਿਚਰਦੀ ਹੋਈ ਆਪਣੀ ਕਾਮਨਾ ਨੂੰ ਸਿਰਜਤ ਰਿਸ਼ਤਿਆਂ ਦੀ ਤਿਮਾਰਦਾਰੀ ਕਰਨ ਵਿੱਚ ਜਟਾਉਂਦੀ ਹੈ। ਪਾਤਰ ਇਕੱਲੀ (ਔਰਤ) ਦੁਆਰਾ ਆਪਣੇ ਆਲੇ-ਦੁਆਲੇ ਸਿਰਜਿਆ ਸਵੈ-ਇੱਛਤ ਦਾਇਰਾ ਪਿੱਤਰੀ ਸਮਾਜ ਨੂੰ ਚੁਣੌਤੀ ਜਾਪਦਾ ਹੈ। ਇਕੱਲੀ ਨੂੰ

ਛਲੇਡਾ ਦਿਖਾਈ ਦਿੱਤਾ ਹੈ ਜਾਂ ਨਹੀਂ, ਦੀ ਪੁਸ਼ਟੀ ਲਈ ਜਦੋਂ ਉਸਨੂੰ ਸਭਾ ਵਿੱਚ ਬਲਾਇਆ ਜਾਂਦਾ ਹੈ ਤਾਂ ਉਹ ਆਪਣੇ ਸਵੈ ਨੂੰ ਪ੍ਰਗਟਾਉਣ ਤੋਂ ਅਸਮਰੱਥ ਰਹਿ ਜਾਂਦੀ ਹੈ :

> ਕੁਝ ਚਿਰ ਉਹ ਚੁੱਪ ਰਹੀ। ਫਿਰ ਸਿਰ ਸੁੱਟ ਕੇ ਬੋਲੀ- "ਮੈਂ ਕੁਝ ਨਹੀਂ ਕਹਿਣਾ - ਜਿਸ ਜਿਸ ਨੇ ਜਿਵੇਂ-ਜਿਵੇਂ ਸੋਚਣਾ ਹੈ, ਸੋਚ ਲਏ।" ਇਸ ਉੱਤੇ ਭੀੜ ਵਿੱਚ ਖ਼ੁਸ਼ੀ ਦੀ ਲਹਿਰ ਦੌੜ ਗਈ।[83]

ਦਰਅਸਲ ਮੁੱਖ ਪਾਤਰ ਇਕੱਲੀ ਦਾ ਪ੍ਰਮਾਣਿਕ ਅਸਤਿਤਵ ਭਾਸ਼ਾ ਪ੍ਰਤੀ ਅਪਹੁੰਚ ਅਤੇ ਪ੍ਰਸਥਿਤੀਆਂ ਦੀ ਜਕੜਬੰਦੀ ਸਾਹਮਣੇ ਸਮਰਪਣ ਲਈ ਮਜ਼ਬੂਰ ਹੋ ਜਾਂਦਾ ਹੈ। ਇਸ ਪ੍ਰਸੰਗ ਵਿੱਚ ਤਸਲੀਮਾ ਨਸਰੀਨ ਦੀ ਇਹ ਟਿੱਪਣੀ ਦੇਣੀ ਸਾਰਥਿਕ ਲੱਗਦੀ ਹੈ :

> ਇਕ ਇਕੱਲੀ ਲੜਕੀ ਜੇ ਇਕੱਲੇ ਅਤੇ ਆਜ਼ਾਦ ਜੀਵਨ ਜਿਉਂਦੀ ਹੈ ਤਾਂ ਸਮਾਜ ਦੇ 'ਭਲੇਮਾਣਸਾਂ' ਨੂੰ ਇਹ ਚੰਗਾ ਨਹੀਂ ਲਗਦਾ। ਉਹ ਮੌਕੇ ਦੀ ਤਲਾਸ਼ ਵਿੱਚ ਰਹਿੰਦੇ ਹਨ ਕਿ ਕੁਝ ਨਾ ਕੁਝ ਅਜਿਹਾ ਵਾਪਰੇ ਕਿ ਉਹ ਚਟਖਾਰੇ ਲੈ ਸਕਣ। ...ਲੋਕ ਹਰ ਸਮੇਂ ਕੇਵਲ ਮਜ਼ੇ ਦੀ ਤਲਾਸ਼ ਵਿੱਚ ਰਹਿੰਦੇ ਹਨ ਅਤੇ ਉਹ ਵੀ ਵਿਕ੍ਰਿਤ ਕੁੰਠਿਤ ਮਜ਼ੇ ਦੀ ਤਲਾਸ਼ ਵਿੱਚ।[84]

ਇਸ ਤਰ੍ਹਾਂ ਇਹ ਕਹਾਣੀ ਪਿੱਤਰਕੀ ਸਮਾਜਿਕ ਪ੍ਰਬੰਧ ਵਿੱਚ ਔਰਤ ਦੁਆਰਾ ਆਪਣੀ ਅਸਤਿਤਵੀ ਆਜ਼ਾਦੀ ਹਾਸਿਲ ਕਰਨ ਲਈ ਵਿਰੋਧੀ ਪ੍ਰਸਥਿਤੀਆਂ ਨਾਲ ਟਕਰਾਉਣ ਵਾਲੀ ਚੇਤੰਨ ਔਰਤ ਨੂੰ ਪੇਸ਼ ਕਰਦੀ ਹੈ।

ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਰਸ਼ਪਿੰਦਰ ਰਸ਼ਿਮ ਅਤੇ ਨਿਰਮਲ ਜਸਵਾਲ ਉਪਰੋਕਤ ਕਹਾਣੀਆਂ ਵਿੱਚ ਔਰਤ ਦੀਆਂ ਅੰਤਰੀਵੀ ਖ਼ਾਹਿਸ਼ਾਂ, ਔਰਤ ਦੀ ਅਸਤਿਤਵੀ ਆਜ਼ਾਦੀ ਤੇ ਸਵੈ ਦੇ ਵਿਭਿੰਨ ਮਸਲਿਆਂ ਨੂੰ ਪੇਸ਼ ਕਰਦੀਆਂ ਹਨ। ਰਸ਼ਪਿੰਦਰ ਰਸ਼ਿਮ ਦੀਆਂ ਕਹਾਣੀਆਂ ਪਿੱਤਰਕੀ ਸਮਾਜਿਕ ਪ੍ਰਬੰਧ ਦੇ ਨਾਰੀ ਪ੍ਰਤੀ ਉਸ ਪੱਖਪਾਤੀ ਨਜ਼ਰੀਏ ਨੂੰ ਰੂਪਮਾਨ ਕਰਦੀਆਂ ਹਨ ਜਿਹੜਾ ਨਾਰੀ ਨੂੰ ਇੱਕ ਨਿਸ਼ਚਿਤ ਦਾਇਰਿਆਂ ਵਿੱਚ ਵਿਚਰਣ ਲਈ ਪਾਬੰਦ ਕਰਦਾ ਹੈ। ਜੇਕਰ ਔਰਤ ਪਿੱਤਰਸੱਤਾ ਦੁਆਰਾ ਨਿਰਧਾਰਿਤ ਸੀਮਾਵਾਂ ਨੂੰ ਉਲੰਘਣ ਦੀ ਕੋਸ਼ਿਸ਼ ਕਰਦੀ ਹੈ ਤਾਂ ਸਮੁੱਚਾ ਪਿੱਤਰਕੀ ਢਾਂਚਾ ਉਸਦੇ ਖ਼ਿਲਾਫ਼ ਭੁਗਤਦਾ ਹੋਇਆ ਉਸਨੂੰ ਸਜ਼ਾ ਦੀ ਭਾਗੀਦਾਰ ਬਣਾ ਦਿੰਦਾ ਹੈ। ਇਸ ਦ੍ਰਿਸ਼ਟੀਕੋਣ ਤੋਂ ਉਸ ਦੀਆਂ ਕਹਾਣੀਆਂ ਵਿੱਚੋਂ ਕੁਝ ਅਜਿਹੇ ਚੇਤੰਨ ਨਾਰੀ ਪਾਤਰ ਉੱਭਰ ਕੇ ਸਾਹਮਣੇ ਆਉਂਦੇ ਹਨ ਜਿਹੜੇ ਆਪਣੀ ਅਸਤਿਤਵੀ ਆਜ਼ਾਦੀ ਅਤੇ ਸਵੈ-ਪਛਾਣ ਦੀ ਸਥਾਪਤੀ ਨਾਲ ਜੁੜਦੇ ਹੋਏ ਪਿੱਤਰਤੰਤਰੀ ਪ੍ਰਬੰਧ ਨੂੰ ਚੁਣੌਤੀ ਦਿੰਦੇ ਹਨ ਭਾਵੇਂ ਕਿ ਪਿੱਤਰਕੀ ਸਮਾਜਿਕ ਪ੍ਰਬੰਧ ਉਹਨਾਂ ਨੂੰ ਵਿਭਿੰਨ ਤਰੀਕਿਆਂ ਨਾਲ ਦਬਾਉਣ ਲਈ ਇਕਜੁੱਟ ਹੋ ਜਾਂਦਾ ਹੈ। ਇਹ ਨਾਰੀ

ਪਾਤਰ ਪਿੱਤਰਸੱਤਾ ਦੁਆਰਾ ਸਥਾਪਿਤ ਲੀਹਾਂ ਤੋਂ ਤੁਰਨ ਤੋਂ ਇਨਕਾਰੀ ਹੁੰਦੇ ਹੋਏ ਆਪਣੇ ਜਿਉਣ ਲਈ ਨਵਾਂ ਰਾਹ ਤਲਾਸ਼ਦੇ ਹਨ। ਰਸ਼ਪਿੰਦਰ ਰਸ਼ਿਮ ਅਤੇ ਨਿਰਮਲ ਜਸਵਾਲ ਦੀਆਂ ਕਹਾਣੀਆਂ ਅਜਿਹੀ ਔਰਤ ਦੀ ਦਵੰਦਾਤਮਕ ਮਨੋਸਥਿਤੀ ਨੂੰ ਉਜਾਗਰ ਕਰਦੀਆਂ ਹਨ ਜਿਹੜੀ ਜੀਵਨ ਨੂੰ ਭਰਪੂਰਤਾ ਸਹਿਤ ਜਿਉਣਾ ਚਾਹੁੰਦੀ ਹੈ। ਪ੍ਰੰਤੂ ਉਸ ਦੇ ਸਮੂਹਿਕ ਅਵਚੇਤਨ ਵਿੱਚ ਬੈਠੇ ਪਿੱਤਰਕੀ ਸੰਸਕਾਰ ਉਸਨੂੰ ਮਰਿਆਦਤ ਦਾਇਰਿਆਂ ਨੂੰ ਉਲੰਘਣ ਤੋਂ ਵਰਜਦੇ ਹਨ। ਰਸ਼ਪਿੰਦਰ ਰਸ਼ਿਮ ਦੀ ਕਹਾਣੀ ਵਿੱਚ ਪੇਸ਼ ਨਾਰੀ ਪਾਤਰ ਆਪਣੀਆਂ ਪ੍ਰਾਕ੍ਰਿਤਕ ਇੱਛਾਵਾਂ ਦੀ ਪੂਰਤੀ ਲਈ ਸਭਿਆਚਾਰਕ ਵਰਜਣਾਵਾਂ ਨੂੰ ਤੋੜਨ ਦੀ ਜ਼ੁਰੱਅਤ ਤਾਂ ਕਰਦੀ ਹੈ ਪ੍ਰੰਤੂ ਪਿੱਤਰਕੀ ਸੰਸਕਾਰਾਂ ਕਾਰਨ ਆਤਮ ਗੁਨਾਹ ਦੀ ਭਾਵਨਾ ਵਿੱਚ ਗ੍ਰਸੀ ਜਾਂਦੀ ਹੈ। ਨਿਰਮਲ ਜਸਵਾਲ ਆਪਣੀ ਕਹਾਣੀ ਰਾਹੀਂ ਬਦਲੀਆਂ ਪ੍ਰਸਥਿਤੀਆਂ ਵਿੱਚ ਮਹਾਂਨਗਰੀ ਔਰਤ ਦੀ ਬਦਲ ਰਹੀ ਮਨੋਸੰਵੇਦਨਾ ਨੂੰ ਰੂਪਮਾਨ ਕਰਦੀ ਹੈ। ਉਸਦੀਆਂ ਕਹਾਣੀਆਂ ਵਿੱਚ ਜਿੱਥੇ ਪਿੱਤਰਸੱਤਾਤਮਕ ਕਦਰਾਂ-ਕੀਮਤਾਂ ਨੂੰ ਤਿਲਾਂਜਲੀ ਦੇ ਕੇ ਆਪਣੀ ਵਿਅਕਤੀਗਤ ਆਜ਼ਾਦੀ ਨੂੰ ਮਾਨਣ ਵੱਲ ਰੁਚਿਤ ਮਹਾਂਨਗਰੀ ਔਰਤ ਦਾ ਬਿੰਬ ਉੱਭਰ ਕੇ ਸਾਹਮਣੇ ਆਉਂਦਾ ਹੈ, ਉੱਥੇ ਆਪਣੀਆਂ ਅਸਤਿਤਵੀ ਲੋੜਾਂ ਪ੍ਰਤੀ ਸੁਚੇਤ ਪ੍ਰੰਤੂ ਪ੍ਰੰਪਰਾ ਅਤੇ ਆਧੁਨਿਕਤਾ ਦੇ ਦਵੰਦ ਵਿੱਚ ਘਿਰੀ ਔਰਤ ਦਾ ਰੂਪ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ।

**ਔਰਤ ਦੇ ਕਾਮੁਕ ਵਿਹਾਰ ਦੀ ਪੇਸ਼ਕਾਰੀ**

ਕਾਮ ਮਨੁੱਖ ਦੀ ਕੁਦਰਤੀ ਪ੍ਰੰਤੂ ਸ਼ਕਤੀਸ਼ਾਲੀ ਪ੍ਰਵਿਰਤੀ ਹੈ ਜਿਸਨੂੰ ਮਨੋਵਿਗਿਆਨ ਨੇ ਜੀਵਨ ਸ਼ਕਤੀ ਦਾ ਨਾਮ ਦਿੱਤਾ ਹੈ। ਇਹ ਮਨੁੱਖ ਦੁਆਰਾ ਲੈਂਗਿਕ ਕਿਰਿਆ ਰਾਹੀਂ ਸੰਤੁਸ਼ਟੀ ਪ੍ਰਾਪਤ ਕਰਨ ਦੀ ਇੱਛਾ ਜਾਂ ਪ੍ਰਵਿਰਤੀ ਹੈ। ਸਿਗਮੰਡ ਫਰਾਇਡ ਇਸਨੂੰ 'ਲਿਬਿਡੋ' (Libido) ਕਹਿੰਦਾ ਹੈ ਜੋ ਮਨੁੱਖ ਦੇ ਅਚੇਤ ਮਨ ਵਿੱਚ ਪਈ ਰਹਿੰਦੀ ਹੈ। ਕਾਮ ਸ਼ਕਤੀ ਨੂੰ ਉਹ ਮਨੁੱਖੀ ਜੀਵਨ ਦੇ ਵਿਕਾਸ ਅਤੇ ਉਸਦਾ ਵਿਵਹਾਰ ਨਿਰਧਾਰਤ ਕਰਨ ਵਿੱਚ ਕੇਂਦਰੀ ਸਥਾਨ ਦਿੰਦਾ ਹੈ। ਡਾ. ਨਰਿੰਦਰ ਸਿੰਘ ਕਪੂਰ ਅਨੁਸਾਰ :

> ਮਨੋਵਿਗਿਆਨਕ ਅਰਥਾਂ ਵਿੱਚ ਕਾਮ ਪ੍ਰਵਿਰਤੀ ਸਮੁੱਚੇ ਮਨੁੱਖੀ ਵਿਵਹਾਰ ਨੂੰ ਨਿਰਧਾਰਿਤ ਕਰਦੀ ਹੈ।[85]

ਆਧੁਨਿਕ ਯੁੱਗ ਵਿੱਚ ਫਰਾਇਡ ਅਤੇ ਯੁੰਗ ਦੁਆਰਾ ਕਾਮ ਸੰਬੰਧੀ ਦਿੱਤੀਆਂ ਧਾਰਨਾਵਾਂ ਨਾਲ ਸਾਹਿਤ ਨੂੰ ਵੀ ਇਸ ਦ੍ਰਿਸ਼ਟੀ ਤੋਂ ਲਿਖਿਆ ਘੋਖਿਆ ਜਾਣ ਲੱਗਿਆ ਹੈ। ਪਿੱਤਰਸੱਤਾਤਮਕ ਸਮਾਜ ਵਿੱਚ ਹਮੇਸ਼ਾ ਮਰਦ ਹੀ ਕਾਮ-ਸੰਬੰਧਾਂ ਵਿੱਚ ਪਹਿਲ ਕਰਦਾ ਆਇਆ ਹੈ, ਪਰੰਤੂ ਆਧੁਨਿਕ ਸੰਵੇਦਨਾ ਨੇ ਔਰਤ ਅੰਦਰ ਕਾਮ ਸੰਬੰਧਾਂ ਨੂੰ ਸੰਤੁਸ਼ਟੀ ਨਾਲ ਮਾਣਨ ਦੀ ਚੇਸ਼ਟਾ ਦਾ ਨਿਸੰਗ ਪ੍ਰਗਟਾਵਾ ਕਰਨ ਪ੍ਰਤੀ ਚੇਤਨਤਾ ਲਿਆਂਦੀ ਹੈ। ਹੁਣ ਔਰਤ ਵੀ ਮਰਦ ਦੇ ਸਮਾਨ ਕਾਮੁਕ ਵਿਹਾਰ ਵਿੱਚ ਬਰਾਬਰ ਦੀ ਸੰਤੁਸ਼ਟੀ

ਜਾਂ ਸੰਤੁਲਨ ਚਾਹੁੰਦੀ ਹੈ। ਜਿੱਥੇ ਕਿਤੇ ਔਰਤ-ਮਰਦ ਕਾਮ ਸੰਬੰਧਾਂ ਵਿੱਚ ਸੰਤੁਲਨ ਕਾਇਮ ਨਹੀਂ ਰਹਿੰਦਾ, ਉੱਥੇ ਰਿਸ਼ਤੇ ਵਿੱਚ ਵਿਗਾੜ ਆ ਜਾਂਦਾ ਹੈ। ਸਮਕਾਲੀ ਦੌਰ ਦੇ ਕਹਾਣੀਕਾਰਾਂ ਵਿੱਚ ਨਿਰਮਲ ਜਸਵਾਲ ਇਕ ਅਜਿਹੀ ਬੇਬਾਕ ਲੇਖਿਕਾ ਹੈ ਜਿਸਨੇ ਔਰਤ-ਮਰਦ ਦੇ ਗੁੰਝਲਦਾਰ ਹੋ ਰਹੇ ਸੰਬੰਧਾਂ ਨੂੰ ਉਜਾਗਰ ਕਰਦਿਆਂ ਹੋਇਆ ਨਾਰੀ ਮਨ ਦੀਆਂ ਅਤ੍ਰਿਪਤ ਕਾਮ ਇਛਾਵਾਂ ਅਤੇ ਅਧੂਰੀਆਂ ਅਕਾਂਖਿਆਵਾਂ ਨੂੰ ਅਗਰਭੂਮਿਤ ਕੀਤਾ ਹੈ। ਉਸ ਦੀਆਂ ਕਥਾ ਨਾਇਕਾਵਾਂ ਆਪਣੀਆਂ ਅਧੂਰੀਆਂ ਕਾਮੁਕ ਇੱਛਾਵਾਂ ਦੀ ਪੂਰਤੀ ਲਈ ਸਥਾਪਿਤ ਨੈਤਿਕ ਕਦਰਾਂ-ਕੀਮਤਾਂ ਤੇ ਪਿੱਤਰੀ ਮੁੱਲਾਂ ਪ੍ਰਤੀ ਵਿਦਰੋਹੀ ਰੁਖ ਅਪਣਾਉਂਦੀਆਂ ਹਨ। ਇਹ ਔਰਤ ਪਾਤਰਾਂ ਆਪਣੇ ਆਪ ਨੂੰ ਮਰਦ ਪਾਤਰਾਂ ਦੀ ਤਰ੍ਹਾਂ ਸੰਪੂਰਨ ਮਾਨਵੀ ਇਕਾਈ ਮੰਨ ਕੇ ਹਰ ਹੀਲੇ ਆਪਣੀਆਂ ਪ੍ਰਾਕ੍ਰਿਤਕ ਲੋੜਾਂ ਦੀ ਪੂਰਤੀ ਕਰਨਾ ਚਾਹੁੰਦੀਆਂ ਹਨ। ਇਹਨਾਂ ਦੀ ਸਮੱਸਿਆ ਅਜਿਹੇ ਸਾਬਤ ਸਬੂਤੇ ਮਰਦ ਦੀ ਤਲਾਸ਼ ਹੈ ਜਿਹੜਾ ਉਹਨਾਂ ਨੂੰ ਭਰਪੂਰ ਰੂਪ ਵਿੱਚ ਕਾਮ ਸੁਖ ਦੇਵੇ। ਜੇਕਰ ਉਸਦੀਆਂ ਅਤ੍ਰਿਪਤ ਕਾਮਨਾਵਾਂ ਦੀ ਸੰਤੁਸ਼ਟੀ ਨਹੀਂ ਹੁੰਦੀ ਤਾਂ ਉਹ ਮਰਦ ਪਤੀ ਜਾਂ ਪ੍ਰੇਮੀ ਨਾਲੋਂ ਸੰਬੰਧ ਤੋੜਨ ਤੋਂ ਵੀ ਗੁਰੇਜ ਨਹੀਂ ਕਰਦੀਆਂ। ਉਹ ਪਿੱਤਰਕੀ ਸਭਿਆਚਾਰਕ ਬੰਧਨਾਂ ਤੋਂ ਆਜ਼ਾਦ ਹੋ ਕੇ ਆਪਣਾ ਆਪ ਹੰਢਾਉਣਾ ਚਾਹੁੰਦੀਆਂ ਹਨ।

ਨਿਰਮਲ ਜਸਵਾਲ ਰਚਿਤ 'ਪਾਰਦਰਸ਼ੀ' ਕਹਾਣੀ ਪਤਨੀ ਦੀ ਕਾਮ ਅਸੰਤੁਸ਼ਟੀ ਵਿੱਚੋਂ ਉਪਜੀ ਵੇਦਨਾ ਅਤੇ ਮਨੋਸਥਿਤੀ ਨੂੰ ਪੇਸ਼ ਕਰਦੀ ਹੈ। ਕਹਾਣੀ ਵਿਚਲੀ 'ਮੈਂ' ਪਾਤਰ ਆਪਣੇ ਪਤੀ ਕਮਲ ਅਤੇ ਦੋ ਬੱਚਿਆਂ ਨਾਲ ਰਹਿ ਰਹੀ ਹੈ। ਪਤੀ ਕਮਲ ਉਸਨੂੰ ਬੇਹੱਦ ਪਿਆਰ ਕਰਦਾ ਹੈ ਪ੍ਰੰਤੂ ਫਿਰ ਵੀ ਅੰਦਰੂਨੀ ਰੂਪ ਵਿੱਚ ਉਹ ਅਸ਼ਾਂਤ, ਅਤ੍ਰਿਪਤ ਅਤੇ ਅਪੂਰਨ ਮਹਿਸੂਸ ਕਰਦੀ ਹੈ। ਮੈਂ ਪਾਤਰ ਅਨੁਸਾਰ :

> ਮੈਂ ਹਰ ਸਮੇਂ ਕੁਝ ਲੱਭਦੀ, ਖੋਜਦੀ, ਘੋਖਦੀ, ਅਤ੍ਰਿਪਤ, ਅਪੂਰਨ ਪਾਸੇ ਮਾਰਦੀ ਰਹਿੰਦੀ।[86]

ਦਰਅਸਲ 'ਮੈਂ' ਪਾਤਰ ਅੰਦਰਲੀ ਬੇਚੈਨੀ ਅਤੇ ਮਾਨਸਿਕ ਅਸ਼ਾਂਤੀ ਉਸਦੇ ਪਤੀ ਨਾਲ ਅਧੂਰੇ ਕਾਮ ਸਬੰਧਾਂ ਵਿੱਚੋਂ ਉਪਜਦੀ ਹੈ। ਕਥਾ ਵਿਚਲੇ ਵੇਰਵਿਆਂ ਤੋਂ ਪਤਾ ਲੱਗਦਾ ਹੈ ਕਿ 'ਮੈਂ' ਪਾਤਰ ਦੇ ਪਤੀ ਨੇ ਕਾਮ-ਸੰਬੰਧਾਂ ਵਿੱਚ ਕਦੇ ਉਸਦੀ ਇੱਛਾ/ਅਣਇੱਛਾ ਦੀ ਪਰਵਾਹ ਨਹੀਂ ਕੀਤੀ। ਇਸਦਾ ਕਾਰਨ ਸ਼ਾਇਦ ਮਰਦ ਦਾ ਇਹ ਸੁਭਾਅ ਰਿਹਾ ਹੈ ਕਿ ਉਸ ਲਈ ਔਰਤ ਦੀ 'ਕਾਮ ਸੰਤੁਸ਼ਟੀ' ਕੋਈ ਅਰਥ ਨਹੀਂ ਰੱਖਦੀ ਜਦੋਂਕਿ ਔਰਤ ਵੀ ਮਰਦ ਵਾਂਗ ਹੀ ਕਾਮੁਕ ਤ੍ਰਿਪਤੀ ਕਰਨਾ ਲੋਚਦੀ ਹੈ ਪਰ ਸਥਿਤੀ ਦੀ ਵਿਡੰਬਨਾ ਇਹ ਹੈ ਕਿ ਪਿੱਤਰੀ ਸਮਾਜ ਵਿੱਚ ਔਰਤ ਦੀ ਕਾਮੁਕਤਾ ਜਾਂ ਕਾਮ ਇੱਛਾ ਦੀ ਪੂਰਤੀ ਨੂੰ ਮਰਦ ਦੀ ਕਾਮ ਤ੍ਰਿਪਤੀ ਦੇ ਪ੍ਰਸੰਗ ਵਿੱਚ ਹੀ ਦੇਖਿਆ ਜਾਂਦਾ ਰਿਹਾ ਹੈ। ਸੀਮੋਨ-ਦ-ਬੋਵਾਰ ਅਨੁਸਾਰ :

ਇਸਤਰੀ ਸ਼ੁਰੂ ਤੋਂ ਹੀ ਕੁਝ ਅਜਿਹੇ ਸਿਧਾਂਤ ਸੁਣਦੀ ਆਈ ਹੈ, ਜਿਸਦੇ ਅਨੁਸਾਰ ਪੁਰਸ਼ ਦੀ ਕਾਮ ਇੱਛਾ ਮਹੱਤਵਪੂਰਨ ਹੁੰਦੀ ਹੈ, ਜਦੋਂਕਿ ਇਸਤਰੀ ਦੀ ਕਾਮ ਭਾਵਨਾ ਲੱਜਾਜਨਕ ਹੈ। ਇਸਤਰੀ ਦੇ ਅਨੁਭਵ ਵੀ ਇਹੀ ਪ੍ਰਮਾਣਿਤ ਕਰਦੇ ਹਨ।[87]

ਕਹਾਣੀ ਵਿਚਲੀ ਮੈਂ ਪਾਤਰ ਜਿਹੜੀ ਕਿ ਆਧੁਨਿਕ ਖਿਆਲਾਂ ਵਾਲੀ ਅਤੇ ਚੇਤੰਨ ਔਰਤ ਹੈ, ਆਪਣੇ ਪਤੀ ਕਮਲ ਰਾਹੀਂ ਭਰਪੂਰ ਰੂਪ ਵਿੱਚ ਕਾਮ ਸੰਤੁਸ਼ਟੀ ਚਾਹੁੰਦੀ ਹੈ ਪਰ ਸਥਿਤੀ ਦਾ ਦੁਖਾਂਤ ਇਹ ਹੈ ਕਿ ਪਤੀ ਕਮਲ ਸਿਰਫ਼ ਆਪਣੀ ਕਾਮ ਤ੍ਰਿਪਤੀ ਤੱਕ ਹੀ ਸੀਮਤ ਹੈ। ਪਤੀ ਦੇ ਅਜਿਹੇ ਸਾਮੰਤੀ ਵਿਵਹਾਰ ਤੋਂ ਦੁਖੀ ਮੈਂ ਪਾਤਰ ਆਪਣੀ ਕਾਮ ਅਤ੍ਰਿਪਤੀ ਨੂੰ ਇਸ ਤਰ੍ਹਾਂ ਪ੍ਰਗਟਾਉਂਦੀ ਹੈ :

ਕਮਲ ਨੇ ਕਦੇ ਵੀ 'ਕਾਮ' ਤ੍ਰਿਪਤ ਕਿਰਿਆ ਨੂੰ ਨਹੀਂ ਸਮਝਿਆ। ਉਹਨੂੰ ਸਰੀਰਕ ਕਾਮ-ਕ੍ਰੀੜਾਂ ਨੂੰ ਹੀ ਪਹਿਲ ਦੇ, ਦਰੜਨ ਵਿੱਚ ਹੀ ਸੁਆਦ ਆਉਂਦਾ ਹੈ।[88]

ਕਾਮ ਤ੍ਰਿਪਤੀ ਤੋਂ ਵਾਂਝੀ ਮੈਂ ਪਾਤਰ ਅੰਦਰਲੀ ਭਟਕਣਾ ਉਸਨੂੰ ਦੂਸਰੇ ਮਰਦ ਨਾਲ ਸੰਬੰਧ ਬਣਾਉਣ ਲਈ ਉਤੇਜਿਤ ਕਰਦੀ ਹੈ। ਆਪਣੇ ਪਤੀ ਨਾਲ ਕਸੌਲੀ ਦੀਆਂ ਪਹਾੜੀਆਂ ਵਿੱਚ ਸੈਰ ਕਰਨ ਗਈ ਉਹ ਆਪਣੇ ਪੁਰਾਣੇ ਪ੍ਰੇਮੀ ਚੰਦਰ ਦੇ ਸੰਪਰਕ ਵਿੱਚ ਆਉਂਦੀ ਹੈ। ਪਤੀ ਦੀ ਗੈਰ ਮੌਜੂਦਗੀ ਵਿੱਚ ਉਹ ਕਾਮ ਵੇਗ ਵਿੱਚ ਵਹਿੰਦੀ ਹੋਈ ਚੰਦਰ ਦੇ ਕਦਮਾਂ ਵਿੱਚ ਢਹਿ ਜਾਂਦੀ ਹੈ। ਚੰਦਰ ਨਾਲ ਸੰਭੋਗੀ ਛਿਣਾਂ ਵਿੱਚੋਂ ਗੁਜ਼ਰਦਿਆ ਉਹ ਕਾਮ ਆਨੰਦ ਦੀ ਚਰਮ ਸੀਮਾ ਤੱਕ ਪਹੁੰਚਿਆ ਮਹਿਸੂਸ ਕਰਦੀ ਹੈ :

ਜਿੰਨਾ ਉਹ ਘੁਟਦਾ, ਨਪੀੜਦਾ ਗਿਆ, ਓਨੀ ਹੀ ਤ੍ਰਿਪਤ ਹੁੰਦੀ ਗਈ ਮੈਂ।... ''ਚੰਦਰ'' ...ਆਨੰਦ ਵਿੱਚ ਚੀਕਣਾ ਚਾਹਿਆ।[89]

ਕਹਾਣੀਕਾਰ 'ਮੈਂ' ਪਾਤਰ ਰਾਹੀਂ ਅਜਿਹੀ ਔਰਤ ਦਾ ਬਿੰਬ ਪੇਸ਼ ਕਰਦੀ ਹੈ ਜਿਹੜੀ ਜ਼ਿੰਦਗੀ ਨੂੰ ਭਰਪੂਰਤਾ ਸਹਿਤ ਜਿਊਣਾ ਚਾਹੁੰਦੀ ਹੈ। ਇਸ ਪ੍ਰਸੰਗ ਵਿੱਚ ਪ੍ਰੇਮ ਪ੍ਰਕਾਸ਼ ਲਿਖਦਾ ਹੈ :

ਨਿਰਮਲ ਜਸਵਾਲ ਦੀਆਂ ਕਹਾਣੀਆਂ ਪੜ੍ਹ ਕੇ ਮੇਰਾ ਇਹ ਗਿਲਾ ਦੂਰ ਹੋ ਗਿਆ ਕਿ ਔਰਤਾਂ ਦਸਦੀਆਂ ਹੀ ਨਹੀਂ ਕਿ ਉਹਨਾਂ ਨੂੰ ਮਰਦ ਦਾ ਕੀ ਕੁਝ ਖਿੱਚਦਾ ਤੇ ਤੰਗ ਕਰਦਾ ਹੈ। ਇਹ ਸ਼ੁਰੂਆਤ ਚੰਗੀ ਸਿੱਧ ਹੋਵੇਗੀ।[90]

'ਗਾਰਸਾ' ਕਹਾਣੀ ਵੀ ਸੰਪੂਰਨ ਮਰਦ ਦੀ ਤਲਾਸ਼ ਵਿੱਚ ਭਟਕਦੀ ਮੁੱਖ ਪਾਤਰ ਰੀਮਾ ਦੀ ਚਾਹਤ ਨੂੰ ਰੂਪਮਾਨ ਕਰਦੀ ਹੈ। ਮੁੱਖ ਪਾਤਰ ਰੀਮਾ ਆਪਣੇ ਪਤੀ ਤੋਂ ਵੱਖ ਹੋ ਕੇ ਆਪਣੇ ਬੱਚਿਆਂ ਨਾਲ ਰਹਿ ਰਹੀ

ਹੈ। ਆਪਣੀਆਂ ਅਤ੍ਰਿਪਤ ਕਾਮਨਾਵਾਂ ਦੀ ਪੂਰਤੀ ਲਈ ਪਹਿਲਾਂ ਉਹ ਵਿਆਹੇ ਮਰਦ ਪਾਤਰ ਮੇਜਰ ਸੰਧਾਂ ਨਾਲ ਸੰਬੰਧ ਬਣਾਉਂਦੀ ਹੈ ਅਤੇ ਬਾਅਦ ਵਿੱਚ ਗਾਰਸਾ ਨਾਂ ਦੇ ਇਕ ਹੋਰ ਮਰਦ ਵੱਲ ਖਿੱਚੀ ਜਾਂਦੀ ਹੈ। ਮੇਜਰ ਸੰਧਾਂ ਭਾਵੇਂ ਰੀਮਾ ਨੂੰ ਭਰਪੂਰ ਪਿਆਰ ਦਿੰਦਾ ਹੈ ਪ੍ਰੰਤੂ ਉਹ ਰੀਮਾ ਦੀ ਉਸ ਭੁੱਖ, ਤਲਬ ਨੂੰ ਸ਼ਾਂਤ ਨਾ ਕਰ ਸਕਿਆ ਜਿਸ ਕਾਰਨ ਉਹ ਅਸ਼ਾਂਤ ਅਤੇ ਵਿਚਲਿਤ ਰਹਿੰਦੀ ਹੈ। ਜਦੋਂ ਮੁੱਖ ਪਾਤਰ ਰੀਮਾ ਮੇਜਰ ਸੰਧਾਂ ਨਾਲ ਆਪਣੇ ਰਿਸ਼ਤੇ ਦਾ ਵਿਸ਼ਲੇਸ਼ਣ ਕਰਦੀ ਹੈ ਤਾਂ ਉਹਨੂੰ ਜਾਪਦਾ ਜਿਵੇਂ ਉਹ ਮੇਜਰ ਸੰਧਾਂ ਲਈ ਸਿਰਫ਼ ਭੋਗ ਦੀ ਵਸਤ ਬਣ ਕੇ ਰਹਿ ਗਈ ਹੋਵੇ। ਉਸ ਅਨੁਸਾਰ :

> ਕਾਲਪਨਿਕ ਹੈ ਸਾਰਾ ਕੁਝ, ਆਦਮੀ ਸਿਰਫ਼ ਆਪਣੀ ਤ੍ਰਿਪਤੀ ਤਕ ਸੀਮਤ ਹੈ, ਬੱਸ। ਫਿਰ ਭਾਵੇਂ ਉਹ 'ਲਾਂਗ ਡਰਾਇਵ' ਹੋਵੇ ਜਾਂ ਟੈਲੀਫੋਨ ਉਪਰ ਘੰਟਿਆ ਬੱਧੀ ਗੱਲਾਂ ਨਾਲ ਤ੍ਰਿਪਤੀ ਦਾ ਜ਼ਰੀਆ।[91]

ਮੁੱਖ ਪਾਤਰ ਰੀਮਾ ਮਰਦ ਪਾਤਰ ਦੀ ਉਸ ਪੈਤਰਿਕ ਮਾਨਸਿਕਤਾ ਅਤੇ ਸਾਮੰਤੀ ਹਉਂ ਤੇ ਕਟਾਖ਼ਸ਼ ਕਰਦੀ ਹੈ ਜਿਸ ਦੀਆਂ ਨਜ਼ਰਾਂ ਵਿੱਚ ਔਰਤ ਜਿਸਮ ਸਿਰਫ਼ ਉਸਦੇ ਲਿੰਗਕ ਆਨੰਦ ਦੀ ਪੂਰਤੀ ਦੇ ਸਾਧਨ ਤੱਕ ਮਹਿਦੂਦ ਹੋ ਕੇ ਰਹਿ ਜਾਂਦਾ ਹੈ। ਮੁੱਖ ਪਾਤਰ ਰੀਮਾ ਅਜਿਹੇ ਸੰਪੂਰਨ ਮਰਦ ਨਾਲ ਜੁੜਨਾ ਚਾਹੁੰਦੀ ਹੈ ਜਿਹੜਾ ਆਪਣੇ ਨਿੱਜ ਵਿੱਚੋਂ ਬਾਹਰ ਨਿਕਲ ਕੇ ਉਸਨੂੰ ਸੰਪੂਰਨ ਰੂਪ ਵਿੱਚ ਗ੍ਰਹਿਣ ਕਰਦਾ ਹੋਇਆ ਸਰੀਰਕ, ਮਾਨਸਿਕ ਪੱਧਰ ਤੇ ਬਰਾਬਰ ਦਾ ਰਿਸ਼ਤਾ ਸਥਾਪਿਤ ਕਰੇ। ਅਜਿਹਾ ਸੰਪੂਰਨ ਮਰਦ ਉਸਨੂੰ ਮਰਦ ਪਾਤਰ ਗਾਰਸਾ ਵਿੱਚੋਂ ਦਿਖਾਈ ਦਿੰਦਾ ਹੈ। ਗਾਰਸਾ ਨਾਲ ਸੰਬੰਧ ਸਥਾਪਿਤ ਕਰਦੀ ਹੋਈ ਮੁੱਖ ਪਾਤਰ ਰੀਮਾ ਭਰਪੂਰ ਰੂਪ ਵਿੱਚ ਤ੍ਰਿਪਤ ਹੋਈ ਮਹਿਸੂਸਦੀ ਹੈ। ਮੁੱਖ ਪਾਤਰ ਰੀਮਾ ਨੂੰ ਜਾਪਦਾ ਹੈ ਜਿਵੇਂ ਉਸ ਅੰਦਰਲੀ ਭਟਕਣਾ ਖ਼ਤਮ ਹੋ ਗਈ ਹੋਵੇ :

> 'ਪੂਰਾ ਸਾਲਮ ਦਾ ਸਾਲਮ, ਸਮੁੱਚਾ ਮਰਦ ...ਤਨੋ ਮਨੋ ਭਰਪੂਰ। ਇਕ ਲੰਮਾ ਸਮਾਂ ਗੁਆਇਆ ਹੈ ਉਸਨੇ 'ਉਸ' ਮਰਦ ਮੇਜਰ ਸੰਧਾ 'ਚੋਂ ਆਪਣਾ ਮਰਦ ਲੱਭਦਿਆਂ ਲੱਭਦਿਆਂ।'[92]

ਇਸ ਤਰ੍ਹਾਂ ਇਹ ਕਹਾਣੀ ਔਰਤ ਦੀ ਉਸ ਧੁਰ ਅੰਦਰਲੀ ਚਾਹਤ ਨੂੰ ਪ੍ਰਗਟਾਉਂਦੀ ਹੈ ਜੋ ਮਨੁੱਖ ਦੇ ਭਰਪੂਰ ਜੀਵਨ ਆਨੰਦ ਨੂੰ ਮਾਨਣ ਨਾਲ ਜੁੜੀ ਹੋਈ ਹੈ।

'ਸੰਨਾਟਾ' ਕਹਾਣੀ ਪਾਤਰ ਰਤੀ ਦੀ ਮਾਨਸਿਕ ਸਥਿਤੀ ਨੂੰ ਪੇਸ਼ ਕਰਦੀ ਹੈ। ਪਾਤਰ ਰਤੀ ਵੀ ਅਜਿਹੇ ਮਰਦ ਨਾਲ ਜੁੜਨਾ ਚਾਹੁੰਦੀ ਹੈ ਜਿਹੜਾ ਨਾਰੀ ਜਿਸਮ ਭੋਗ ਤੋਂ ਉੱਪਰ ਉੱਠ ਕੇ, ਤਨੋ-ਮਨੋ ਆਪਣੀ ਸਮੁੱਚਤਾ ਸਮੇਤ ਉਸਨੂੰ ਪ੍ਰਾਪਤ ਹੋਵੇ। ਪਾਤਰ ਰਤੀ ਦੀ ਜ਼ਿੰਦਗੀ ਵਿੱਚ ਪਹਿਲਾਂ ਮਰਦ ਪਾਤਰ ਸਵੀ

ਆਉਂਦਾ ਹੈ। ਉਹ ਆਪਣਾ ਸਾਰਾ ਪਿਆਰ ਸਵੀ ਉੱਪਰ ਨਿਛਾਵਰ ਕਰਦੀ ਹੋਈ ਉਸਨੂੰ ਸੰਪੂਰਨ ਰੂਪ ਵਿੱਚ ਪ੍ਰਾਪਤ ਕਰਨਾ ਲੋਚਦੀ ਹੈ ਪਰ ਸਥਿਤੀ ਦਾ ਦੁਖਾਂਤ ਇਹ ਹੈ ਕਿ ਸਵੀ ਕਿਸੇ ਇਕ ਔਰਤ ਨਾਲ ਬੱਝ ਕੇ ਨਹੀਂ ਰਹਿ ਸਕਦਾ। ਹਰ ਸੋਹਣੀ ਔਰਤ ਉਸਨੂੰ ਆਕਰਸ਼ਿਤ ਕਰਦੀ ਹੈ ਅਤੇ ਉਸਨੂੰ ਪਾਉਣ ਲਈ ਉਹ ਉਤੇਜਿਤ ਹੋ ਜਾਂਦਾ ਹੈ। ਪਾਤਰ ਰਤੀ ਉਸ ਸਮੇਂ ਮਾਨਸਿਕ ਪ੍ਰੇਸ਼ਾਨੀ ਵਿੱਚ ਘਿਰ ਜਾਂਦੀ ਹੈ ਜਦੋਂ ਸਵੀ ਉਸਦੀ ਸਹੇਲੀ ਇੰਦਰ ਪ੍ਰਤੀ ਖਿੱਚਿਆ ਜਾਂਦਾ ਹੈ। ਸਵੀ ਦੀ ਰਤੀ ਨਾਲ ਸਾਂਝ ਸਿਰਫ਼ ਆਪਣੀ ਜਿਸਮ ਭੁੱਖ ਸ਼ਾਂਤ ਕਰਨ ਤੱਕ ਸੀਮਤ ਹੈ। ਕਾਮ ਹਵਸ ਵਿੱਚ ਲਬਰੇਜ਼ ਪਾਤਰ ਸਵੀ ਪ੍ਰੇਮਿਕਾ ਰਤੀ ਦੀ ਮਨੋਸਥਿਤੀ ਨੂੰ ਸਮਝਣ ਦੀ ਬਜਾਇ ਉਲਟਾ ਉਸਦੀ ਕਾਮੁਕਤਾ ਨੂੰ ਘਟਾ ਕੇ ਪੇਸ਼ ਕਰਦਾ ਹੈ :

> "ਤੇਰਾ ਨਾਂ ਭਾਵੇ ਕਾਮਦੇਵ ਦੀ 'ਰਤੀ' ਹੈ ਪਰ ਤੂੰ ਰੀਤੀ ਹੈਂ- ਬਿਲਕੁਲ ਖਾਲੀ।"[93]

ਦਰਅਸਲ ਪਾਤਰ ਸਵੀ ਅਜਿਹਾ ਉਪਭੋਗੀ ਮਰਦ ਹੈ ਜਿਸਦੀ ਚੇਤਨਾ ਸਿਰਫ਼ ਆਪਣੀ ਕਾਮ ਪੂਰਤੀ ਅਤੇ ਕਾਮ ਸੰਤੁਸ਼ਟੀ ਤੱਕ ਸਿਮਟੀ ਹੋਈ ਹੈ। ਕਾਮ ਪੂਰਤੀ ਤਾਂ ਕਿਸੇ ਵੀ ਸਾਥੀ ਰਾਹੀਂ ਪ੍ਰਾਪਤ ਕੀਤੀ ਜਾ ਸਕਦੀ ਹੈ ਪ੍ਰੰਤੂ ਕਾਮ-ਸੰਤੁਸ਼ਟੀ ਦੀ ਪ੍ਰਾਪਤੀ ਲਈ ਉਸ ਸਾਥੀ ਦੇ ਤਨ ਦੇ ਨਾਲ-ਨਾਲ ਮਨ ਦਾ ਮੇਲ ਹੋਣਾ ਜ਼ਰੂਰੀ ਹੈ। ਜਦੋਂ ਔਰਤ-ਮਰਦ ਦੋਨੋਂ ਤਨੋ ਮਨੋ ਕਾਮ-ਕਿਰਿਆ ਦਾ ਹਿੱਸਾ ਬਣਦੇ ਹਨ ਤਾਂ ਹੀ ਉਹ ਕਾਮ ਸੰਤੁਸ਼ਟੀ ਤੱਕ ਪਹੁੰਚ ਸਕਦੇ ਹਨ। ਮਰਦ ਪਾਤਰ ਸਵੀ ਦੀ ਕਾਮ ਸੰਤੁਸ਼ਟੀ ਸਿਰਫ਼ ਕਾਮ ਕਿਰਿਆ ਤੱਕ ਹੀ ਸੀਮਤ ਹੈ। ਉਸ ਲਈ ਪ੍ਰੇਮਿਕਾ ਰਤੀ ਦੀ ਕਾਮ ਤ੍ਰਿਪਤੀ ਕੋਈ ਅਰਥ ਨਹੀਂ ਰੱਖਦੀ। ਦੂਜੇ ਪਾਸੇ ਪਾਤਰ ਰਤੀ ਜਿਹੜੀ ਕਿ ਖ਼ੁਦ ਨੂੰ ਬੇਰੋਕ ਵਹਿੰਦੀ ਨਦੀ ਸਮਝਦੀ ਹੈ ਉਥੋਂ ਤੱਕ ਸਵੀ ਪਹੁੰਚ ਹੀ ਨਹੀਂ ਪਾ ਰਿਹਾ। ਸਵੀ ਸਾਥੀ ਦੀ ਨਹੀਂ, ਨਿਰੋਲ ਵਿਰੋਧੀ ਲਿੰਗ (ਔਰਤ) ਦੀ ਤਲਾਸ਼ ਕਰਦਾ ਹੈ ਅਤੇ ਨਾਲ ਹੀ ਤਵੱਕੋਆਤ ਕਰਦਾ ਹੈ ਕਿ ਉਸ ਦੁਆਰਾ ਚੁਣੀ ਹੋਈ ਔਰਤ ਕਾਮ ਦੇਵੀ ਬਣ ਕੇ ਉਸਦੀ ਕਾਮ ਸੰਤੁਸ਼ਟੀ ਕਰੇ। ਰਤੀ ਨੂੰ ਸਮਝੇ ਬਗੈਰ ਸਵੀ ਉਸ ਨਾਲੋਂ ਰਿਸ਼ਤਾ ਤੋੜ ਦਿੰਦਾ ਹੈ। ਰਤੀ ਦੀ ਜ਼ਿੰਦਗੀ ਵਿੱਚ ਦੂਸਰਾ ਮਰਦ ਪਾਤਰ ਅਭਿਜਾਤ ਆਉਂਦਾ ਹੈ। ਅਭਿਜਾਤ ਦੇ ਜਿਸਮ ਵੱਲ ਆਕਰਸ਼ਿਤ ਹੁੰਦੀ ਪਾਤਰ ਰਤੀ ਅੰਦਰ ਮੁੜ ਜ਼ਿੰਦਗੀ ਨੂੰ ਭਰਪੂਰਤਾ ਨਾਲ ਅੰਤਿਮ ਸਾਹ ਤੱਕ ਜਿਊਣ ਦੀ ਇੱਛਾ ਕਰਵਟ ਲੈਂਦੀ ਹੈ। ਪਰ ਸਥਿਤੀ ਦੀ ਵਿਡੰਬਨਾ ਇਹ ਹੈ ਕਿ ਰਤੀ ਨੂੰ ਕੁਝ ਸਮੇਂ ਮਗਰੋਂ ਅਭਿਜਾਤ ਵੀ ਕਾਮ-ਵਾਸਨਾ ਵਿੱਚ ਗ੍ਰਸਿਆ ਹੋਇਆ ਅਧੂਰਾ ਮਰਦ ਲੱਗਦਾ ਹੈ। ਅਭਿਜਾਤ ਭਾਵੇਂ ਰਤੀ ਨੂੰ ਤਨੋ-ਮਨੋ ਸਵਿਕਾਰਦਾ ਹੋਇਆ ਰਤੀ ਪ੍ਰਤੀ ਆਪਣੇ ਸੰਪੂਰਨ ਪਿਆਰ ਦਾ ਇਜ਼ਹਾਰ ਕਰਦਾ ਹੈ ਪਰ ਰਤੀ ਨੂੰ ਇਸ ਨਾਲ ਤਸੱਲੀ ਨਹੀਂ ਹੁੰਦੀ। ਉਹ ਅਭਿਜਾਤ ਨੂੰ ਸਵਾਲ ਕਰਦੀ ਹੈ :

"ਇਸ ਸਮੇਂ ਜੇ ਮੈਂ ਤੁਹਾਡੇ ਸਾਹਮਣੇ ਨਗਨ ਹੋ ਜਾਵਾਂ ਪੂਰੀ ਤਰ੍ਹਾਂ...
ਨਿਰਵਸਤਰ ਪਰ ਸਵਿਕਾਰ ਨਾ ਕਰਾਂ ਤੁਹਾਡੀ ਹਲਕੀ ਜਿਹੀ ਛੋਹ ਨੂੰ...
ਵੀ ਤਾਂ?"[94]

ਦਰਅਸਲ ਪਾਤਰ ਰਤੀ ਮਰਦ ਨਾਲ ਜਿਸਮ ਤੋਂ ਜਿਸਮ ਤੱਕ ਦੇ ਰਿਸ਼ਤੇ ਵਿੱਚ ਨਹੀਂ ਬੱਝਣਾ ਚਾਹੁੰਦੀ ਬਲਕਿ ਮਨ ਤੋਂ ਜਿਸਮ ਅਤੇ ਰੂਹ ਤੱਕ ਦੀ ਆਤਮਿਕ ਸਾਂਝ ਵਾਲਾ ਰਿਸ਼ਤਾ ਗੰਢਣਾ ਚਾਹੁੰਦੀ ਹੈ। ਰਤੀ ਅੰਦਰਲੀ ਨਾਰੀ ਅਭਿਜਾਤ ਦੇ ਅਧੂਰੇਪਣ ਨੂੰ ਨਾ ਸਵੀਕਾਰਦੀ ਹੋਈ ਉਸ ਤੋਂ ਪੂਰਾ ਹੱਕ ਲੈਣ ਦੀ ਮੰਗ ਕਰਦੀ ਹੈ:

ਸਵਾਰਥੀ ਹੈ ਇਹ ਔਰਤ ...ਪਿਆਰ ਜਾਂ ਜਿਸਮਾਂ ਦੀ ਸਾਂਝ ਹੀ ਨਹੀਂ
ਚਾਹੀਦੀ ਇਸਨੂੰ... ਇਸ ਨੂੰ ਤੂੰ ਚਾਹੀਦੈ ...ਕੇਵਲ ਤੂੰ ਪੂਰੇ ਦਾ ਪੂਰਾ...
ਸਮੁੱਚੇ ਤਨ ਤੇ ਮਨ ਨਾਲ ਭਰਪੂਰ।[95]

ਇਸ ਪ੍ਰਕਾਰ ਇਸ ਕਹਾਣੀ ਵਿਚਲੀ ਨਾਰੀ ਆਪਣੀ ਜੈਵਿਕ ਇੱਛਾ ਨੂੰ ਸਮਝਦੀ ਹੋਈ ਕਿਸੇ ਅੱਧੇ-ਅਧੂਰੇ ਮਰਦ ਨਾਲ ਨਹੀਂ ਜੁੜਨਾ ਚਾਹੁੰਦੀ।

ਏਸੇ ਤਰ੍ਹਾਂ 'ਖਿੰਡਿਆ ਆਦਮੀ' ਕਹਾਣੀ ਵਿਚਲੀ ਪਾਤਰ ਹਿਨਾ ਵੀ ਆਪਣੇ ਪ੍ਰੇਮੀ ਤੋਂ ਪੂਰਾ ਹੱਕ ਚਾਹੁੰਦੀ ਹੈ। ਉਸਦਾ ਪ੍ਰੇਮੀ ਮਿੰਨ੍ਹਾ ਜਿਹੜਾ ਕਿ ਨਾ ਤਾ ਆਪਣੀ ਪਤਨੀ ਨੂੰ ਛੱਡਣਾ ਚਾਹੁੰਦਾ ਹੈ ਅਤੇ ਨਾ ਹੀ ਆਪਣੀ ਪ੍ਰੇਮਿਕਾ ਹਿਨਾ ਨੂੰ। ਪਾਤਰ ਹਿਨਾ ਨੂੰ ਉਹ ਖਿੰਡਿਆ ਆਦਮੀ ਲੱਗਦਾ ਹੈ ਜਿਹੜਾ ਇਕੋ ਸਮੇਂ ਦੋ ਔਰਤਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰ ਰਿਹਾ ਹੈ। ਹਿਨਾ ਮਿੰਨ੍ਹਾਂ ਸਰਦਾਰ ਨਾਲ ਭਾਵੇਂ ਵਿਆਹ ਪੂਰਵ ਜਿਸਮਾਨੀ ਸੰਬੰਧ ਸਥਾਪਿਤ ਕਰਦੀ ਹੋਈ ਜਜ਼ਬਾਤੀ ਰਿਸ਼ਤੇ ਵਿੱਚ ਬੱਝ ਜਾਂਦੀ ਹੈ ਪ੍ਰੰਤੂ ਫਿਰ ਵੀ ਉਹ ਆਪਣੇ ਪ੍ਰੇਮੀ ਨਾਲ ਇਕ ਸਥਿਰ ਅਤੇ ਪ੍ਰਤੀਬੱਧ ਰਿਸ਼ਤੇ ਵਿੱਚ ਬੱਝਣਾ ਚਾਹੁੰਦੀ ਹੈ। ਜਦੋਂ ਉਹ ਆਪਣੇ ਪ੍ਰੇਮੀ ਦੀ ਅਸਲੀਅਤ ਤੋਂ ਜਾਣੂ ਹੋ ਜਾਂਦੀ ਹੈ, ਜਿਹੜਾ ਕਿ ਸਿਰਫ਼ ਉਸ ਰਾਹੀਂ ਆਪਣੀ ਸਰੀਰਕ ਭੁੱਖ ਸ਼ਾਂਤ ਕਰ ਰਿਹਾ ਹੈ ਤਾਂ ਉਹ ਅਜਿਹੇ ਮਰਦ ਨਾਲੋਂ ਹਮੇਸ਼ਾ ਲਈ ਆਪਣਾ ਨਾਤਾ ਤੋੜ ਲੈਂਦੀ ਹੈ। ਇਸ ਤਰ੍ਹਾਂ ਹਿਨਾ ਇਕ ਚੇਤਨਸ਼ੀਲ ਨਾਰੀ ਵਜੋਂ ਉੱਭਰਦੀ ਹੈ ਜਿਹੜੀ ਮਨ ਦੇ ਵੇਗ ਤੋਂ ਉਪਰ ਉਠ ਕੇ ਆਪਣੀ ਜ਼ਿੰਦਗੀ ਦਾ ਸਹੀ ਫ਼ੈਸਲਾ ਕਰਦੀ ਹੈ। ਨਿਰਮਲ ਜਸਵਾਲ ਦੇ ਸ਼ਬਦਾਂ ਵਿੱਚ :

ਅੱਜ ਦੀ ਔਰਤ ਪਿਅਰ ਮੁਹੱਬਤ ਦੇ ਜੰਜਾਲ 'ਚ ਭਾਵੁਕਤਾ ਨਹੀਂ
ਪਾਲਦੀ, ਪਰ ਅਤਿਸੰਵੇਦਨਸ਼ੀਲ ਹੋਣ ਕਾਰਣ ਇੱਟ ਦਾ ਜਵਾਬ ਪੱਥਰ
ਨਾਲ ਦੇਣਾ ਵੀ ਜਾਣਦੀ ਹੈ।[96]

'ਇਕੱਲੀ' ਕਹਾਣੀ ਦੀ ਪਾਤਰ ਕਿੱਨੀ ਵੀ ਆਪਣੇ ਪ੍ਰੇਮੀ ਮਰਦ ਦੀ ਉਪਭੋਗੀ ਮਾਨਸਿਕਤਾ ਕਾਰਨ ਦੁਖੀ ਅਤੇ ਪ੍ਰੇਸ਼ਾਨ ਹੋ ਜਾਂਦੀ ਹੈ। ਮਰਦ ਪਾਤਰ ਸਰੀਰਕ ਸੰਬੰਧਾਂ ਨੂੰ ਪਿਆਰ ਤੋਂ ਵੱਖ ਕਰਕੇ ਦੇਖਣ ਦੇ ਹੱਕ ਵਿੱਚ ਨਹੀਂ। ਦੂਜੇ ਪਾਸੇ ਪਾਤਰ ਕਿੱਨੀ ਲਈ 'ਪਿਆਰ' ਅਤੇ 'ਭੋਗ' ਅਲੱਗ-ਅਲੱਗ ਅਵਸਥਾਵਾਂ ਹਨ। ਉਹ ਵਿਆਹ ਤੋਂ ਪਹਿਲਾਂ ਸਰੀਰਕ ਸੰਬੰਧਾਂ ਦੇ ਹੱਕ ਵਿੱਚ ਨਹੀਂ। ਉਹ ਆਪਣੇ ਪ੍ਰੇਮੀ ਨਾਲ ਵਿਆਹ ਪੂਰਵ ਸੰਬੰਧਾਂ ਵਿੱਚ ਵਿਚਰਦੀ ਹੋਈ ਸਿਰਫ਼ ਉਸ ਨਾਲ ਭਾਵਾਤਮਕ ਸਾਂਝ ਰੱਖਣਾ ਚਾਹੁੰਦੀ ਹੈ। ਉਹਨਾਂ ਦੇ ਆਪਸੀ ਵਾਰਤਾਲਾਪ ਵਿੱਚੋਂ ਦੋਹਾਂ ਦੀ ਵੱਖੋ-ਵੱਖਰੀ ਮਾਨਸਿਕਤਾ ਉੱਭਰ ਕੇ ਸਾਹਮਣੇ ਆਉਂਦੀ ਹੈ :

> ਮੈਂ ਪਿਆਰ ਨੂੰ ਸਰੀਰਕ ਸੰਬੰਧਾਂ ਤੋਂ ਅੱਡ ਹੋਣ ਦਾ ਸਮਰਥਕ ਨਹੀਂ ਹਾਂ।
> ...ਆਈ ਕਾਂਟ ਬਿਅਰ ਦ ਚਾਈਲਡ ਵਿਦਾਉਟ ਮੈਰਿਜ
> "ਇਨਾਂ ਸੰਸਕਾਰਾਂ ਨੂੰ ਛੱਡ"...ਲੈਟ ਹੈਵ ਦ ਐਕਸਪੀਰੀਅੰਸ ਫਸਟ...[97]

ਇੱਥੇ ਮਰਦ ਪ੍ਰੇਮੀ ਕੇਵਲ ਆਪਣੇ ਨਿੱਜ ਤੱਕ ਸੀਮਤ ਦਿਖਾਈ ਦਿੰਦਾ ਹੈ। ਉਹ ਔਰਤ ਦੀਆਂ ਸੂਖ਼ਮ ਭਾਵਨਾਵਾਂ ਨੂੰ ਸਮਝਣ ਦੀ ਨਾ ਤਾਂ ਕੋਸ਼ਿਸ ਕਰਦਾ ਹੈ ਅਤੇ ਨਾ ਹੀ ਪਰਵਾਹ। ਉਹ ਸਿਰਫ਼ ਤੇ ਸਿਰਫ਼ ਕਿੱਨੀ ਦੇ ਜਿਸਮ ਰਾਹੀਂ ਆਪਣੀ ਕਾਮੁਕ ਤ੍ਰਿਪਤੀ ਕਰਨਾ ਚਾਹੁੰਦਾ ਹੈ ਜਿਸ ਤੋਂ ਨਿਰਾਸ਼ ਹੋ ਕੇ ਕਿੱਨੀ ਉਸਨੂੰ ਛੱਡ ਕੇ ਚਲੀ ਜਾਂਦੀ ਹੈ।

'ਅੱਧੀ ਕੰਧ' ਕਹਾਣੀ ਵਿਚਲਾ ਮਰਦ ਵੀ ਪੂਰਾ ਭੋਗਵਾਦੀ ਹੈ ਜਿਹੜਾ ਆਪਣੀ ਪ੍ਰੇਮਿਕਾ ਦੀ ਦੇਹ ਨੂੰ ਭੋਗਦਾ ਹੋਇਆ ਆਨੰਦ ਦੀ ਚਰਮ ਸੀਮਾ ਤਕ ਪਹੁੰਚਣ ਲਈ ਉਸ ਪ੍ਰਤੀ ਹਿੰਸਕ ਹੋ ਜਾਂਦਾ ਹੈ। ਉਸਨੂੰ ਲੱਗਦਾ ਹੈ ਕਿ ਉਸਦੀ ਪ੍ਰੇਮਿਕਾ ਉਸਦੀ ਪ੍ਰੇਮ ਛੁਹ ਨੂੰ ਮਹਿਸੂਸ ਨਹੀਂ ਕਰਦੀ ਜਿਸ ਕਾਰਨ ਉਹ ਕਾਮ ਆਨੰਦ ਤੋਂ ਵਾਂਝਾ ਰਹਿ ਜਾਂਦਾ ਹੈ :

> "ਤੂੰ ਕਿੰਨੀ ਠੰਡੀ ਹੈ, ਬਿਲਕੁਲ ਬਰਫ਼"
> "...ਮੈਨੂੰ ਪਤਾ ਹੈ ਤੂੰ ਮੈਨੂੰ ਉਸ ਤਰ੍ਹਾਂ ਨਹੀਂ ਚਾਹੁੰਦੀ ਜਿਵੇਂ ਮੈਂ ਤੈਨੂੰ ਪਿਆਰ ਕਰਦਾ ਹਾਂ... ਤੂੰ ਤਾਂ ਮੈਨੂੰ ਦੋਸਤ ਤੋਂ ਵੱਧ ਮੰਨਦੀ ਵੀ ਨਹੀਂ..."[98]

ਮਰਦ ਪਾਤਰ ਇੱਥੇ ਆਪਣੀ ਪ੍ਰੇਮਿਕਾ ਦੇ ਅਸਹਿਯੋਗੀ ਲਿੰਗਕ ਵਤੀਰੇ ਸੰਬੰਧੀ ਉਸ ਨਾਲ ਸੰਵਾਦ ਰਚਾਏ ਬਿਨਾਂ ਹੀ ਉਸਦੀ ਕਾਮੁਕਤਾ ਨੂੰ ਘਟਾ ਕੇ ਦੇਖ ਰਿਹਾ ਹੈ। ਅਸਲ ਵਿੱਚ ਮਰਦ ਪਾਤਰ ਲਈ ਲਿੰਗ ਆਨੰਦ ਹੀ ਪਿਆਰ ਹੈ। ਮਰਦ ਪਾਤਰ ਸਿਰਫ਼ ਸਰੀਰ ਮਾਣਨ ਦਾ ਸਾਂਝੀ ਹੈ, ਵਿਚਾਰਾਂ ਦਾ ਨਹੀਂ। ਔਰਤ ਕੀ ਚਾਹੁੰਦੀ ਹੈ ਜਾਂ ਉਸਦੀਆਂ ਕੀ ਲੋੜਾਂ ਹਨ? ਉਹ ਇਸ ਬਾਰੇ ਸੋਚਣਾ ਹੀ ਨਹੀਂ ਚਾਹੁੰਦਾ। ਉਹ ਔਰਤ ਦੇਹ ਨੂੰ ਸਿਰਫ਼ ਕਾਮ ਆਨੰਦ ਦਾ ਸੋਮਾ ਸਮਝ ਕੇ ਉਸਨੂੰ ਭੋਗਣ ਵਿੱਚ ਹੀ ਮਸਤ ਰਹਿਣਾ ਚਾਹੁੰਦਾ ਹੈ। ਬਿਰਤਾਂਤ

ਵਿੱਚ ਪ੍ਰੇਮਿਕਾ ਔਰਤ ਨੂੰ ਸਿਰਫ਼ ਦੇਹ ਭੋਗ ਦੀ ਵਸਤੂ ਵਜੋਂ ਦੇਖਣ ਵਾਲੀ ਮਰਦ ਪ੍ਰੇਮੀ ਦੀ ਪੈਤਰਿਕ ਮਾਨਸਿਕਤਾ 'ਤੇ ਸਵਾਲੀਆਂ ਚਿੰਨ ਲਾਉਂਦੀ ਹੋਈ ਉਸ ਨੂੰ ਪ੍ਰਸ਼ਨ ਕਰਦੀ ਹੈ :

ਕੀ ਉਹ ਇਕ ਔਰਤ ਨਹੀਂ ਹੈ, ਇਕ ਜਿਸਮ, ਇਕ ਸਰੀਰ ਹੈ ਸਿਰਫ਼?[99]

ਕਹਾਣੀਕਾਰ ਨਿਰਮਲ ਜਸਵਾਲ ਪਾਤਰ ਕਿੰਨੀ ਰਾਹੀਂ ਇਹ ਦਰਸਾਉਣਾ ਚਾਹੁੰਦੀ ਹੈ ਕਿ ਮਰਦ ਨੂੰ ਔਰਤ ਪ੍ਰਤੀ ਆਪਣਾ ਵਿਹਾਰ ਅਤੇ ਦ੍ਰਿਸ਼ਟੀ ਬਦਲਣੀ ਪਵੇਗੀ। ਜੇਕਰ ਮਰਦ ਔਰਤ ਤੋਂ ਸੰਪੂਰਨ ਕਾਮ ਸੰਤੁਸ਼ਟੀ ਚਾਹੁੰਦਾ ਹੈ ਤਾਂ ਉਸਨੂੰ ਔਰਤ ਦੇ ਪੱਧਰ ਤੇ ਆ ਕੇ ਉਸਦੀ ਮੂਲ ਭਾਵਨਾ ਬਾਰੇ ਸੋਚਣਾ ਪਵੇਗਾ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਉਪਰੋਕਤ ਕਹਾਣੀਆਂ ਵਿੱਚ ਨਿਰਮਲ ਜਸਵਾਲ ਨਿਰੋਲ ਨਾਰੀ ਦ੍ਰਿਸ਼ਟੀਕੋਣ ਤੋਂ ਔਰਤ ਦੇ ਕਾਮੁਕ ਵਿਹਾਰ ਦੇ ਵਿਭਿੰਨ ਮਸਲਿਆਂ ਨੂੰ ਬੜੀ ਬੇਬਾਕੀ ਨਾਲ ਪੇਸ਼ ਕਰਦੀ ਹੈ। ਔਰਤ-ਮਰਦ ਦੇ ਜਿਸਮਾਨੀ ਸੰਬੰਧਾਂ ਨੂੰ ਆਧਾਰ ਬਣਾ ਕੇ ਲਿਖੀਆਂ ਇਹਨਾਂ ਕਹਾਣੀਆਂ ਰਾਹੀਂ ਕਹਾਣੀਕਾਰ ਨਾਰੀ ਦੀਆਂ ਕਾਮੁਕ ਅਤ੍ਰਿਪਤੀਆਂ, ਅਧੂਰੀਆਂ ਕਾਮ ਅਕਾਂਖਿਆਵਾਂ ਅਤੇ ਉਹਨਾਂ ਅਣਕਹੇ ਜਜ਼ਬਾਤਾਂ ਨੂੰ ਜ਼ੁਬਾਨ ਦਿੰਦੀ ਹੈ ਜੋ ਪਿੱਤਰਸੱਤਾਤਮਕ ਸਮਾਜਿਕ ਢਾਂਚੇ ਵਿੱਚ ਪ੍ਰਗਟਾਵੇ ਪੱਖੋਂ ਵਰਜਿਤ ਸਮਝੇ ਜਾਂਦੇ ਹਨ। ਇਸ ਦ੍ਰਿਸ਼ਟੀਕੋਣ ਤੋਂ ਉਸ ਦੀਆਂ ਕਹਾਣੀਆਂ ਵਿੱਚ ਪੇਸ਼ ਨਾਰੀ ਪਾਤਰ ਆਪਣੀਆਂ ਅਸੰਤੁਸ਼ਟ, ਅਤ੍ਰਿਪਤ, ਅਸ਼ਾਂਤ ਕਾਮਨਾਵਾਂ ਦੀ ਪੂਰਤੀ ਲਈ ਨਾ ਕੇਵਲ ਪਿੱਤਰਸੱਤਾ ਦੁਆਰਾ ਨਿਰਧਾਰਿਤ ਵਰਜਿਤ ਦਾਇਰਿਆਂ ਨੂੰ ਤੋੜਦੇ ਹੋਏ ਆਪਣੇ ਮਨਇੱਛਿਤ ਸੰਬੰਧ ਸਥਾਪਿਤ ਕਰਦੇ ਹਨ ਬਲਕਿ ਆਪਣੇ ਮਰਦ ਸਾਥੀ ਨੂੰ ਆਪਣੀ ਧੁਰ ਅੰਦਰਲੀ ਚਾਹਤ ਦਾ ਅਹਿਸਾਸ ਵੀ ਬੜੀ ਨਿਸੰਗਤਾ ਨਾਲ ਕਰਾਉਂਦੇ ਹਨ। ਪਤਨੀ ਅਤੇ ਪ੍ਰੇਮਿਕਾ ਦੇ ਰੂਪ ਵਿੱਚ ਪੇਸ਼ ਇਹ ਬੋਲਡ ਨਾਰੀ ਪਾਤਰ ਅਜਿਹੇ ਮਰਦ ਨਾਲ ਜੁੜਨ ਤੋਂ ਇਨਕਾਰੀ ਹਨ ਜਿਹੜਾ ਉਹਨਾਂ ਨੂੰ ਕੇਵਲ ਕਾਮ ਭੋਗ ਦੀ ਵਸਤੂ ਤੱਕ ਘਟਾ ਕੇ ਦੇਖਦਾ ਹੈ। ਇਹਨਾਂ ਦੀ ਸਮੱਸਿਆ ਅਜਿਹੇ ਮਰਦ ਦੀ ਤਲਾਸ਼ ਹੈ ਜਿਹੜਾ ਉਹਨਾਂ ਨਾਲ ਬਰਾਬਰ ਦੇ ਧਰਾਤਲ 'ਤੇ ਵਿਚਰਦਾ ਹੋਇਆ ਉਹਨਾਂ ਨੂੰ ਭਰਪੂਰ ਰੂਪ ਵਿੱਚ ਕਾਮ ਸੁਖ ਦੇਵੇ। ਅਜਿਹੇ ਸੰਪੂਰਨ ਮਰਦ ਦੀ ਭਾਲ ਵਿੱਚ ਭਟਕਦੇ ਕਈ ਨਾਰੀ ਪਾਤਰ ਇਕ ਤੋਂ ਬਾਅਦ ਇਕ ਮਰਦ ਨਾਲ ਸੰਬੰਧ ਜੋੜਦੇ ਅਤੇ ਤੋੜਦੇ ਹਨ। ਨਾਰੀਵਾਦੀ ਪੈਂਤੜੇ ਤੋਂ ਬੋਲਦੇ ਇਹ ਔਰਤ ਪਾਰਤ ਕਈ ਵਾਰ ਸਵੈ-ਵਿਰੋਧਾਂ ਦਾ ਸ਼ਿਕਾਰ ਵੀ ਹੋ ਜਾਂਦੇ ਹਨ ਕਿਉਂਕਿ ਇਹਨਾਂ ਪਾਤਰਾਂ ਦੀ ਖੁੱਲ੍ਹ ਮਹਿਜ ਇਕ ਸਰੀਰਕ ਖੁੱਲ੍ਹ ਬਣ ਕੇ ਰਹਿ ਜਾਂਦੀ ਹੈ। ਨਿਰਮਲ ਜਸਵਾਲ ਦੁਆਰਾ ਸਿਰਜਿਤ ਇਹ ਬੋਲਡ ਨਾਰੀ ਪਾਤਰ ਕਹਾਣੀਕਾਰ ਦੀ ਰਚਨਾਤਮਕ ਸੀਮਾ ਵੀ ਬਣ ਜਾਂਦੇ ਹਨ ਕਿਉਂਕਿ ਇਹ ਪਾਤਰ ਬਹੁਤੀ ਵਾਰ ਯਥਾਰਥ ਤੋਂ ਦੂਰ ਹੋ ਕੇ ਨਿਰੋਲ ਕਾਲਪਨਿਕ ਔਰਤ ਦਾ ਬਿੰਬ ਬਣ ਕੇ ਰਹਿ ਜਾਂਦੇ ਹਨ।

**ਉਪਭੋਗੀ ਸਭਿਆਚਾਰ ਵਿੱਚ ਔਰਤ-ਮਰਦ ਰਿਸ਼ਤੇ ਦਾ ਬਦਲ ਰਿਹਾ ਸਰੂਪ**

ਨਵ-ਪੂੰਜੀਵਾਦੀ ਵਿਵਸਥਾ ਵਾਲੇ ਪ੍ਰਬੰਧ ਵਿੱਚ ਜਿੱਥੇ ਪ੍ਰੰਪਰਕ ਜਗੀਰੂ ਪ੍ਰਬੰਧ ਵਿੱਚ ਪਰਿਵਰਤਨ ਆਇਆ, ਉੱਥੇ ਨਾਲ ਹੀ ਪ੍ਰਚਲਿਤ ਪਰੰਪਰਾਗਤ ਮੁੱਲ ਵਿਧਾਨ ਦੀ ਜਗ੍ਹਾਂ ਨਵੇਂ ਮੁੱਲਾਂ ਦਾ ਵੀ ਆਗਾਜ਼ ਹੋਇਆ ਹੈ। ਪੂੰਜੀਕਰਣ ਅਤੇ ਉਦਾਰੀਕਰਨ ਨੇ ਮਨੁੱਖ, ਮਨੁੱਖ ਦੀ ਸੋਚ, ਰਿਸ਼ਤਿਆਂ ਤੇ ਵਸਤਾਂ ਨੂੰ ਵੇਖਣ ਦੇ ਮਨੁੱਖੀ ਨਜ਼ਰੀਏ ਵਿੱਚ ਬਦਲਾਅ ਲਿਆਂਦਾ ਹੈ। ਮਨੁੱਖ ਦੇ ਸਵੈ ਕੇਂਦਰਿਤ ਹੋਣ ਨਾਲ ਨਿੱਜੀ ਆਜ਼ਾਦੀ, ਨਿੱਜੀ ਹਿੱਤ ਉਸ ਲਈ ਸਭ ਤੋਂ ਉੱਪਰ ਹੋ ਗਏ ਹਨ। ਇਸ ਨਿੱਜਵਾਦੀ ਮਾਹੌਲ ਨਾਲ ਇਕ ਅਜਿਹਾ ਉਪਭੋਗੀ ਸਭਿਆਚਾਰ ਪੈਦਾ ਹੋਇਆ ਜਿਸ ਵਿੱਚ ਆਨੰਦ ਦੀ ਸੁਹਜ ਚੇਤਨਾ ਨੂੰ ਵਸਤੂ ਭੋਗ ਤਕ ਘਟਾ ਦਿੱਤਾ ਗਿਆ। ਮੰਡੀ ਸਭਿਆਚਾਰ ਦੇ ਨਾਅਰੇ 'ਉਪਭੋਗ' ਨੇ ਬੰਦੇ ਨੂੰ ਵਸਤੂ ਰੂਪ ਵਿੱਚ ਢਾਲ ਦਿੱਤਾ ਹੈ। ਇਸ ਵਰਤਾਰੇ ਦਾ ਵਿਆਪਕ ਪ੍ਰਭਾਵ ਮਹਾਂਨਗਰੀ ਸ਼ਹਿਰੀ ਸਭਿਆਚਾਰ ਵਿੱਚ ਮਨੁੱਖੀ ਰਿਸ਼ਤਿਆਂ ਦੇ ਬਦਲ ਰਹੇ ਸਰੂਪ ਦੇ ਪ੍ਰਸੰਗ ਵਿੱਚ ਦੇਖਿਆ ਜਾ ਸਕਦਾ ਹੈ। ਅੱਜ ਮਨੁੱਖੀ ਰਿਸ਼ਤੇ ਨਵੇਂ ਸਿਰਿਉਂ ਪਰਿਭਾਸ਼ਤ ਹੋ ਰਹੇ ਹਨ। ਵੱਧ ਤੋਂ ਵੱਧ ਸਵੈ ਭੋਗ ਦੀ ਲਾਲਸਾ ਨੇ ਪਤੀ-ਪਤਨੀ ਦੇ ਰਿਸ਼ਤੇ ਵਿੱਚ ਬੇਗਾਨਗੀ, ਇਕੱਲਤਾ ਅਤੇ ਅਣਗੌਲੇ ਜਾਣ ਦੇ ਅਹਿਸਾਸ ਨੂੰ ਵਧਾ ਦਿੱਤਾ ਹੈ। ਭੋਗਵਾਦੀ ਰੁਚੀਆਂ ਦੀ ਤ੍ਰਿਪਤੀ ਲਈ ਉਹ ਵਿਆਹ ਪ੍ਰਬੰਧ ਦੇ ਨੈਤਿਕ ਵਿਧਾਨ ਨੂੰ ਤੋੜਦੇ ਹੋਏ ਵਿਆਹ ਬਾਹਰੇ ਲਿੰਗ ਸੰਬੰਧਾਂ ਵੱਲ ਅਹੁਲਦੇ ਹਨ। ਇਹਨਾਂ ਅਵੈਧ ਸੰਬੰਧਾਂ ਵਿੱਚ ਕੇਵਲ ਮਰਦ ਹੀ ਇਸਤਰੀ ਨੂੰ ਨਹੀਂ ਭੋਗ ਰਿਹਾ ਬਲਕਿ ਉਸਦੇ ਬਰਾਬਰ ਔਰਤ ਵੀ ਮਰਦ ਨੂੰ ਉਸੇ ਤਰ੍ਹਾਂ ਭੋਗਦੀ ਨਜ਼ਰ ਆਉਂਦੀ ਹੈ। ਔਰਤ-ਮਰਦ ਅੰਦਰ ਪੈਦਾ ਹੋਈ ਇਸ ਪ੍ਰਵਿਰਤੀ ਨੇ ਰਿਸ਼ਤਿਆਂ ਵਿਚਲੇ ਇਖ਼ਲਾਕ ਨੂੰ ਮਨਫ਼ੀ ਕਰ ਦਿੱਤਾ ਹੈ। ਸਵਰਨ ਚੰਦਨ ਅਨੁਸਾਰ :

> ਪੂੰਜੀਵਾਦੀ ਸਮਾਜ ਨੇ ਜਿੱਥੇ ਵਿਅਕਤੀ ਦੀ ਆਰਥਿਕਤਾ ਨੂੰ ਮਜ਼ਬੂਤ ਕੀਤਾ ਹੈ; ਉਥੇ ਉਸਨੂੰ ਇਕੱਲਤਾ ਵੀ ਪ੍ਰਦਾਨ ਕੀਤੀ ਹੈ। ਮਰਦ ਔਰਤ ਲਈ ਅਤੇ ਔਰਤ ਮਰਦ ਲਈ ਸਿਵਾਏ ਭੋਗ ਵਿਲਾਸ ਦੀਆਂ ਲਾਲਸਾਵਾਂ ਤੋਂ ਹੋਰ ਕੁਝ ਨਹੀਂ ਹਨ। ਇਸ ਭੋਗਵਾਦੀ ਰੁਚੀ ਨੇ ਮਰਦ ਅਤੇ ਔਰਤ ਵਿੱਚ ਪਿਆਰ ਵਰਗੇ ਪਵਿੱਤਰ ਜਜ਼ਬੇ ਨੂੰ ਭੋਗਵਾਦੀ ਪ੍ਰਵਿਰਤੀ ਵਿੱਚ ਤਬਦੀਲ ਕਰਕੇ ਉਸਨੂੰ ਬੇਗਾਨਗੀ ਦਾ ਅਹਿਸਾਸ ਕਰਵਾ ਦਿੱਤਾ ਹੈ। ਮਰਦ ਤੇ ਔਰਤ ਦੀ ਬੇਗਾਨਗੀ ਇਕ ਦੂਜੇ ਨੂੰ ਕੇਵਲ ਭੋਗਵਾਦੀ ਵਸਤੂ ਵਾਂਗ ਹੀ ਵੇਖ ਰਹੀ ਹੈ। ਔਰਤ ਅੰਦਰ ਵੀ ਮਰਦ ਨੂੰ ਸਰੀਰਕ ਤੌਰ ਤੇ ਭੋਗਣ ਦੀ ਲਾਲਸਾ ਪ੍ਰਬਲ ਹੋਈ ਹੈ।[100]

ਨਿਰਮਲ ਜਸਵਾਲ ਅਤੇ ਰਸ਼ਪਿੰਦਰ ਰਸ਼ਿਮ ਨੇ ਮਨੁੱਖ ਅੰਦਰਲੀ ਭੋਗਵਾਦੀ ਪ੍ਰਵਿਰਤੀ ਕਾਰਨ ਰਿਸ਼ਤਿਆਂ ਦੀਆਂ ਬਦਲ ਰਹੀਆਂ ਸਮੀਕਰਣਾਂ ਨੂੰ ਵਿਭਿੰਨ ਪਹਿਲੂਆਂ ਤੋਂ ਪੇਸ਼ ਕੀਤਾ ਹੈ।

'ਕਾੱਕਟੇਲ' ਕਹਾਣੀ ਵਿੱਚ ਨਿਰਮਲ ਜਸਵਾਲ ਮਹਾਂਨਗਰੀ ਸਭਿਆਚਾਰ ਵਿੱਚ ਵਰਜਿਤ ਰਿਸ਼ਤਿਆਂ ਦੀ 'ਕਾੱਕਟੇਲ' ਦਾ ਆਨੰਦ ਮਾਣਦੇ ਪਾਤਰਾਂ ਦੇ ਮਾਨਸਿਕ ਵਿਹਾਰ ਦੀਆਂ ਪਰਤਾਂ ਖੋਲ੍ਹਦੀ ਹੈ। ਸਾਰੀ ਕਹਾਣੀ ਕਾੱਕਟੇਲ ਦੇ ਚਿਹਨਤ ਨਾਲ ਉਸਰਦੀ ਹੈ। ਕਾੱਕਟੇਲ ਉਹ ਪੀਣ ਵਾਲਾ ਪਦਾਰਥ ਹੈ ਜਿਸ ਵਿੱਚ ਇਕ ਤੋਂ ਵਧੇਰੇ ਸ਼ਰਾਬ ਜਾਂ ਪਦਾਰਥ ਮਿਲੇ ਹੁੰਦੇ ਹਨ। ਕਹਾਣੀ ਦੇ ਪ੍ਰਸੰਗ ਵਿੱਚ ਕਾਕਟੇਲ ਦਾ ਚਿਹਨ 'ਮੈਂ' ਪਾਤਰ, ਉਸਦੀ ਪਤਨੀ, ਮੇਜਰ ਕਰਨਬੀਰ, ਸੁਖਵਿੰਦਰ ਅਤੇ ਉਸਦੀ ਸਹੇਲੀ ਤਜਿੰਦਰ ਦੇ ਇਕ ਤੋਂ ਵਧੇਰੇ ਦੁਵੱਲੇ ਕਾਮੁਕ ਸੰਬੰਧਾਂ ਦੇ ਰੂਪ ਵਿੱਚ ਸਾਕਾਰ ਹੁੰਦਾ ਹੈ। 'ਮੈਂ' ਪਾਤਰ ਆਪਣੇ ਕਰੀਬੀ ਦੋਸਤ ਮੇਜਰ ਕਰਨਬੀਰ ਨੂੰ ਅਜਿਹੇ ਸੰਬੰਧਾਂ ਲਈ ਵਧਾਈ ਦਿੰਦਾ ਹੈ :

"ਯੂ ਆਰ ਵੈਰੀ ਲੱਕੀ ਕਰਨ" ਇੰਨਜੁਆਇੰਗ ਕਾਕਟੇਲ...[101]

ਉਮਰ ਦੇ ਪੰਜਾਹ ਵਰ੍ਹੇ ਪੂਰੇ ਕਰਨ ਵਾਲਾ ਪਾਤਰ ਮੇਜਰ ਕਰਨਬੀਰ ਪੂਰਾ ਭੋਗਵਾਦੀ ਮਰਦ ਹੈ। ਉਹ ਆਪਣੀ ਪਤਨੀ ਤੋਂ ਓਹਲੇ ਵਿੱਚ ਸੁਖਵਿੰਦਰ (ਸੁੱਖ) ਨਾਂ ਦੀ ਔਰਤ ਨਾਲ ਅਵੈਧ ਰਿਸ਼ਤੇ ਨੂੰ ਹੰਢਾਉਂਦਾ ਹੋਇਆ ਆਪਣੇ ਆਪ ਨੂੰ ਜਵਾਨ ਸਮਝਦਾ ਹੈ। ਬਿਰਤਾਂਤ ਵਿੱਚ ਇਸ ਕਾਕਟੇਲੀ ਸਥਿਤੀ ਦਾ ਆਨੰਦ ਕੇਵਲ ਮਰਦ ਹੀ ਨਹੀਂ ਮਾਣਦੇ ਬਲਕਿ ਔਰਤ ਪਾਤਰ ਵੀ ਬਿਨਾਂ ਕਿਸੇ ਬੰਧਨ ਦੇ ਇਸ ਸਥਿਤੀ ਵਿੱਚ ਸ਼ਮੂਲੀਅਤ ਕਰਦੇ ਹਨ। ਜਿਸ ਤਰ੍ਹਾਂ ਪਾਤਰ ਮੇਜਰ ਕਰਨਬੀਰ ਪ੍ਰੇਮਿਕਾ ਸੁੱਖ ਰਾਹੀਂ ਆਪਣੀਆਂ ਕਾਮ ਤ੍ਰਿਸ਼ਨਾਵਾਂ ਦੀ ਪੂਰਤੀ ਕਰਦਾ ਹੈ ਠੀਕ ਉਸੇ ਤਰ੍ਹਾਂ ਸੁੱਖ ਵੀ ਕਰਨਬੀਰ ਨੂੰ ਆਪਣੇ ਭੋਗ ਵਿਲਾਸ ਦੀ ਤ੍ਰਿਪਤੀ ਦਾ ਜ਼ਰੀਆ ਬਣਾਉਂਦੀ ਹੈ। ਪਾਤਰ ਸੁੱਖ ਆਧੁਨਿਕ ਖਿਆਲਾਂ ਵਾਲੀ ਅਤੇ ਅੰਗਰੇਜ਼ੀ ਤੌਰ-ਤਰੀਕੇ ਵਿੱਚ ਢਲੀ ਲੜਕੀ ਹੈ। ਉਹ ਆਪਣੇ ਲਈ ਅਜਿਹਾ ਜੀਵਨ ਸਾਥੀ ਚਾਹੁੰਦੀ ਹੈ ਜਿਹੜਾ ਮੇਜਰ ਕਰਨਬੀਰ ਨਾਲ ਉਸਦੇ ਸੰਬੰਧਾਂ ਨੂੰ ਬਿਨਾਂ ਕਿਸੇ ਹੀਲ-ਹੁੱਜਤ ਦੇ ਸਵੀਕਾਰ ਕਰੇ। ਅਜਿਹੀ ਸੋਚ ਕਾਰਨ ਹੀ ਉਹ ਆਪਣੇ ਲਈ ਆਏ ਵਧੀਆ ਰਿਸ਼ਤੇ ਨੂੰ ਵੀ ਠੁਕਰਾ ਦਿੰਦੀ ਹੈ। ਆਪਣੇ ਸੰਬੰਧਾਂ ਬਾਰੇ ਉਹ ਮੈਂ ਪਾਤਰ ਨੂੰ ਦੱਸਦੀ ਹੈ :

"ਦੇਖੋ, ਜਿਹੜਾ ਬੈਂਕ ਅਫ਼ਸਰ ਮੈਨੂੰ ਦੇਖਣ ਆਇਆ ਉਹ ਪੁੱਛ ਰਿਹਾ ਸੀ ਕਿ ਤੇਰਾ ਕਰਨ ਨਾਲ ਕੀ ਰਿਸ਼ਤਾ ਹੈ ...ਭਲਾ ਇਹ ਵੀ ਕੋਈ ਗੱਲ ਹੋਈ ...ਉਹ ਮੇਰਾ ਦੋਸਤ ਹੈ।"

"ਤੁਸੀਂ ਦਸੋ ਵਿਆਹ ਲਈ ਮੈਂ ਦੋਸਤ ਕਿਵੇ ਛੱਡ ਸਕਦੀ ਹਾਂ?"[102]

ਪ੍ਰੰਤੂ ਸਥਿਤੀ ਦੀ ਵਿਡੰਬਨਾ ਇਹ ਹੈ ਕਿ ਪਾਤਰ ਸੁੱਖ ਖ਼ੁਦ ਮੇਜਰ ਕਰਨਬੀਰ ਨਾਲ ਤਦ ਹੀ ਵਿਆਹ ਕਰਨਾ ਚਾਹੁੰਦੀ ਹੈ ਜੇਕਰ ਉਹ ਆਪਣੀ ਪਤਨੀ ਨੂੰ ਤਲਾਕ ਦੇਵੇ। ਬਿਰਤਾਂਤ ਵਿਚਲਾ 'ਮੈਂ' ਪਾਤਰ ਜਿਹੜਾ ਕਿ ਉਮਰ ਦੇ ਛੇਵੇਂ ਦਹਾਕੇ ਵਿੱਚੋਂ ਲੰਘ ਰਿਹਾ ਹੈ, ਵੀ ਸੁਖ ਦੀ ਸਹੇਲੀ ਤਜਿੰਦਰ ਨਾਲ ਸੰਬੰਧ ਜੋੜਨ ਦੀ ਤਾਕ ਵਿੱਚ ਹੈ। ਉਹ ਕਈ ਤਰ੍ਹਾਂ ਦੇ ਝੂਠ-ਫਰੇਬ ਕਰਦਾ ਹੋਇਆ ਤਜਿੰਦਰ ਨੂੰ ਆਪਣੇ ਵੱਸ ਵਿੱਚ ਕਰਨਾ ਚਾਹੁੰਦਾ ਹੈ। ਉਹ ਆਰਮੀ ਵਿੱਚੋਂ ਰਿਟਾਇਰ ਹੋਣ ਵਾਲਾ ਹੈ ਪ੍ਰੰਤੂ ਫਿਰ ਵੀ ਉਸਨੇ ਆਪਣੇ ਆਪ ਵਿੱਚ ਜਵਾਨ ਹੋਣ ਦਾ ਭਰਮ ਪਾਲ ਰੱਖਿਆ ਹੈ। ਉਹ ਆਪਣੀ ਪਤਨੀ ਵੱਲੋਂ ਵੀ ਸੰਤੁਸ਼ਟ ਹੈ ਪਰ ਤਜਿੰਦਰ ਉਸਦੀ ਸਮੁੱਚੀ ਚੇਤਨਾ ਦਾ ਇਸ ਕਦਰ ਹਿੱਸਾ ਬਣੀ ਹੋਈ ਹੈ ਕਿ ਕਦੇ ਤਜਿੰਦਰ ਵਿੱਚੋਂ ਉਸਨੂੰ ਆਪਣੀ ਜਵਾਨ ਪਤਨੀ ਦਿਖਾਈ ਦਿੰਦੀ ਹੈ ਅਤੇ ਕਦੇ ਪਤਨੀ ਦੇ ਚਿਹਰੇ ਵਿੱਚ ਤਜਿੰਦਰ ਦਾ ਚਿਹਰਾ ਰਲਗੱਡ ਹੋ ਕੇ ਦਿਖਾਈ ਦਿੰਦਾ ਹੈ। ਉਹ ਕਲਪਨਾ ਵਿੱਚ ਹੀ ਤਜਿੰਦਰ ਨੂੰ ਭੋਗਣ ਲੱਗਦਾ ਹੈ :

> ...ਮੈਂ ਤਜਿੰਦਰ 'ਚ ਆਪਣੀ ਜੁਆਨ ਪਤਨੀ ਦਾ ਰੂਪ ਝਲਕਦਾ ਦੇਖਿਆ। ਮੈਂ ਬੇਕਾਬੂ ਹੋ ਰਿਹਾ ਸਾਂ। ...ਕੁੱਤੇ ਦੇ ਭੌਂਕਣ ਦੀ ਆਵਾਜ਼ ਨੇ ਤਲਿਸਮ ਤੋੜ ਕੇ ਰੱਖ ਦਿੱਤਾ...ਮੇਰੀਆਂ ਬਾਹਾਂ 'ਚ ਤਜਿੰਦਰ ਨਹੀਂ, ਮੇਰੀ ਪਤਨੀ ਸੀ।[103]

ਤਜਿੰਦਰ ਦੇ ਆਕਰਸ਼ਣ ਵਿੱਚ ਸੰਮੋਹਿਤ ਹੋਏ ਮੈਂ ਪਾਤਰ ਦੀ ਮਾਨਸਿਕ ਉੱਥਲ-ਪੁੱਥਲ ਉਸਦੀ ਪਤਨੀ ਤੋਂ ਵੀ ਛੁਪੀ ਨਹੀਂ ਰਹਿੰਦੀ। ਇਸੇ ਤਰ੍ਹਾਂ ਤੀਹ ਵਰ੍ਹਿਆਂ ਦੀ ਅਲ੍ਹੜ ਮੁਟਿਆਰ ਤਜਿੰਦਰ ਜਿਸਨੇ ਪਹਿਲਾਂ ਆਪਣੇ ਹਮਉਮਰ ਗੱਭਰੂ ਨਾਲ ਇਸ਼ਕ ਕੀਤਾ ਅਤੇ ਫਿਰ ਉਸ ਨਾਲ ਵਿਆਹ ਵਿੱਚ ਬੱਝ ਗਈ। ਪਤੀ ਦੇ ਡਾਕਟਰ ਬਣਨ ਲਈ ਬੰਗਲੋਰ ਚਲੇ ਜਾਣ ਪਿਛੋਂ ਉਹ ਮੈਂ ਪਾਤਰ ਨਾਲ ਦੋਸਤਾਨਾ ਸੰਬੰਧ ਬਣਾਉਂਦੀ ਹੋਈ ਜ਼ਿੰਦਗੀ ਦਾ ਆਨੰਦ ਮਾਣਦੀ ਹੈ। ਉਹ ਮੈਂ ਪਾਤਰ ਦੀਆਂ ਕਾਮੁਕ ਖ਼ਾਹਿਸ਼ਾਂ ਨੂੰ ਸਮਝਦੀ ਹੋਈ ਉਸ ਨਾਲੋਂ ਵਿੱਥ ਤੇ ਵਿਚਰਦੀ ਹੈ ਪ੍ਰੰਤੂ ਬਾਵਜੂਦ ਇਸਦੇ ਉਹ 'ਮੈਂ' ਪਾਤਰ ਨਾਲ ਭਾਵਨਾਵਾਂ ਦੀ ਕਾੱਕਟੇਲ ਹੰਢਾਉਂਦੀ ਹੈ। ਏਸੇ ਤਰ੍ਹਾਂ ਮੈਂ ਪਾਤਰ ਦੀ ਪਤਨੀ ਭਾਵੇਂ ਪਤੀ ਦੀ ਉਪਭੋਗੀ ਬਿਰਤੀ ਤੋਂ ਚਿੜਦੀ ਹੈ ਪ੍ਰੰਤੂ ਮੌਕਾ ਮਿਲਣ 'ਤੇ ਉਹ ਮੇਜਰ ਕਰਨਬੀਰ ਵੱਲ ਝੁਕ ਜਾਂਦੀ ਹੈ। ਜਦੋਂ ਪਤਨੀ ਪਤੀ ਸਾਹਮਣੇ ਅਚੇਤ ਹੀ ਮੇਜਰ ਕਰਨਬੀਰ ਪ੍ਰਤੀ ਆਪਣੀ ਭਾਵੁਕਤਾ ਦਾ ਪ੍ਰਗਟਾਵਾ ਕਰਦੀ ਹੈ ਤਾਂ 'ਮੈਂ' ਪਾਤਰ ਦੀ ਮਰਦਾਵੀਂ ਹਉਂ ਤਿਲਮਿਲਾ ਉੱਠਦੀ ਹੈ। ਇਸ ਤਰ੍ਹਾਂ ਇਹ ਕਹਾਣੀ ਮਹਾਂਨਗਰ ਵਿੱਚ ਉਪਭੋਗੀ ਸਭਿਆਚਾਰ ਦੇ ਵਿਆਪਕ ਪ੍ਰਭਾਵ ਕਾਰਨ ਔਰਤ-ਮਰਦ ਰਿਸ਼ਤੇ ਵਿੱਚੋਂ ਮਨਫ਼ੀ ਹੋ ਰਹੀਆਂ ਇਖ਼ਲਾਕੀ ਕਦਰਾਂ-ਕੀਮਤਾਂ ਸਦਕਾ ਰਿਸ਼ਤਿਆਂ ਵਿਚਲੇ ਬਨਾਉਟੀਪੁਣੇ ਨੂੰ ਰੂਪਮਾਨ ਕਰਦੀ ਹੈ।

ਏਸੇ ਤਰ੍ਹਾਂ 'ਪਾਪਬੋਧ' ਕਹਾਣੀ ਵਿਚਲਾ ਪਾਤਰ ਫ਼ੌਜੀ ਅਫ਼ਸਰ ਆਪਣੀ ਉਪਭੋਗੀ ਮਨੋਵ੍ਰਿਤੀ ਕਾਰਨ ਇਕ ਪਾਸੇ ਪਾਤਰ ਨਵਨੀਤ ਨਾਲ ਵਿਆਹ ਬਾਹਰੇ ਅਵੈਧ ਸੰਬੰਧਾਂ ਵਿੱਚੋਂ ਆਪਣੀ ਲਿੰਗਕ ਤ੍ਰਿਪਤੀ ਕਰਦਾ ਹੈ ਅਤੇ ਦੂਜੇ ਪਾਸੇ ਆਪਣੀ ਪਤਨੀ ਕੁਲਵੰਤ ਕੌਰ ਨਾਲ ਸਮਾਜਿਕ ਤੌਰ 'ਤੇ ਪ੍ਰਵਾਨਿਤ ਰਿਸ਼ਤੇ ਨੂੰ ਵੀ ਬਚਾਈ ਰੱਖਣਾ ਚਾਹੁੰਦੀ ਹੈ। ਦੂਸਰੀ ਔਰਤ ਨਵਨੀਤ ਨਾਲ ਵਿਵਰਜਿਤ ਸੰਬੰਧਾਂ ਨੂੰ ਹੰਢਾਉਂਦੇ ਫ਼ੌਜੀ ਅਫ਼ਸਰ ਦੀ ਮਨੋਬਚਨੀ ਉਸ ਅੰਦਰਲੇ ਡਰ, ਬੇਚੈਨੀ ਅਤੇ ਮਾਨਸਿਕ ਕਸ਼ਮਕਸ਼ ਨੂੰ ਦਰਸਾ ਰਹੀ ਹੈ :

> ਕੁਲਵੰਤ ਕੁਰ ਤਾਂ ਵੈਸੇ ਵੀ ਵਿੜਕੀ ਘੋੜੀ ਵਾਂਗ ਅੜ੍ਹਬ ਹੈ – ਛੋਟੀ ਛੋਟੀ ਗੱਲ 'ਤੇ ਹੀ ਤਲਾਕ ਦੀ ਗੱਲ ਕਰਨ ਲੱਗ ਪੈਂਦੀ ਹੈ – ਜੇ ਕੰਨੀ ਕੋਈ ਭਿਣਕ ਪੈ ਗਈ ਮਤੇ ਤਲਾਕ ਹੀ ਲੈ ਲਵੇ।[104]

ਪਰ ਸਥਿਤੀ ਦੀ ਵਿਡੰਬਨਾ ਇਹ ਹੈ ਕਿ ਫ਼ੌਜੀ ਅਫ਼ਸਰ ਲਈ ਆਪਣੀ ਪਤਨੀ ਕੁਲਵੰਤ ਕੌਰ ਨਾਲ ਰਿਸ਼ਤੇ ਵਿਚਲੀ ਪ੍ਰਤੀਬੱਧਤਾ ਅਤੇ ਪ੍ਰਮਾਣਿਕਤਾ ਨਾਲੋਂ ਆਪਣੀ ਮੌਜ-ਮਸਤੀ ਅਤੇ ਆਨੰਦ ਦੇ ਅਰਥ ਵਡੇਰੇ ਹਨ। ਉਹ ਸੋਚਦਾ ਹੈ :

> ਕੀ ਬੱਚਿਆਂ ਕਰਕੇ ਹੀ ਅਸੀਂ ਇਕ ਦੂਜੇ ਨਾਲ ਬੰਨ੍ਹੇ ਹੋਏ ਆਂ। ਮੇਰੀ ਆਪਣੀ ਜ਼ਿੰਦਗੀ ਅਤੇ ਜ਼ਿੰਦਗੀ 'ਚ ਆਨੰਦ ਦਾ ਕੋਈ ਅਰਥ ਨਹੀਂ।[105]

ਦਰਅਸਲ ਉਪਭੋਗੀ ਸਭਿਆਚਾਰ ਵਿਚਲੀ ਲਿੰਗਕ ਖੁੱਲ੍ਹ ਅਤੇ ਆਨੰਦ ਦੇ ਅਰਥ ਨੇ ਜਿੱਥੇ ਮਾਨਵੀ ਰਿਸ਼ਤਿਆਂ ਦੀ ਪਰੰਪਰਕ ਗਰਿਮਾ ਨੂੰ ਘਟਾਇਆ ਹੈ, ਉੱਥੇ ਔਰਤ ਅਜਿਹੇ ਸਭਿਆਚਾਰ ਕਾਰਨ ਵਧੇਰੇ ਸ਼ੋਸ਼ਣ ਦੀ ਸ਼ਿਕਾਰ ਬਣੀ ਹੈ। ਨਾਰੀਵਾਦੀ ਦ੍ਰਿਸ਼ਟੀ ਤੋਂ ਦੇਖਿਆ ਜਾਵੇ ਤਾਂ ਕਹਾਣੀ ਵਿਚਲਾ ਮਰਦ ਪਾਤਰ ਇਕੋ ਸਮੇਂ ਦੋ ਔਰਤਾਂ (ਪ੍ਰੇਮਿਕਾ ਅਤੇ ਪਤਨੀ) ਦਾ ਸਰੀਰਕ, ਮਾਨਸਿਕ ਸ਼ੋਸ਼ਣ ਕਰ ਰਿਹਾ ਹੈ। ਪਰ ਸਥਿਤੀ ਦਾ ਦੁਖਾਂਤ ਇਹ ਹੈ ਕਿ ਮਰਦ ਪਤੀ ਹੱਥੋਂ ਭਾਵਾਤਮਕ ਅਤੇ ਜਜ਼ਬਾਤੀ ਪੱਧਰ ਤੇ ਸ਼ੋਸ਼ਿਤ ਹੋ ਰਹੀ ਪਤਨੀ ਕੁਲਵੰਤ ਕੌਰ ਆਪਣੇ ਫ਼ੌਜੀ ਪਤੀ ਦੀਆਂ ਮਨਆਈਆਂ ਨੂੰ ਝੱਲਦੀ ਹੋਈ ਉਸ ਨਾਲ ਰਿਸ਼ਤਾ ਬਣਾਈ ਰੱਖਦੀ ਹੈ ਅਤੇ ਦੂਜੇ ਪਾਸੇ ਫ਼ੌਜੀ ਅਫ਼ਸਰ ਲਈ ਮਹਿਜ ਕਾਮ ਭੋਗ ਦੀ ਵਸਤ ਬਣ ਚੁੱਕੀ ਪਾਤਰ ਨਵਨੀਤ ਵੀ ਉਸ ਨਾਲ ਅਵੈਧ ਸੰਬੰਧਾਂ ਨੂੰ ਬਰਕਰਾਰ ਰੱਖਣਾ ਚਾਹੁੰਦੀ ਹੈ। ਪਾਤਰ ਨਵਨੀਤ ਜਿਹੜੀ ਕਿ ਉਪਭੋਗੀ ਸਭਿਆਚਾਰ ਦਾ ਹਿੱਸਾ ਬਣ ਚੁੱਕੀ ਹੈ ਅਤੇ ਆਪਣੀ ਨਿੱਜੀ ਆਜ਼ਾਦੀ ਨੂੰ ਮਾਨਣਾ ਚਾਹੁੰਦੀ ਹੈ। ਉਹ ਘਰ, ਪਰਿਵਾਰ ਅਤੇ ਵਿਆਹ ਵਰਗੀ ਸੰਸਥਾ ਨੂੰ ਤੱਜ ਕੇ ਮਰਦ ਪਾਤਰ (ਫ਼ੌਜੀ ਅਫ਼ਸਰ) ਨੂੰ ਉਸੇ ਤਰ੍ਹਾਂ ਭੋਗਦੀ ਹੈ ਜਿਸ ਤਰ੍ਹਾਂ ਕਿ ਮਰਦ ਪਾਤਰ ਉਸਨੂੰ ਭੋਗਦਾ ਹੈ :

> ਓ.ਕੇ. ਇਸ ਜ਼ਿੰਦਗੀ ਨਾਲ ਹੀ ਮੈਂ ਸਮਝੌਤਾ ਕਰ ਲਿਆ ਏ ਤੂੰ ਕੁਲਵੰਤ ਕੌਰ ਨਾਲ ਆਪਣਾ ਟੱਬਰ ਚਲਾ ਤੇ ਪਿਆਰ ਮੈਨੂੰ ਕਰ।[106]

ਦਰਅਸਲ ਪਾਤਰ ਨਵਨੀਤ ਉਪਭੋਗੀ ਸਭਿਆਚਾਰ ਦੇ ਜਾਲ ਵਿੱਚ ਉਲਝ ਚੁੱਕੀ ਅਜਿਹੀ ਚੇਤਨਹੀਣ ਔਰਤ ਵਜੋਂ ਸਾਹਮਣੇ ਆਉਂਦੀ ਹੈ ਜਿਸ ਲਈ ਆਪਣੀ ਨਿੱਜੀ ਖ਼ੁਸ਼ੀ, ਆਜ਼ਾਦੀ ਨੂੰ ਮਾਣਨਾ ਵਧੇਰੇ ਮਾਇਨੇ ਰੱਖਦਾ ਹੈ। ਸਥਿਤੀ ਦਾ ਦੁਖਾਂਤ ਇਹ ਹੈ ਕਿ ਜਿੱਥੇ ਉਹ ਖ਼ੁਦ ਮਰਦ ਪਾਤਰ ਹੱਥੋਂ ਸ਼ੋਸ਼ਿਤ ਹੋ ਰਹੀ ਹੈ, ਉੱਥੇ ਅਚੇਤ ਹੀ ਉਹ ਦੂਸਰੀ ਔਰਤ ਦੇ ਜਜ਼ਬਾਤੀ ਸ਼ੋਸ਼ਣ ਦਾ ਹਿੱਸਾ ਵੀ ਬਣ ਰਹੀ ਹੈ।

ਕਹਾਣੀ 'ਜਸ਼ਨ' ਜਿੱਥੇ ਇਕ ਪਾਸੇ ਚਮਕ-ਦਮਕ ਵਾਲੇ ਸ਼ਹਿਰ ਚੰਡੀਗੜ੍ਹ ਵਿੱਚ ਕਥਿਤ ਆਜ਼ਾਦੀ ਤੇ ਖੁੱਲ੍ਹ ਮਾਣਦੇ ਉਪਭੋਗੀ ਸਭਿਆਚਾਰ ਵਿੱਚ ਖਚਿਤ ਹੋ ਰਹੇ ਔਰਤ-ਮਰਦ ਸੰਬੰਧਾਂ ਦੀਆਂ ਪਰਤਾਂ ਉਧੇੜਦੀ ਹੈ, ਉੱਥੇ ਨਾਲ ਹੀ ਨਿਰੋਲ ਕਾਮ ਵਾਸਨਾ ਤੇ ਨਿੱਜੀ ਸੁਆਰਥਾਂ ਤੇ ਆਧਾਰਿਤ ਅਜਿਹੇ ਰਿਸ਼ਤਿਆਂ ਦੇ ਫਲਸਰੂਪ ਪਤੀ-ਪਤਨੀ ਦੇ ਸਾਂਸਕ੍ਰਿਤਕ ਰਿਸ਼ਤੇ ਵਿੱਚ ਪੈਦਾ ਹੋ ਰਹੇ ਤਣਾਉ ਨੂੰ ਰੂਪਮਾਨ ਕਰਦੀ ਹੈ। ਕਹਾਣੀ ਦੀ ਮੁੱਖ ਪਾਤਰ ਰੀਨਾ ਆਪਣੇ ਪਤੀ ਰਾਹੁਲ ਦੇ ਦੂਸਰੀ ਔਰਤ ਨਾਲ ਨਾਜ਼ਾਇਜ ਸੰਬੰਧਾਂ ਕਾਰਨ ਦੁਖੀ ਅਤੇ ਮਾਨਸਿਕ ਰੂਪ ਵਿੱਚ ਪ੍ਰੇਸ਼ਾਨ ਹੈ। ਉਹ ਅੰਦਰ ਹੀ ਅੰਦਰ ਘੁੱਟ ਰਹੀ ਹੈ। ਦੂਜੇ ਪਾਸੇ ਰਾਹੁਲ ਦੂਜੀ ਔਰਤ ਨਾਲ ਰਿਸ਼ਤੇ ਨੂੰ ਕੇਵਲ ਆਪਣੇ ਬਿਜ਼ਨੈਸ ਦਾ ਹਿੱਸਾ ਮੰਨਦਾ ਹੋਇਆ ਆਪਣੀ ਪਤਨੀ ਨੂੰ ਸਮਝਾਉਣ ਦੀ ਕੋਸ਼ਿਸ ਕਰਦਾ ਹੈ :

> "ਰੀਨਾ ਤੂੰ ਕਦੋਂ ਸਮਝੇਗੀਂ - ਤੂੰ ਮੇਰਾ ਘਰ ਹੈ, ਮੇਰੇ ਪਰਿਵਾਰ ਦਾ ਖਾਸ ਅੰਗ- ਉਹ ਬਿਜ਼ਨਸ ਹੈ- ਬਿਜ਼ਨਸ ਦੇ ਆਕਰਸ਼ਨ ਦਾ ਅੰਗ। ਸਮਝ ਆਈ ਕਿ ਨਹੀਂ-ਅੱਛਾ ਚਲ ਅੱਜ ਰਾਤ ਪਾਰਟੀ, ਸੈਲੀਬਰੇਟ ਕਰਦੇ ਹਾਂ- ਮੇਰੀ 'ਉਸ' ਕਾਰਨ ਅੱਛਾ ਖਾਸਾ ਬਿਜ਼ਨਸ ਹੋਇਆ ਹੈ।"[107]

ਇੱਥੇ ਕਹਾਣੀਕਾਰ ਇਸ ਗੱਲ ਨੂੰ ਵਿਅਕਤ ਕਰਨ ਉੱਤੇ ਜ਼ੋਰ ਦਿੰਦੀ ਹੈ ਕਿ ਨਵ-ਪੂੰਜੀਵਾਦੀ ਅਰਥ ਵਿਵਸਥਾ ਅਤੇ ਉਪਭੋਗੀ ਸਭਿਆਚਾਰ ਵਿੱਚ ਔਰਤ ਵਧੇਰੇ ਸ਼ੋਸ਼ਣ ਦਾ ਸ਼ਿਕਾਰ ਬਣ ਰਹੀ ਹੈ। ਮਰਦਸੱਤਾ ਕੇਂਦਰਿਤ ਪੂੰਜੀਵਾਦੀ ਪ੍ਰਬੰਧ ਵਿੱਚ ਔਰਤ ਦੀ ਦੈਹਿਕ ਸੁੰਦਰਤਾ ਅਤੇ ਦਿਮਾਗੀ ਚੁਸਤੀ ਨੂੰ ਕਾਰਪੋਰੇਟ ਸੈਕਟਰਾਂ ਵਿੱਚ ਕਾਰੋਬਾਰੀ ਲਾਭ ਹਿੱਤ ਲਈ ਵਰਤਿਆ ਜਾ ਰਿਹਾ ਹੈ। ਮੰਡੀ ਸਭਿਆਚਾਰ ਵਿੱਚ ਖਚਿਤ ਅਤੇ ਕਾਰੋਬਾਰੀ ਸੋਚ ਵਾਲਾ ਮਰਦ ਪਾਤਰ ਰਾਹੁਲ ਨਾ ਤਾਂ ਆਪਣੀ ਪਤਨੀ ਪ੍ਰਤੀ ਪ੍ਰਤੀਬੱਧ ਹੈ ਅਤੇ ਨਾ ਹੀ ਬਾਹਰਲੀ ਔਰਤ ਪ੍ਰਤੀ ਕੋਈ ਭਾਵੁਕ ਸਾਂਝ ਰੱਖਦਾ ਹੈ, ਸਗੋਂ ਉਸ ਲਈ ਇਹ ਦੋਵੇਂ ਰਿਸ਼ਤੇ ਲੋੜਾਂ ਉੱਤੇ ਆਧਾਰਿਤ ਹਨ। ਰਾਹੁਲ ਆਪਣੀ ਪਤਨੀ ਰੀਨਾ ਨੂੰ ਅਮੀਰ ਅਤੇ ਕੁਲੀਨ ਘਰਾਣਿਆਂ ਦੀਆਂ ਪਾਰਟੀਆਂ ਵਿੱਚ ਆਪਣੇ ਬੇਟੇ ਮੋਹਿਤ

ਨਾਲ ਭੇਜਦਾ ਹੈ ਜਦੋਂ ਕਿ ਖ਼ੁਦ ਦੂਸਰੀ ਔਰਤ ਨਾਲ ਬੜੀ ਸ਼ਾਨ ਨਾਲ ਬਿਜਨੈਸ ਪਾਰਟੀਆਂ ਵਿੱਚ ਸ਼ਾਮਿਲ ਹੁੰਦਾ ਹੈ। ਪਾਤਰ ਰੀਨਾ ਆਪਣੇ ਪਤੀ ਦੀ ਇਸ ਬੇਰੁਖ਼ੀ ਵਿੱਚੋਂ ਪੈਦਾ ਹੋਈ ਅਰਥਹੀਣਤਾ ਵਿੱਚੋਂ ਜ਼ਿੰਦਗੀ ਦੇ ਅਰਥਾਂ ਨੂੰ ਤਲਾਸ਼ਦੀ ਹੈ। ਉਹ ਪਰੰਪਰਕ ਔਰਤ ਵਾਂਗ ਰੋਂਦੀ ਨਹੀਂ ਸਗੋਂ ਆਪਣੀ ਇਕੱਲਤਾ ਤੋਂ ਛੁੱਟਣ ਲਈ ਪਤੀ ਵਾਂਗ ਹੀ ਪਾਰਟੀਆਂ ਅਤੇ ਮਹਿਫ਼ਲਾਂ ਵਿੱਚ ਜ਼ਿੰਦਗੀ ਦਾ ਆਨੰਦ ਮਾਣਨ ਵੱਲ ਰੁਚਿਤ ਹੁੰਦੀ ਹੈ। ਇਸ ਕਹਾਣੀ ਵਿੱਚ ਪਾਤਰ ਰੀਨਾ ਤੋਂ ਇਲਾਵਾ ਕਈ ਹੋਰ ਔਰਤ ਪਾਤਰਾਂ ਪੇਸ਼ ਹੋਈਆਂ ਹਨ ਜਿਹੜੀਆਂ ਮਰਦਾਂ ਵਾਂਗ ਹੀ ਰਾਇਲ ਸਟੈਗ, ਬਲੈਕ ਲੇਬਲ, ਸਕਾਚ, ਵਿਸਕੀ, ਜਿਨ ਵਾਈਨ ਦੀਆਂ ਚੁਸਕੀਆਂ ਦੇ ਮਜ਼ੇ ਲੈਂਦੀਆਂ ਬੇਝਿੱਜਕ ਹੋ ਕੇ ਮਰਦਾਂ ਨੂੰ ਉਸੇ ਤਰ੍ਹਾਂ ਭੋਗਦੀਆਂ ਹਨ ਜਿਵੇਂ ਕਿ ਮਰਦ ਪਾਤਰ ਉਹਨਾਂ ਨੂੰ ਭੋਗਦੇ ਹਨ :

> ਪਤਾ ਲਗਾ ਇਸਦਾ ਪਤੀ ਪੰਜ ਛੇ ਵਰ੍ਹਿਆ ਤੋਂ ਵਿਦੇਸ਼ 'ਚ ਹੈ ਪਤੀ ਹੁੰਦੇ ਹੋਏ ਵੀ ਛੱਡੀ ਹੋਈ ਔਰਤ ਵਰਗਾ ਜੀਵਨ ਝੱਲ ਰਹੀ ਹੈ, ਪਰ ਪਿਛਲੇ ਵਰ੍ਹੇ ਤੋਂ ਹੀ ਇਸ ਮਰਦ ਨਾਲ ਇਸਦਾ ਇਸ਼ਕ ਚਲ ਰਿਹਾ ਹੈ।[108]

ਏਸੇ ਹੀ ਪ੍ਰਸੰਗ ਵਿੱਚ ਰਸ਼ਪਿੰਦਰ ਰਸ਼ਿਮ ਦੀ ਕਹਾਣੀ 'ਕੂੜੇਦਾਨਾਂ ਵਿੱਚ ਪਏ ਬੱਚੇ' ਵਿਚਾਰੀ ਜਾ ਸਕਦੀ ਹੈ। ਇਹ ਕਹਾਣੀ ਜਿੱਥੇ ਬੇਨਾਮ ਪਾਤਰਾਂ ਰਾਹੀਂ ਉਪਭੋਗੀ ਸਭਿਆਚਾਰ ਵਿੱਚ ਜਕੜੇ ਔਰਤ-ਮਰਦ ਦੇ ਅਨੈਤਿਕ ਸੰਬੰਧਾਂ ਵਿੱਚੋਂ ਪੈਦਾ ਹੋਏ ਅਣਜੰਮੇ ਬੱਚਿਆਂ ਦੇ ਦੁਖਾਂਤ ਨੂੰ ਪੇਸ਼ ਕਰਦੀ ਹੈ, ਉੱਥੇ ਇਸ ਵਰਤਾਰੇ ਦੇ ਅੰਤਰਗਤ ਔਰਤ ਦੇ ਬਹੁਪਰਤੀ ਸ਼ੋਸ਼ਣ ਦੀਆਂ ਪਰਤਾਂ ਉਧੇੜਦੀ ਹੈ। ਕਹਾਣੀ ਵਿੱਚ ਸਰਮਾਏਦਾਰ ਮਰਦ ਪਾਤਰ ਆਪਣੀ ਪੂੰਜੀ ਦੇ ਬਲਬੂਤੇ ਨਿਮਨ ਵਰਗ ਦੀਆਂ ਨਾਬਾਲਗ ਬੱਚੀਆਂ ਅਤੇ ਔਰਤਾਂ ਨੂੰ ਆਪਣੀ ਆਯਾਸ਼ੀ ਲਈ ਵਰਤਦੇ ਹਨ। ਗੁਰਬਤ ਨਾਲ ਘੁਲਦੀਆ ਇਹ ਔਰਤਾਂ ਨਾ ਚਾਹੁੰਦਿਆਂ ਹੋਇਆ ਵੀ ਆਪਣੀ ਦੇਹ ਦਾ ਫਾਇਦਾ ਇਹਨਾਂ ਹਾਬੜੇ ਮਰਦਾਂ ਨੂੰ ਆਕਰਸ਼ਿਤ ਅਤੇ ਉਤੇਜਿਤ ਕਰਨ ਲਈ ਲੈਂਦੀਆ ਹਨ। ਸਥਿਤੀ ਦਾ ਦੁਖਾਂਤ ਇਹ ਹੈ ਕਿ ਅਮੀਰ ਮਰਦ ਲਈ ਕਾਮ ਭੋਗ ਦੀ ਵਸਤੂ ਤੱਕ ਸੀਮਤ ਹੋ ਜਾਣ ਵਾਲੀਆਂ ਇਹ ਔਰਤਾਂ ਉਸ ਸਮੇਂ ਮਾਨਸਿਕ ਤਣਾਓ ਵਿੱਚ ਘਿਰ ਜਾਂਦੀਆਂ ਹਨ ਜਦੋਂ ਉਹ ਆਪਣੀ ਸਮਾਜ-ਸਭਿਆਚਾਰਕ ਇੱਜ਼ਤ ਨੂੰ ਬਰਕਰਾਰ ਰੱਖਣ ਲਈ ਆਪਣੇ ਅਣਜੰਮੇ ਬੱਚਿਆਂ ਦਾ ਗਰਭਪਾਤ ਕਰਵਾਉਂਦੀਆਂ ਹਨ। ਦੂਜੇ ਪਾਸੇ ਆਪਣੀ ਪੂੰਜੀ ਦੇ ਬਲਬੂਤੇ ਇਹਨਾਂ ਔਰਤ ਦੀ ਮਜ਼ਬੂਰੀ ਦਾ ਲਾਭ ਉਠਾਉਣ ਵਾਲੇ ਮਰਦ ਪਾਤਰ ਮਾਨਸਿਕ ਸ਼ਾਂਤੀ ਮਹਿਸੂਸ ਕਰਦੇ ਹਨ। ਕਹਾਣੀਕਾਰ ਇਸ ਦੁਖਾਂਤਕ ਸਥਿਤੀ ਦਾ ਵਰਣਨ ਇਸ ਤਰ੍ਹਾਂ ਕਰਦੀ ਹੈ :

> ਬੱਚਿਆਂ ਦੇ ਬਾਪ ਇਤਮੀਨਾਨ ਨਾਲ ਲੇਟੇ ਹੋਏ ਹਨ। ਜਿਨ੍ਹਾਂ ਮੁੱਲ ਉਨ੍ਹਾਂ ਨੇ ਲਾਇਆ ਸੀ ਓਨੀ ਹੀ ਤਸੱਲੀ ਵੀ ਉਨ੍ਹਾਂ ਨੇ ਹਾਸਿਲ ਕਰ ਲਈ

> ਹੈ।...ਜਿਸਮਾਂ ਦਾ ਮੁੱਲ ਸਭ ਤੋਂ ਪਹਿਲੀ ਵਾਰੀ ਉਨ੍ਹਾਂ ਨੇ ਸਤਾਰਾਂ ਸਾਲ ਦੀ ਉਮਰ ਵਿੱਚ ਲਾਇਆ ਸੀ।[109]

ਕੁਲੀਨ ਵਰਗ ਦੇ ਮਰਦ ਪਾਤਰਾਂ ਦੀ ਪੂੰਜੀਵਾਦੀ ਮਾਨਸਿਕਤਾ ਸਿਰਫ਼ ਉਨ੍ਹਾਂ ਦੇ ਘਰਾਂ ਵਿੱਚ ਕੰਮ ਕਰਦੀਆਂ ਨੌਕਰਾਣੀਆਂ ਅਤੇ ਕਲੱਬਾਂ ਵਿੱਚ ਡਾਂਸ ਕਰਦੀਆਂ ਔਰਤਾਂ ਨੂੰ ਹੀ ਆਪਣੀ ਜਿਸਮਫਰੋਸ਼ੀ ਬਿਰਤੀ ਦਾ ਸ਼ਿਕਾਰ ਨਹੀਂ ਬਣਾਉਂਦੀ ਬਲਕਿ ਉਹ ਆਪਣੇ ਬਿਜ਼ਨੈਸ ਦੀ ਤਰੱਕੀ ਲਈ ਆਪਣੀਆਂ ਬੀਵੀਆਂ ਦੀ ਦੇਹ ਨੂੰ ਵੀ ਆਪਣੇ ਸਵਾਰਥੀ ਹਿੱਤਾਂ ਲਈ ਵਰਤਣ ਤੋਂ ਗੁਰੇਜ਼ ਨਹੀਂ ਕਰਦੇ :

> ਨਾਚ ਆਪਣੇ ਜੋਬਨ ਉੱਤੇ ਹੈ। ਗੋਰੇ ਢਿਲਕਵੇਂ ਮਾਸ, ਸੰਘਣੀਆਂ ਮੁੱਛਾਂ, ਮਖ਼ਮਲੀ ਪੈਰ, ਭਾਰੀ ਲਿਸ਼ਕਦੇ ਬੂਟ, ਅਲਸਾਏ ਹੋਏ ਪੱਥ ਪਤਲੀਆਂ ਕਮਰਾਂ ਸਭ ਇਸ ਨਾਲ ਵਿੱਚ ਸ਼ਾਮਲ ਹਨ। ਮਰਦ ਔਰਤਾਂ ਨੂੰ ਓਹਲਿਆਂ ਵਿੱਚ ਲਿਜਾ ਕੇ ਚੁੰਮ ਰਹੇ ਹਨ। ਪਤੀ ਖ਼ੁਸ਼ ਹਨ ਕਿ ਉਨ੍ਹਾਂ ਦੀਆਂ ਬੀਵੀਆਂ ਫ਼ਾਇਦੇਮੰਦ ਲੋਕਾਂ ਨਾਲ ਨਾਚ ਕਰ ਰਹੀਆਂ ਹਨ।[110]

ਕਹਾਣੀਕਾਰ ਇੱਥੇ ਮਹਾਂਨਗਰੀ ਸਭਿਆਚਰ ਦੇ ਉਸ ਕਰੂਰ ਸੱਚ ਨੂੰ ਦ੍ਰਿਸ਼ਟੀਗੋਚਰ ਕਰਦੀ ਹੈ ਜਿੱਥੇ ਔਰਤ-ਮਰਦ ਸੰਬੰਧ ਮਕਾਨਕੀ ਕਿਸਮ ਦੇ ਸੰਬੰਧਾਂ ਵਿੱਚ ਤਬਦੀਲ ਹੋ ਜਾਂਦੇ ਹਨ। ਵੱਧ ਤੋਂ ਵੱਧ ਪੈਸਾ ਕਮਾਉਣ ਦੀ ਹੋੜ, ਲਗਜ਼ਰੀ ਜ਼ਿੰਦਗੀ ਜਿਊਣ ਦੀ ਲਾਲਸਾ ਤਹਿਤ ਜਿੱਥੇ ਰਿਸ਼ਤਿਆਂ ਵਿਚਲੀ ਨੈਤਿਕਤਾ ਖ਼ਤਮ ਹੋ ਰਹੀ ਹੈ, ਉੱਥੇ ਮਾਨਸਿਕ ਤਣਾਅ ਵੱਧ ਰਿਹਾ ਹੈ। ਕਹਾਣੀ ਵਿੱਚ ਜਿੱਥੇ ਮਰਦ ਪਤੀ ਇਸ ਮਾਨਸਿਕ ਅਸ਼ਾਂਤੀ ਨੂੰ ਦੂਰ ਕਰਨ ਲਈ ਦੂਸਰੀਆਂ ਔਰਤਾਂ ਨਾਲ ਸੰਬੰਧ ਜੋੜਦੇ ਹਨ, ਉੱਥੇ ਉਹਨਾਂ ਦੀਆਂ ਪਤਨੀਆਂ ਪਤੀ ਦੇ ਵਿਆਹ ਬਾਹਰੇ ਸੰਬੰਧਾਂ ਤੋਂ ਦੁਖੀ ਹੁੰਦੀਆਂ ਹੋਈਆਂ ਨੀਂਦ ਦੀਆਂ ਗੋਲੀਆਂ ਖਾ ਕੇ ਮਾਨਸਿਕ ਸਕੂਨ ਤਲਾਸ਼ਣ ਦਾ ਯਤਨ ਕਰਦੀਆਂ ਹਨ। ਉਹ ਚਾਹੁੰਦਿਆਂ ਹੋਇਆਂ ਵੀ ਪਤੀ ਦੇ ਦੋਗਲੇ ਵਿਵਹਾਰ ਦੀ ਵਿਰੋਧਤਾ ਕਰਨ ਤੋਂ ਕਤਰਾਉਂਦੀਆਂ ਹਨ ਕਿਉਂਕਿ ਉਹ ਅਮੀਰ ਪਤੀ ਦੀ ਪਤਨੀ ਹੋਣ ਵਿੱਚ ਮਾਣ ਮਹਿਸੂਸ ਕਰਦੀਆਂ ਹਨ। ਦੂਜੇ ਪਾਸੇ ਮਰਦ ਪਤੀ ਆਪਣੀ ਪਤਨੀ ਨਾਲ ਪ੍ਰਮਾਣਿਕ ਰਿਸ਼ਤੇ ਵਿੱਚ ਨਹੀਂ ਬੱਝਦੇ ਬਲਕਿ ਪਤਨੀ ਨੂੰ ਵੀ ਆਪਣੇ ਬਿਜਨੈਸ ਦੇ ਸਾਧਨ ਵਜੋਂ ਵਰਤਦੇ ਹਨ। ਸੋ, ਇਸ ਕਹਾਣੀ ਵਿੱਚ ਕਹਾਣੀਕਾਰ ਬਿਨਾਂ ਕਿਸੇ ਨਾਂ ਦੇ ਉਹਨਾਂ ਸਾਰੀਆਂ ਔਰਤਾਂ ਦੇ ਸਰੀਰਕ ਅਤੇ ਮਾਨਸਿਕ ਸ਼ੋਸ਼ਣ ਨੂੰ ਉਨ੍ਹਾਂ ਦੇ ਵਰਗ ਚਰਿੱਤਰ ਸਹਿਤ ਪੇਸ਼ ਕਰਦੀ ਹੈ। ਨਿਮਨ ਵਰਗ ਤੋਂ ਲੈ ਕੇ ਉੱਚ ਵਰਗ ਤੱਕ ਦੀ ਔਰਤ ਦੇ ਜਿਸਮ ਦਾ ਮੁੱਲ ਉਸਦੀ ਸ਼੍ਰੇਣੀ ਮੁਤਾਬਕ ਪੈ ਰਿਹਾ ਹੈ। ਇਸ ਪ੍ਰਕਾਰ ਇਹ ਸਮੱਸਿਆ ਕਹਾਣੀ ਵਿੱਚ ਕਿਸੇ ਇਕ ਨਾਰੀ ਦੀ ਸਮੱਸਿਆ ਤੱਕ ਸੀਮਤ ਨਾ ਹੋ ਕੇ ਸਮੁੱਚੇ ਸਮਾਜ ਦੀ ਸਮੱਸਿਆ ਵਜੋਂ ਪ੍ਰਗਟ ਹੁੰਦੀ ਹੈ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਨਿਰਮਲ ਜਸਵਾਲ ਅਤੇ ਰਸ਼ਪਿੰਦਰ ਰਸ਼ਿਮ ਉਪਰੋਕਤ ਕਹਾਣੀਆਂ ਵਿੱਚ ਨਵ-ਪੂੰਜੀਵਾਦੀ ਦੌਰ ਵਿੱਚ ਉਪਭੋਗਤਾਵਾਦ ਦੇ ਵਿਆਪਕ ਪ੍ਰਭਾਵ ਦੇ ਫਲਸਰੂਪ ਸ਼ਹਿਰੀ, ਮਹਾਂਨਗਰੀ ਸਮਾਜ-ਸਭਿਆਚਾਰ ਵਿੱਚ ਔਰਤ-ਮਰਦ ਸੰਬੰਧਾਂ ਦੇ ਬਦਲ ਰਹੇ ਸਰੂਪ ਨੂੰ ਵਿਭਿੰਨ ਪੱਖਾਂ ਤੋਂ ਅਗਰਭੂਮਿਤ ਕਰਦੀਆਂ ਹਨ। ਨਿਰਮਲ ਜਸਵਾਲ ਉਪਭੋਗੀ ਸਭਿਆਚਾਰ ਵਿੱਚ ਖਚਿਤ ਵਰਜਿਤ ਰਿਸ਼ਤਿਆਂ ਨੂੰ ਭੋਗਦੇ ਔਰਤ-ਮਰਦ ਸੰਬੰਧਾਂ 'ਤੇ ਫੋਕਸ ਕਰਦੀ ਹੈ ਜਿਹਨਾਂ ਦੀ ਸਮੁੱਚੀ ਚੇਤਨਾ ਅਖੌਤੀ ਨਿੱਜੀ ਆਜ਼ਾਦੀ, ਨਿੱਜੀ ਖੁੱਲ੍ਹ, ਨਿੱਜੀ ਚਾਹਤ ਅਤ ਨਿੱਜੀ ਖ਼ੁਸ਼ੀਆਂ ਤੱਕ ਸਿਮਟ ਚੁੱਕੀ ਹੈ। ਉਸ ਦੀਆਂ ਕਹਾਣੀਆਂ ਵਿੱਚ ਪੇਸ਼ ਪਾਤਰ ਆਪਣੀਆਂ ਭੋਗਵਾਦੀ ਰੁਚੀਆਂ ਦੀ ਤ੍ਰਿਪਤੀ ਲਈ ਪਤੀ-ਪਤਨੀ ਰਿਸ਼ਤੇ ਵਿਚਲੇ ਨੈਤਿਕ, ਪ੍ਰਤਿਮਾਨਕ ਮੁੱਲਾਂ ਨੂੰ ਤੋੜਦੇ ਹੋਏ ਵਿਆਹ-ਬਾਹਰੇ ਮਨਇੱਛਤ ਰਿਸ਼ਤੇ ਸਿਰਜਦੇ ਹਨ। ਨਿਰਮਲ ਜਸਵਾਲ ਦੀਆਂ ਕਹਾਣੀਆਂ ਮਹਾਂਨਗਰੀ ਔਰਤ ਦੀ ਬਦਲ ਰਹੀ ਮਨੋਸੰਵੇਦਨਾ ਨੂੰ ਉਜਾਗਰ ਕਰਦੀਆਂ ਹਨ ਜਿਹੜੀ ਘਰ, ਪਰਿਵਾਰ ਅਤੇ ਵਿਆਹ ਜਿਹੀਆਂ ਸੰਸਥਾਵਾਂ ਨੂੰ ਤੱਜਦੀ ਹੋਈ ਬਿਨਾਂ ਕਿਸੇ ਬੰਧਨਾਂ ਦੇ ਆਪਣੀ ਜ਼ਿੰਦਗੀ ਨੂੰ ਆਪਣੇ ਢੰਗ ਨਾਲ ਜਿਊਣਾ ਚਾਹੁੰਦੀ ਹੈ। ਆਪਣੀਆਂ ਲਿੰਗਕ ਇੱਛਾਵਾਂ ਦੀ ਪੂਰਤੀ ਲਈ ਇਹ ਔਰਤ ਪਾਤਰਾਂ ਮਰਦਾਂ ਨੂੰ ਉਸੇ ਤਰ੍ਹਾਂ ਭੋਗਦੀਆਂ ਦਿਖਾਈ ਦਿੰਦੀਆਂ ਹਨ ਜਿਵੇਂ ਕਿ ਮਰਦ ਉਹਨਾਂ ਨੂੰ ਭੋਗਦੇ ਹਨ। ਰਸ਼ਪਿੰਦਰ ਰਸ਼ਿਮ ਦੀ ਕਹਾਣੀ ਨਵ-ਪੂੰਜੀਵਾਦੀ ਪ੍ਰਬੰਧ ਅਤੇ ਖ਼ਪਤ ਸਭਿਆਚਾਰ ਦੇ ਪਰਿਣਾਮਸਰੂਪ ਮਾਨਵੀ ਸੰਬੰਧਾਂ ਵਿੱਚ ਨੈਤਿਕਤਾ ਪੱਖੋਂ ਆਈ ਗਿਰਾਵਟ ਨੂੰ ਪੇਸ਼ ਕਰਦੀ ਹੈ। ਕਹਾਣੀਕਾਰ ਮਹਾਂਨਗਰੀ ਸਮਾਜ ਦੇ ਉਸ ਕਰੂਰ ਯਥਾਰਥ ਨੂੰ ਦ੍ਰਿਸ਼ਟੀਗੋਚਰ ਕਰਦੀ ਹੈ ਜਿੱਥੇ ਵੱਧ ਤੋਂ ਵੱਧ ਪੈਸਾ ਕਮਾਉਣ ਦੀ ਹੋੜ, ਐਸ਼ੋ-ਆਰਾਮ ਭਰੀ ਜ਼ਿੰਦਗੀ ਜਿਊਣ ਦੀ ਲਾਲਸਾ ਕਾਰਨ ਪੈਸਾ ਅਤੇ ਉਪਭੋਗ ਪ੍ਰਮੁੱਖ ਹੋ ਗਏ ਹਨ ਅਤੇ ਰਿਸ਼ਤੇ ਦੁਜੈਲੇ ਪੱਧਰ 'ਤੇ ਚਲੇ ਗਏ ਹਨ। ਇਹ ਵਰਤਾਰੇ ਕਾਰਨ ਪਤੀ-ਪਤਨੀ ਸੰਬੰਧ ਮਕਾਨਕੀ ਸੰਬੰਧਾਂ ਵਿੱਚ ਤਬਦੀਲ ਹੋ ਗਏ। ਔਰਤ ਅਜਿਹੇ ਪ੍ਰਬੰਧ ਵਿੱਚ ਸ਼ੋਸ਼ਣ ਦੀ ਵਧੇਰੇ ਸ਼ਿਕਾਰ ਹੋ ਰਹੀ ਹੈ। ਇੱਕ ਪਾਸੇ ਉਹ ਮਰਦ ਪਤੀ ਦੇ ਕਾਰੋਬਾਰ ਨੂੰ ਵਧਾਉਣ ਲਈ ਦੂਸਰੇ ਕਾਰਪੋਰੇਟ ਅਮੀਰ ਘਰਾਣਿਆਂ ਦੇ ਮਰਦਾਂ ਨਾਲ ਸੰਬੰਧ ਜੋੜਦੀ ਹੋਈ ਸ਼ੋਸ਼ਿਤ ਹੋ ਰਹੀ ਹੈ ਦੂਜੇ ਪਾਸੇ ਉਹ ਆਪਣੇ ਪਤੀ ਦੇ ਵਿਆਹ-ਬਾਹਰੇ ਸੰਬੰਧਾਂ ਕਾਰਨ ਬੇਗਾਨਗੀ ਦੀ ਸ਼ਿਕਾਰ ਹੋ ਕੇ ਮਾਨਸਿਕ ਸੰਤਾਪ ਹੰਢਾ ਰਹੀ ਹੈ।

## ਸਮਲਿੰਗਕਤਾ

ਵੀਹਵੀਂ ਸਦੀ ਵਿੱਚ ਸਮੁੱਚੇ ਵਿਸ਼ਵ ਅੰਦਰ ਆਪਣੀ ਹੋਂਦ ਲਈ ਜਦੋਜਹਿਦ ਕਰ ਰਿਹਾ 'ਸਮਲਿੰਗੀ (LGBT) ਸਮਾਜ' ਵਿਸ਼ਵ ਸਾਹਿਤ ਤੇ ਚਿੰਤਨ ਦੇ ਕੇਂਦਰ ਵਿੱਚ ਦਾਖਿਲ ਹੁੰਦਾ ਹੈ ਤੇ ਇਸ ਤਰ੍ਹਾਂ ਸਾਹਿਤ ਵਿੱਚ ਵਿਸ਼ੇ ਦੇ ਰੂਪ ਵਿੱਚ ਸਮਲਿੰਗੀ ਪ੍ਰਵਚਨਾਂ ਦਾ ਉਦੈ ਹੁੰਦਾ ਹੈ। ਰੈਡੀਕਲ ਨਾਰੀਵਾਦ ਦੀਆਂ ਸਥਾਪਨਾਵਾਂ

ਤੇ ਜੈਂਡਰ ਪਾਲੀਟਿਕਸ (Gender Polotics) ਪ੍ਰਵਚਨਾਂ ਵਿੱਚੋਂ ਹੀ ਸਮਲਿੰਗੀ ਪ੍ਰਵਚਨਾਂ ਦੀ ਨਵੀਂ ਅਧਿਐਨ ਵਿਧੀ ਦਾ ਰਾਹ ਪੱਧਰਾ ਹੁੰਦਾ ਹੈ, ਜੋ ਅੱਗੇ 'ਕਿਊਰ ਥਿਊਰੀ' (Queer Theory) ਦੇ ਨਾਂ ਨਾਲ ਜਾਣੀ ਜਾਂਦੀ ਹੈ। ਸਮਕਾਲੀ ਪੰਜਾਬੀ ਕਹਾਣੀ ਜਿਹੜੀ ਵਿਸ਼ਵ ਪੱਧਰ ਉੱਪਰ ਚੱਲ ਰਹੇ ਨਵੇਂ ਘਟਨਾਕ੍ਰਮਾਂ ਨੂੰ ਨਿਰੰਤਰ ਆਪਣਾ ਵਿਸ਼ਾ ਬਣਾਉਂਦੀ ਆ ਰਹੀ ਹੈ, 'ਸਮਲਿੰਗਕਤਾ' ਦੇ ਵਿਸ਼ੇ ਨੂੰ ਆਪਣੇ ਕਲਾਵੇ ਵਿੱਚ ਲੈਂਦੀ ਹੈ। ਸਮਕਾਲੀ ਪੰਜਾਬੀ ਕਹਾਣੀਕਾਰਾਂ ਨੇ ਆਪਣੀ ਕਹਾਣੀ ਰਚਨਾ ਰਾਹੀਂ ਸਮਲਿੰਗੀ ਸੰਬੰਧਾਂ ਨੂੰ ਪੇਸ਼ ਕਰਕੇ ਇਹਨਾਂ ਸੰਬੰਧਾਂ ਵਿੱਚ ਵਿਚਰਦੇ ਲੋਕਾਂ ਦੀ ਮਾਨਸਿਕਤਾ ਅਤੇ ਵਿਹਾਰ ਦੀਆ ਪਰਤਾਂ ਨੂੰ ਅਗਰਭੂਮਿਤ ਕਰਨ ਦੇ ਨਾਲ-ਨਾਲ ਇਹਨਾਂ ਪ੍ਰਤੀ ਦੂਜੇ ਲੋਕਾਂ ਦੇ ਨਜ਼ਰੀਏ ਨੂੰ ਵੀ ਉਜਾਗਰ ਕੀਤਾ ਹੈ।

ਨਿਰਮਲ ਜਸਵਾਲ ਦੀ ਕਹਾਣੀ 'ਰੇਤ ਦਾ ਰਿਸ਼ਤਾ' ਲੈਸਬੀਅਨ ਸੰਬੰਧਾਂ ਨੂੰ ਆਧਾਰ ਬਣਾ ਕੇ ਲਿਖੀ ਗਈ ਹੈ। ਕਹਾਣੀ ਮੁੱਖ ਪਾਤਰ ਸੰਗੀਤ ਅਤੇ ਉਸਦੀ ਸਹੇਲੀ ਅੰਮ੍ਰਿਤ ਦੇ ਰਿਸ਼ਤੇ ਦੁਆਲੇ ਘੁੰਮਦੀ ਹੈ। ਕਹਾਣੀ ਦੇ ਅਗਰਭੂਮਿਤ ਤੇ ਦੋਵਾਂ ਸਹੇਲੀਆਂ ਦਾ ਸਮਲਿੰਗੀ ਸੰਬੰਧ ਨਜ਼ਰ ਨਹੀਂ ਆਉਂਦਾ ਲੇਕਿਨ ਕਹਾਣੀ ਦੀ ਪਿੱਠ ਭੂਮੀ ਵਿੱਚ ਇਹ ਸੰਬੰਧ ਸਪੱਸ਼ਟ ਨਜ਼ਰ ਆ ਰਹੇ ਹਨ। ਕਹਾਣੀ ਵਿਚਲੇ ਗੌਣ ਪਾਤਰ ਇਨ੍ਹਾਂ ਸੰਬੰਧਾਂ ਨੂੰ ਉਜਾਗਰ ਕਰਦੇ ਹਨ। ਸੰਗੀਤ ਅਤੇ ਅੰਮ੍ਰਿਤ ਇਕੋ ਕਾਲਜ ਵਿੱਚ ਪੜ੍ਹਦੀਆਂ ਹਨ ਅਤੇ ਦੋਹਾਂ ਦੀ ਆਪਸੀ ਭਾਵੁਕ ਸਾਂਝ ਕਈਆਂ ਦੇ ਮਨ ਵਿੱਚ ਸੰਦੇਹ ਪੈਦਾ ਕਰਦੀ ਹੈ। ਜਦੋਂ ਉਹ ਇਕ ਦੂਜੇ ਮਗਰ ਦੌੜਦੀਆਂ, ਇਕ ਦੂਜੇ ਨਾਲ ਲਿਪਟਦੀਆਂ ਤਾਂ ਪਾਤਰ ਸੰਗੀਤ ਦੀ ਭਾਬੀ ਲੁਕ-ਲਕ ਕੇ ਉਹਨਾਂ ਦੇ ਆਪਸੀ ਸੰਬੰਧਾਂ ਨੂੰ ਫੜਨ ਦਾ ਯਤਨ ਕਰਦੀ। ਅੱਜ ਜਦੋਂ ਸੰਗੀਤ ਵੀਹ ਵਰ੍ਹਿਆਂ ਬਾਅਦ ਆਪਣੀ ਨਿਊਜ਼ੀਲੈਂਡ ਤੋਂ ਆ ਰਹੀ ਸਹੇਲੀ ਅੰਮ੍ਰਿਤ ਨੂੰ ਮਿਲਣ ਜਾ ਰਹੀ ਸੀ ਤਾਂ ਉਸ ਦੀ ਸਿਮਰਿਤੀ ਵਿੱਚ ਉਹ ਸਾਰੀਆਂ ਯਾਦਾਂ ਤਾਜ਼ਾ ਹੋ ਰਹੀਆਂ ਸਨ:

> ਕਦੇ ਕਦੇ ਸਾਨੂੰ ਇੱਕਠੀਆਂ ਨੂੰ ਦੇਖ ਲੋਕ ਕਹਿੰਦੇ ਸੀ ''ਇਹ ਲਿਜਵੀਅਨ ਤਾਂ ਨਹੀਂ?" ਭਾਬੀ ਵੀ ਲੁਕ ਲੁਕ ਕੇ ਸਾਨੂੰ ਦੋਹਾਂ ਨੂੰ ਦੇਖਦੀ ਸਾਡੇ ਆਪਸੀ ਸੰਬੰਧਾਂ ਨੂੰ ਫੜਨ ਦਾ ਯਤਨ ਕਰਦੀ ਲੱਗਦੀ।[111]

ਮੁੱਖ ਪਾਤਰ ਸੰਗੀਤ ਨੂੰ ਯਾਦ ਆਉਂਦਾ ਹੈ ਕਿ ਕਿਵੇਂ ਉਹਨਾਂ ਦੇ ਆਪਸੀ ਜਜ਼ਬਾਤੀ ਰਿਸ਼ਤੇ ਦੀ ਸਾਂਝ ਉਸ ਸਮੇਂ ਢਿੱਲੀ ਪੈ ਜਾਂਦੀ ਹੈ ਜਦੋਂ ਅੰਮ੍ਰਿਤ ਜਿੰਦਰ ਦੇ ਇਸ਼ਕ ਵਿੱਚ ਮਗਰੂਰ ਹੋ ਜਾਂਦੀ ਹੈ। ਉਹ ਉਸ ਸਮੇਂ ਬੇਹੱਦ ਕ੍ਰੋਧ ਅਤੇ ਨਫ਼ਰਤ ਨਾਲ ਭਰ ਜਾਂਦੀ ਜਦੋਂ ਅੰਮ੍ਰਿਤ ਜਿੰਦਰ ਦੇ ਹੱਥਾਂ ਦੀ ਤਪਸ਼ ਨੂੰ ਸੰਗੀਤ ਦੇ ਹੱਥਾਂ ਦੀ ਗਰਮੀ 'ਚੋਂ ਲੱਭਣ ਦਾ ਯਤਨ ਕਰਦੀ। ਭਾਵੇਂ ਅੰਮ੍ਰਿਤ ਦਾ ਜਿੰਦਰ ਨਾਲ ਸੰਬੰਧ ਸੰਗੀਤ ਨੂੰ ਦੁਖੀ ਕਰਦਾ ਪ੍ਰੰਤੂ ਜਦੋਂ ਉਹ ਅੰਮ੍ਰਿਤ ਨਾਲ ਆਪਣੇ ਰਿਸ਼ਤੇ ਨੂੰ ਸਮਾਜਿਕ ਚੌਖ਼ਟੇ ਵਿੱਚ ਰੱਖ ਕੇ ਸੋਚਦੀ ਤਾਂ ਇਕ ਸਵਾਲ ਉਸਦੇ ਮਨ ਵਿੱਚ ਉਤਪੰਨ ਹੁੰਦਾ:

...ਕੀ ਦੋ ਸਹੇਲੀਆਂ ਇਕੱਠੀਆਂ ਨਹੀਂ ਰਹਿ ਸਕਦੀਆਂ?[112]

ਮੁੱਖ ਪਾਤਰ ਸੰਗੀਤ ਅੰਮ੍ਰਿਤ ਨੂੰ ਹਮੇਸ਼ਾ ਆਪਣੇ ਕੋਲ ਰੱਖਣਾ ਚਾਹੁੰਦੀ ਹੈ। ਉਹ ਉਸ ਸਮੇਂ ਅੰਦਰੋਂ ਖ਼ੁਸ਼ ਹੋ ਜਾਂਦੀ ਹੈ ਜਦੋਂ ਜਾਤ ਬਰਾਦਰੀ ਦੇ ਵਖਰੇਵਿਆਂ ਕਾਰਨ ਅੰਮ੍ਰਿਤ ਅਤੇ ਜਿੰਦਰ ਦਾ ਪਿਆਰ ਨੇਪਰੇ ਨਹੀਂ ਚੜ੍ਹਦਾ। ਪ੍ਰੰਤੂ ਉਸਦੀ ਇਹ ਖੁਸ਼ੀ ਉਸ ਸਮੇਂ ਗ਼ਮੀ ਵਿੱਚ ਬਦਲ ਜਾਂਦੀ ਹੈ ਜਦੋਂ ਅੰਮ੍ਰਿਤ ਆਪਣੇ ਮਾਪਿਆਂ ਦੇ ਦਬਾਅ ਹੇਠ ਵਿਆਹ ਕਰਵਾ ਕੇ ਨਿਊਜ਼ੀਲੈਂਡ ਚਲੀ ਜਾਂਦੀ ਹੈ। ਅੰਮ੍ਰਿਤ ਦੇ ਚਲੇ ਜਾਣ ਤੋਂ ਬਾਅਦ ਸੰਗੀਤ ਜ਼ਿੰਦਗੀ ਦੇ ਖਾਲੀਪਣ ਨੂੰ ਭਰਦੀ ਹੋਈ ਡਗਮਗਾ ਜਾਂਦੀ ਹੈ। ਉਹ ਇਕ ਰੇਸ਼ਮ ਦੇ ਵਪਾਰੀ ਨਾਲ ਵਿਆਹ ਕਰਵਾ ਲੈਂਦੀ ਹੈ ਜਿਸਦੇ ਚਿਹਰੇ ਵਿੱਚੋਂ ਉਸਨੂੰ ਅੰਮ੍ਰਿਤ ਦੀ ਝਲਕ ਦਿਖਾਈ ਦਿੰਦੀ ਹੈ। ਪਰ ਉਸ ਆਦਮੀ ਦੀ ਛੋਹ ਸੰਗੀਤ ਅੰਦਰ ਉਹ ਅਹਿਸਾਸ ਪੈਦਾ ਨਾ ਕਰ ਸਕੀ ਜਿਹੜੀ ਉਹ ਹਮੇਸ਼ਾਂ ਅੰਮ੍ਰਿਤ ਦੀ ਪਕੜ ਵਿੱਚੋਂ ਮਹਿਸੂਸ ਕਰਦੀ ਸੀ। ਫਿਰ ਉਸਦੀ ਜ਼ਿੰਦਗੀ ਵਿੱਚ ਪੰਮੀ ਨਾਂ ਦਾ ਮਰਦ ਆਉਂਦਾ ਹੈ। ਪੰਮੀ ਜਦੋਂ ਉਸਨੂੰ ਆਪਣੇ ਨਾਲ ਘੁੱਟਦਾ ਤਾਂ ਉਸਨੂੰ ਆਪਣੇ ਵਿੱਚੋਂ ਅੰਮ੍ਰਿਤ ਦੇ ਪਿੰਡੇ ਦੀ ਮਹਿਕ ਮਹਿਸੂਸ ਹੁੰਦੀ। ਉਹ ਪਤੀ ਨਾਲੋਂ ਸੰਬੰਧ ਤੋੜ ਕੇ ਪੰਮੀ ਦੇ ਪਿਆਰ ਵਿੱਚ ਡੁੱਬ ਜਾਂਦੀ ਹੈ। ਹੁਣ ਜਦੋਂ ਅੰਮ੍ਰਿਤ ਆਪਣੇ ਪਤੀ ਦੀ ਮੌਤ ਤੋਂ ਬਾਅਦ ਵਾਪਸ ਪਰਤਦੀ ਹੈ ਤਾਂ ਸੰਗੀਤ ਨੂੰ ਅੰਮ੍ਰਿਤ ਪ੍ਰਤੀ ਨਾ ਤਾਂ ਪਹਿਲਾਂ ਵਰਗੀ ਕੋਈ ਖਿੱਚ ਮਹਿਸੂਸ ਹੁੰਦੀ ਹੈ ਅਤੇ ਨਾ ਹੀ ਕੋਈ ਆਕਰਸ਼ਣ। ਸੰਗੀਤ ਨੂੰ ਜਾਪਦਾ ਹੈ ਜਿਵੇਂ ਵਖ਼ਤ ਅਤੇ ਪ੍ਰਸਥਿਤੀਆਂ ਦੇ ਬਦਲਣ ਨਾਲ ਉਹਨਾ ਦੇ ਰਿਸ਼ਤੇ ਦੀ ਪਰਿਭਾਸ਼ਾ ਵੀ ਬਦਲ ਗਈ ਹੋਵੇ। ਪਤੀ ਦੀ ਮੌਤ ਤੋਂ ਬਾਅਦ ਇੱਕਲਤਾ ਅਤੇ ਉਦਾਸੀ ਦੇ ਆਲਮ ਵਿੱਚ ਘਿਰੀ ਅੰਮ੍ਰਿਤ ਜਦੋਂ ਸੰਗੀਤ ਨੂੰ ਆਪਣੇ ਨਾਲ ਨਿਊਜ਼ੀਲੈਂਡ ਰਹਿਣ ਦੀ ਪੇਸ਼ਕਸ ਕਰਦੀ ਹੈ ਤਾਂ ਸੰਗੀਤ ਆਪਣੀ ਖ਼ਾਮੋਸ਼ੀ ਨਾਲ ਉਸਨੂੰ ਠੁਕਰਾ ਦਿੰਦੀ ਹੈ। ਉਸਨੂੰ ਜਾਪਦਾ ਹੈ ਜਿਵੇਂ ਅੰਮ੍ਰਿਤ ਫਿਰ ਉਸਨੂੰ ਪਹਿਲਾਂ ਵਾਂਗ ਹੀ ਆਪਣੀ ਜਕੜ ਵਿੱਚ ਲੈ ਲਵੇਗੀ। ਇਸ ਪ੍ਰਕਾਰ ਇਸ ਕਹਾਣੀ ਵਿੱਚ ਨਿਰਮਲ ਜਸਵਾਲ ਦੋ ਸਹੇਲੀਆਂ ਦੇ ਸਮਲਿੰਗੀ ਸੰਬੰਧਾਂ ਨੂੰ ਜਵਾਨੀ ਦੇ ਆਕਰਸ਼ਨ ਵਿੱਚੋਂ ਪੈਦਾ ਹੋਏ ਭਾਵਾਤਮਕ ਅਤੇ ਸਰੀਰਕ ਸੰਬੰਧਾਂ ਵਜੋਂ ਰੂਪਮਾਨ ਕਰਦੀ ਹੈ। ਕਹਾਣੀਕਾਰ ਪਿੱਤਰਕੀ ਸੋਚ ਵਿੱਚੋਂ ਇਸ ਰਿਸ਼ਤੇ ਨੂੰ ਥੁੜਚਿਰੇ, ਅਸਥਿਰ ਅਤੇ ਫਿਸਲਣ ਵਾਲੇ ਸੰਬੰਧਾਂ ਵਜੋਂ ਚਿਤਰਦੀ ਹੈ। ਕਹਾਣੀ ਦਾ ਸਿਰਲੇਖ 'ਰੇਤ ਦਾ ਰਿਸ਼ਤਾ' ਵੀ ਕਹਾਣੀਕਾਰ ਦੇ ਅਵਚੇਤਨ ਵਿੱਚ ਲੈਸਬੀਅਨ ਸੰਬੰਧਾਂ ਨਾਲ ਜੁੜੀਆਂ ਪਿੱਤਰਕੀ ਧਾਰਨਾਵਾਂ ਵੱਲ ਹੀ ਇਸ਼ਾਰਾ ਕਰਦਾ ਹੈ। ਕਹਾਣੀ ਵਿੱਚ ਸਮੇਂ ਅਤੇ ਪ੍ਰਸਥਿਤੀਆਂ ਦੇ ਬਦਲਣ ਨਾਲ ਦੋਵਾਂ ਸਹੇਲੀਆਂ ਦਾ ਲੈਸਬੀਅਨ ਰਿਸ਼ਤਾ ਟੁੱਟ ਕੇ ਬੁਰੀ ਤਰ੍ਹਾਂ ਬਿਖਰ ਜਾਂਦਾ ਹੈ ਜੋ ਪਿੱਤਰਕੀ ਸਮਾਜਿਕ ਪ੍ਰਬੰਧ ਦੇ ਹੱਕ ਵਿਚ ਭੁਗਤਦਾ ਹੈ। ਪਿੱਤਰਸੱਤਾ ਇਹਨਾਂ ਸੰਬੰਧਾਂ ਨੂੰ ਆਪ੍ਰਾਕ੍ਰਿਤਕ, ਗ਼ੈਰ-ਸਮਾਜਿਕ ਅਤੇ ਅਸਥਿਰ ਸੰਬੰਧਾਂ ਵਜੋਂ ਦੇਖਦੀ ਹੈ ਅਤੇ ਕਹਾਣੀ ਦਾ ਅੰਤ ਵੀ ਇਹੋ ਪ੍ਰਭਾਵ ਛੱਡ ਜਾਂਦਾ ਹੈ।

'ਰੇਤਲਾ' ਕਹਾਣੀ ਵਿੱਚ ਕਹਾਣੀਕਾਰ ਨੇ ਇਕ ਪੂਰਨ ਮਰਦ ਪਾਤਰ ਦੇ ਹਿਜੜੇ ਨਾਲ ਸੰਬੰਧਾਂ ਨੂੰ ਦਿਖਾ ਕੇ ਉਹਨਾਂ ਦੀ ਮਾਨਸਿਕਤਾ ਨੂੰ ਪਕੜਨ ਦਾ ਯਤਨ ਕੀਤਾ ਹੈ। ਮੁੱਖ ਪਾਤਰ ਮਨਿੰਦਰ ਭਾਵੇਂ ਆਪਣੀ ਪਤਨੀ ਨਾਲ ਖੁਸ਼ਹਾਲ ਗ੍ਰਹਿਸਥ ਜੀਵਨ ਗੁਜ਼ਾਰ ਰਿਹਾ ਹੈ ਪ੍ਰੰਤੂ ਮਾਨਸਿਕ ਪੱਖੋਂ ਉਹ ਹਿਜੜਿਆਂ ਪ੍ਰਤੀ ਵਿਸ਼ੇਸ਼ ਖਿੱਚ ਮਹਿਸੂਸ ਕਰਦਾ ਹੈ। ਉਸ ਅੰਦਰ ਇਕ ਤੀਖਣ ਅਹਿਸਾਸ ਹੈ ਜੋ ਦੂਰੋਂ ਹੀ ਇਨ੍ਹਾਂ ਦੀ ਗੰਧ ਮਹਿਸੂਸ ਕਰ ਲੈਂਦਾ ਹੈ। ਮੁੱਖ ਪਾਤਰ ਮਨਿੰਦਰ ਅਨੁਸਾਰ :

> ਮੈਂ ਆਪਣੇ ਆਪ 'ਚ ਇਸ ਤਰ੍ਹਾਂ ਮਹਿਸੂਸ ਕਰਦਾ ਹਾਂ ਜਿਵੇਂ ਅਬਨਾਰਮਲ ਅਪੋਜਿਟ ਸੈਕਸ ਵੱਲ ਖਿੱਚਿਆ ਜਾਂਦਾ ਹੋਵਾਂ।[113]

ਆਪਣੀ ਇਸੇ ਪ੍ਰਵਿਰਤੀ ਕਾਰਨ ਹੀ ਉਹ ਦਿੱਲੀ ਤੋਂ ਚੰਡੀਗੜ੍ਹ ਆਉਣ ਵਾਲੀ ਬੱਸ ਵਿੱਚ ਆਪਣੇ ਨਾਲ ਵਾਲੀ ਸੀਟ ਤੇ ਬੈਠੀ ਮਿਸ ਸੀਮਾ ਵਰਮਾ ਜਿਹੜੀ ਕਿ ਅਸਲ ਵਿੱਚ ਹਿਜੜਾ ਹੈ, ਵੱਲ ਖਿੱਚਿਆ ਜਾਂਦਾ ਹੈ। ਸੀਮਾ ਦੇ ਕੁਝ ਘੰਟਿਆਂ ਦੇ ਸਾਥ ਵਿੱਚੋਂ ਉਸਨੂੰ ਉਹ ਮਾਨਸਿਕ ਸੁੱਖ ਮਿਲਦਾ ਹੈ ਜਿਹੜਾ ਕਿ ਔਰਤ-ਮਰਦ ਦੇ ਪ੍ਰਾਕ੍ਰਿਤਕ ਸੰਬੰਧਾਂ ਵਿੱਚੋਂ ਉਸਨੂੰ ਕਦੇ ਮਹਿਸੂਸ ਨਹੀਂ ਹੁੰਦਾ। ਸੀਮਾ ਦੇ ਜਿਸਮ ਦੀ ਗੰਧ ਨੇ ਉਸ ਅੰਦਰ ਅਜਿਹੀ ਹਲਚਲ ਪੈਦਾ ਕਰ ਦਿੱਤੀ ਕਿ ਉਹ ਸੀਮਾ ਦੀ ਇਕ ਛੋਹ ਹਾਸਲ ਕਰਨ ਲਈ ਉਤਾਵਲਾ ਹੋ ਜਾਂਦਾ ਹੈ :

> "ਕੀ ਮੈਂ ਤੈਨੂੰ ਛੂਹ ਸਕਦਾ ਹਾਂ" ਉਹ ਸੁੰਗੜ ਗਈ ਤੇ ਤਦੇ ਉਸ ਹੱਥ ਮਿਲਾਣ ਲਈ ਹੱਥ ਅਗਾਂਹ ਕਰ ਦਿੱਤੇ। ਮੈਂ ਉਸਦੀ ਤਲੀ ਨੂੰ ਅੱਖਾਂ ਨਾਲ ਲਾ ਲਿਆ। ਉਸ ਵਿੱਚ ਕੋਈ ਇੰਨਹੀਬੀਸ਼ਨ, ਕੋਈ ਬਨਾਉਟੀਪਨ ਨਹੀਂ ਸੀ। ਉਹ ਜਿਸ ਤਰ੍ਹਾਂ ਦੀ ਹੈ, ਉਸੇ ਤਰ੍ਹਾਂ ਸਾਹ ਲੈ ਰਹੀ ਹੈ।[114]

ਮੁੱਖ ਪਾਤਰ ਮਨਿੰਦਰ ਭਾਵੇਂ ਅਜਿਹੇ ਲੋਕਾਂ ਦੇ ਸਾਥ ਵਿੱਚੋਂ ਰੂਹ ਨੂੰ ਸਕੂਨ ਦੇਣ ਵਾਲਾ ਆਨੰਦ ਮਹਿਸੂਸ ਕਰਦਾ ਹੈ ਪਰ ਉਸਦੀ ਪਤਨੀ ਪਤੀ ਦੀ ਇਸ ਅਬਨਾਰਮਲਟੀ (ਪਰਵਰਟਿਡ ਵਿਹਾਰ) ਤੋਂ ਖਿੱਝਦੀ ਹੋਈ ਉਸਨੂੰ ਕਿਸੇ ਮਨੋਚਿਕਿਤਸਕ ਜਾਂ ਮਨੋਵਿਗਿਆਨਕ ਨੂੰ ਚੈਕ-ਅੱਪ ਕਰਾਉਣ ਦੀ ਸਲਾਹ ਦਿੰਦੀ ਹੈ। ਅਸਲ ਵਿੱਚ ਮਨਿੰਦਰ ਦੀ ਪਤਨੀ ਨਾ ਤਾਂ ਉਸ ਦੀਆਂ ਲੋੜਾਂ ਨੂੰ ਮਹਿਸੂਸ ਕਰ ਸਕਦੀ ਹੈ ਅਤੇ ਨਾ ਹੀ ਉਸਦੇ ਵੱਖਰੇਪਣ ਨੂੰ ਸਮਝ ਸਕਦੀ ਹੈ। ਉਹ ਪਰਜਿਨਸੀ ਸੰਬੰਧ (hetrosexual) ਨੂੰ ਹੀ ਸਮਾਜ ਦਾ ਆਧਾਰ ਪ੍ਰਵਾਨ ਕਰਦੀ ਹੈ। ਉਸਦੀ ਨਜ਼ਰ ਵਿੱਚ ਸਮਲਿੰਗੀ ਸੰਬੰਧਾਂ ਵਿੱਚ ਝੁਕਾਅ ਰੱਖਣ ਵਾਲੇ ਲੋਕ ਕੁਦਰਤ ਦੇ ਨਿਯਮਾਂ ਨਾਲ ਖਿਲਵਾੜ ਕਰਨ ਵਾਲੇ ਪਾਪ ਦੇ ਭਾਗੀਦਾਰ ਹਨ। ਆਪਣੀ ਇਸੇ ਦ੍ਰਿਸ਼ਟੀ ਕਾਰਨ ਉਹ ਆਪਣੇ ਪਤੀ ਸਾਹਮਣੇ ਲੈਸਬੀਅਨ ਸੰਬੰਧਾਂ ਦੀ ਵਿਰੋਧਤਾ ਕਰਦੀ :

> "ਅਧਰਮੀ ਨੇ ਉਹ ਸਾਰੀਆਂ, ਪਾਪ ਦੀਆਂ ਹਿੱਸੇਦਾਰ ਨੇ। ਮੈਨੂੰ ਸਮਝ ਨਹੀਂ ਆਉਂਦੀ, ਪ੍ਰਕ੍ਰਿਤੀ ਨੇ ਮੁਹੱਬਤ ਲਈ ਔਰਤ-ਮਰਦ ਨੂੰ ਇਕ ਦੂਜੇ ਲਈ ਬਣਾਇਆ ਹੋਇਆ, ਉਹ ਕਿਉਂ ਨਹੀਂ ਮਾਣਦੀਆਂ ਉਹ ਸਾਰੀਆਂ ਸ਼ੋਸ਼ਲ ਅਬਯੂਜ਼ਿਜ਼ ਕਰੀਏਟ ਕਰਦੀਆਂ ਨੇ।"[115]

ਦਰਅਸਲ ਮੁੱਖ ਪਾਤਰ ਮਨਿੰਦਰ ਦੀ ਪਤਨੀ ਉਸ ਮਜ਼ਬੂਤ ਧਾਰਮਿਕ ਸੰਸਕਾਰਾਂ ਵਾਲੀ ਭਾਰਤੀ ਸੰਸਕ੍ਰਿਤੀ ਦਾ ਹਿੱਸਾ ਹੈ ਜਿਹੜੀ ਹਮਜਿਨਸੀ ਸੰਬੰਧਾਂ (Homosexual relations) ਦੀ ਨਿਖੇਧੀ ਕਰਦੀ ਹੋਈ ਉਹਨਾਂ ਨੂੰ ਅਪ੍ਰਾਕ੍ਰਿਤਕ ਮੰਨਦੀ ਹੈ। ਇਹਨਾਂ ਲੋਕਾਂ ਨੂੰ ਬਿਮਾਰ ਮਾਨਸਿਕਤਾ ਵਾਲੇ ਮੰਨ ਕੇ ਇਕ ਦੂਰੀ ਬਣਾਈ ਜਾਂਦੀ ਹੈ। ਹਿੰਦੂ ਕਾਨੂੰਨਦਾਨ ਮਨੂੰ ਅਨੁਸਾਰ :

> ਜਿਹੜੀ ਕੰਨਿਆ ਦੂਸਰੀ ਕੰਨਿਆ ਦਾ ਸੱਤ ਭੰਗ ਕਰਦੀ ਹੈ, ਉਸ ਨੂੰ 200 ਪਨਾ ਜੁਰਮਾਨਾ ਕੀਤਾ ਜਾਵੇ ਅਤੇ ਦੱਸ ਕੋੜੇ ਲਗਾਏ ਜਾਣ।[116]

ਹੁਣ ਭਾਰਤ ਵਿੱਚ ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ ਭਾਵੇਂ ਇਹਨਾਂ ਲੋਕਾਂ ਦੇ ਆਪਸੀ ਸੰਬੰਧਾਂ ਨੂੰ ਅਪਰਾਧ ਨਾ ਮੰਨ ਕੇ ਕਾਨੂੰਨੀ ਮਾਨਤਾ ਪ੍ਰਾਪਤ ਹੋ ਚੁੱਕੀ ਹੈ ਪ੍ਰੰਤੂ ਕੱਟੜ ਰੂੜ੍ਹੀਵਾਦੀ ਧਾਰਨਾ ਦੇ ਲੋਕ ਅੱਜ ਵੀ ਇਹਨਾ ਸੰਬੰਧਾਂ ਨੂੰ ਸਮਾਜ-ਸਭਿਆਚਾਰਕ ਪੱਧਰ ਤੇ ਪ੍ਰਵਾਨਗੀ ਦੇਣ ਲਈ ਤਿਆਰ ਨਹੀਂ। ਕਹਾਣੀ ਵਿਚਲਾ ਪਾਤਰ ਮਨਿੰਦਰ ਭਾਰਤੀ ਸਮਾਜ ਵਿੱਚ ਐਲ.ਜੀ.ਬੀ.ਟੀ. ਸਮੁਦਾਇ ਦੇ ਲੋਕਾਂ ਪ੍ਰਤੀ ਸੰਕੁਚਿਤ ਅਤੇ ਸੰਕੀਰਣ ਨਜ਼ਰੀਏ ਤੋਂ ਦੁਖੀ ਹੋਇਆ ਅਜਿਹੇ ਲੋਕਤੰਤਰੀ ਮਾਹੌਲ ਵਾਲੇ ਦੇਸ਼ ਵਿੱਚ ਜਾ ਕੇ ਵੱਸਣਾ ਚਾਹੁੰਦਾ ਹੈ ਜਿੱਥੇ ਇਹ ਲੋਕਾਂ ਕਿਸੇ ਗੁਨਾਹ ਤੋਂ ਮੁਕਤ ਆਪਣੀ ਬੇਪ੍ਰਵਾਹ ਜ਼ਿੰਦਗੀ ਜਿਉਂਦੇ ਹਨ :

> ਜੇਕਰ ਮੈਂ ਅਮਰੀਕਾ ਜਾਂ ਇੰਗਲੈਂਡ ਹੁੰਦਾ ਤਾਂ ਮੈਂ ਵੀ ਇਨ੍ਹਾਂ ਲੋਕਾਂ ਦੇ ਸ਼ਹਿਰ ਵਿੱਚ ਹੀ ਰਹਿਣ ਲੱਗ ਪੈਂਦਾ...
>
> ਟੱਬਰ ਹੁੰਦੇ ਹੋਏ ਵੀ ਮੈਂ ਮਨ ਤੋਂ, ਸਰੀਰ ਤੋਂ, ਇੱਕਲਾ ਹੋ ਚੁੱਕਾ ਹਾਂ।[117]

ਇਸ ਪ੍ਰਕਾਰ ਇਸ ਕਹਾਣੀ ਵਿੱਚ ਕਹਾਣੀਕਾਰ ਮਨਿੰਦਰ ਪਾਤਰ ਰਾਹੀਂ ਸਮਲਿੰਗੀ ਬਾਈਸੈਕਸੁਅਲ ਸੰਬੰਧਾਂ ਨੂੰ ਵਿਚਾਰਦੀ ਹੋਈ ਪੰਜਾਬੀ ਕਹਾਣੀ ਵਿਚਲੇ ਅਣਛੋਹੇ ਅਤੇ ਅਣਗੌਲੇ ਵਿਸ਼ਿਆਂ ਨੂੰ ਛੂੰਹਦੀ ਹੈ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਸਮਲਿੰਗਕਤਾ ਦੇ ਵਿਸ਼ੇ ਨੂੰ ਆਧਾਰ ਬਣਾ ਕੇ ਲਿਖੀਆਂ ਇਹਨਾਂ ਕਹਾਣੀਆਂ ਵਿੱਚ ਨਿਰਮਲ ਜਸਵਾਲ ਅਜਿਹੇ ਸੰਬੰਧਾਂ ਨੂੰ ਜਿੱਥੇ ਨਿਰੋਲ ਜਵਾਨੀ ਦੇ ਆਕਰਸ਼ਨ ਅਤੇ ਉਲਾਰੂ ਕਾਮੁਕ ਪ੍ਰਵਿਰਤੀ ਵਿੱਚੋਂ ਬਣੇ ਸੰਬੰਧਾਂ ਵਜੋਂ ਉਭਾਰਦੀ ਹੈ, ਉੱਥੇ ਅਜਿਹੇ ਰਿਸ਼ਤਿਆਂ ਨੂੰ ਅਪ੍ਰਾਕ੍ਰਿਤਕ, ਗ਼ੈਰ-ਸਭਿਆਚਾਰਕ, ਅਸਥਿਰ ਅਤੇ ਅਨਿਸ਼ਚਿਤ ਪ੍ਰਾਕ੍ਰਿਤੀ ਵਾਲੇ ਸੰਬੰਧਾਂ ਵਜੋਂ ਪੇਸ਼ ਕਰਦੀ ਹੋਈ ਅਚੇਤ ਹੀ

ਪ੍ਰਚਲਿਤ ਪਿੱਤਰਕੀ ਧਾਰਣਾਵਾਂ ਨੂੰ ਹੀ ਪੱਕਿਆਂ ਕਰਦੀ ਨਜ਼ਰ ਆਉਂਦੀ ਹੈ। ਪਿੱਤਰਸੱਤਾ ਅਜਿਹੇ ਸੰਬੰਧਾਂ ਨੂੰ ਸਮਾਜਿਕ ਅਤੇ ਧਾਰਮਿਕ ਪੱਖੋਂ ਗ਼ੈਰ-ਕੁਦਰਤੀ, ਨਿਰਆਧਾਰ ਅਤੇ ਅਪ੍ਰਮਾਣਿਕ ਸੰਬੰਧਾਂ ਵਜੋਂ ਦੇਖਦੀ ਹੋਈ ਕੇਵਲ ਔਰਤ-ਮਰਦ ਸੰਬੰਧਾਂ ਨੂੰ ਹੀ ਪ੍ਰਾਕ੍ਰਿਤਕ ਅਤੇ ਸਮਾਜਿਕ ਪੱਖ ਤੋਂ ਪ੍ਰਵਾਨਿਤ ਅਤੇ ਸਵੀਕਾਰਤ ਮੰਨਦੀ ਹੈ। ਲੈਸਬੀਅਨ ਨਾਰੀਵਾਦੀ ਚਿੰਤਨ ਇਸ ਪ੍ਰਸੰਗ ਵਿੱਚ ਨਾ ਕੇਵਲ ਪ੍ਰਚਲਿਤ ਪਿੱਤਰਕੀ ਧਾਰਨਾਵਾਂ ਅਤੇ ਮਿੱਥਕ ਪ੍ਰਵਚਨਾਂ ’ਤੇ ਪ੍ਰਸ਼ਨ ਚਿੰਨ੍ਹ ਲਾਉਂਦਾ ਹੈ ਬਲਕਿ ਲੈਸਬੀਅਨ ਜਾਂ ਸਮਲਿੰਗੀ ਸੰਬੰਧਾਂ ਨੂੰ ਪ੍ਰਾਕ੍ਰਿਤਕ, ਵਧੇਰੇ ਪ੍ਰਮਾਣਿਕ ਅਤੇ ਸੁਖਾਵੇਂ ਸੰਬੰਧ ਮੰਨਦਾ ਹੋਇਆ ਸਮਾਜ-ਸਭਿਆਚਾਰਕ ਪੱਧਰ ਤੇ ਅਜਿਹੇ ਰਿਸ਼ਤਿਆਂ ਨੂੰ ਪ੍ਰਵਾਨਗੀ ਦੇਣ ’ਤੇ ਜ਼ੋਰ ਦਿੰਦਾ ਹੈ। ਨਾਰੀਵਾਦੀ ਦ੍ਰਿਸ਼ਟੀਕੋਣ ਤੋਂ ਨਿਰਮਲ ਜਸਵਾਲ ਦੀਆਂ ਸਮਲਿੰਗੀ ਸੰਬੰਧਾਂ ਨੂੰ ਪੇਸ਼ ਕਰਦੀਆਂ ਉਪਰੋਕਤ ਕਹਾਣੀਆਂ ਭਾਵੇਂ ਪਿੱਤਰਕੀ ਪ੍ਰਬੰਧ ਦੇ ਹੱਕ ਵਿੱਚ ਭੁਗਤਦੀਆਂ ਦਿਖਾਈ ਦਿੰਦੀਆਂ ਹਨ ਪ੍ਰੰਤੂ ਕਹਾਣੀਕਾਰ ਵਜੋਂ ਨਿਰਮਲ ਜਸਵਾਲ ਦੀ ਖਾਸੀਅਤ ਇਹ ਹੈ ਕਿ ਪੰਜਾਬੀ ਕਹਾਣੀ ਵਿੱਚ ਅਜਿਹੇ ਅਣਛੋਹੇ ਅਤੇ ਅਣਗੋਲੇ ਵਿਸ਼ੇ ਨੂੰ ਪੇਸ਼ ਕਰਦੀ ਹੋਈ ਉਹ ਹੋਰਨਾਂ ਕਹਾਣੀਕਾਰਾਂ ਨਾਲੋਂ ਆਪਣੀ ਵੱਖਰੀ ਪਛਾਣ ਵੀ ਸਥਾਪਿਤ ਕਰਦੀ ਹੈ।

ਉਪਰੋਕਤ ਕਹਾਣੀਆਂ ਦਾ ਅਧਿਐਨ ਕਰਨ ਉਪਰੰਤ ਅਸੀਂ ਕਹਿ ਸਕਦੇ ਹਾਂ ਕਿ ਨਿਰਮਲ ਜਸਵਾਲ ਅਤੇ ਰਸ਼ਪਿੰਦਰ ਰਸ਼ਿਮ ਦੀਆਂ ਕਹਾਣੀਆਂ ਮੱਧਵਰਗੀ ਸ਼ਹਿਰੀ ਔਰਤ, ਨਿਮਨ ਮੱਧਵਰਗੀ ਸ਼ਹਿਰੀ ਔਰਤ ਅਤੇ ਮਹਾਂਨਗਰੀ ਔਰਤ ਦੀ ਸਥਿਤੀ ’ਤੇ ਫੋਕਸ ਕਰਦੀਆਂ ਹੋਈਆਂ ਘਰ, ਪਰਿਵਾਰ ਅਤੇ ਵਿਆਹ ਜਿਹੀਆਂ ਪਿੱਤਰਸੱਤਾਤਮਕ ਸੰਸਥਾਵਾਂ ਵਿੱਚ ਨਾਰੀ ਦੇ ਬਹੁਪਰਤੀ ਸ਼ੋਸ਼ਣ ਨੂੰ ਵਿਭਿੰਨ ਪਹਿਲੂਆਂ ਤੋਂ ਪੇਸ਼ ਕਰਦੀਆਂ ਹਨ। ਨਿਰਮਲ ਜਸਵਾਲ ਵਰ-ਘਰ ਦੀ ਸਮੱਸਿਆ, ਭਰੂਣ ਹੱਤਿਆ, ਦੂਜੀ ਪਤਨੀ (ਸੌਂਕਣ) ਵਜੋਂ ਔਰਤ ਦੀ ਸਮਾਜ-ਸਭਿਆਚਾਰਕ ਸਥਿਤੀ ਅਤੇ ਪਛਾਣ ਦਾ ਸੰਕਟ, ਔਰਤ ਦੀਆਂ ਕਾਮੁਕ ਅਕਾਂਖਿਆਵਾਂ ਦੀ ਤ੍ਰਿਪਤੀ/ਅਤ੍ਰਿਪਤੀ, ਔਰਤ ਦੇ ਲਿੰਗਕ ਸ਼ੋਸ਼ਣ ਆਦਿ ਨਾਰੀ ਨਾਲ ਜੁੜੇ ਮਸਲਿਆਂ ਨੂੰ ਔਰਤ-ਮਰਦ ਦੇ ਜਟਿਲ ਸੰਬੰਧਾਂ ਰਾਹੀਂ ਪ੍ਰਗਟ ਕਰਦੀ ਹੈ। ਨਿਰਮਲ ਜਸਵਾਲ ਜ਼ਿਆਦਾਤਰ ਕਹਾਣੀਆਂ ਵਿੱਚ ਰੈਡੀਕਲ ਨਾਰੀਵਾਦੀ ਦ੍ਰਿਸ਼ਟੀਕੋਣ ਨੂੰ ਅਪਣਾਉਂਦੀ ਹੋਈ ਪ੍ਰੰਪਰਾਗਤ ਵਿਆਹ ਪ੍ਰਬੰਧ ਅਧੀਨ ਪਤਨੀ ਰੂਪ ਵਿੱਚ ਔਰਤ ਦੇ ਸ਼ੋਸ਼ਣ ਲਈ ਮਰਦ ਪਤੀ ਨੂੰ ਜ਼ਿੰਮੇਵਾਰ ਠਹਿਰਾ ਕੇ ਉਸਨੂੰ ਵਿਰੋਧੀ ਧਿਰ ਵਜੋਂ ਪੇਸ਼ ਕਰਦੀ ਹੈ ਜਦੋਂਕਿ ਸਮਕਾਲੀ ਨਾਰੀਵਾਦੀ ਚਿੰਤਨ ਔਰਤ ਦੀ ਦੁਜੈਲੀ ਸਥਿਤੀ ਅਤੇ ਸ਼ੋਸ਼ਣ ਲਈ ਪਿੱਤਰਸੱਤਾਤਮਕ ਢਾਂਚੇ ਨੂੰ ਜ਼ਿੰਮੇਵਾਰ ਮੰਨਦਾ ਹੈ, ਜਿਸਦਾ ਸ਼ਿਕਾਰ ਮਰਦ ਵੀ ਬਣਦਾ ਹੈ। ਕਹਾਣੀਕਾਰ ਪਤਨੀ ਦੇ ਲਿੰਗਕ ਸ਼ੋਸ਼ਣ ਦਾ ਮਸਲਾ ਉਠਾਉਂਦੀ ਹੋਈ ਪ੍ਰਚਲਿਤ ਵਿਆਹ ਪ੍ਰਥਾ ਹੇਠ ਕਾਰਜਸ਼ੀਲ ਪਿੱਤਰਕੀ ਸਿਆਸਤ ਨੂੰ ਨੰਗਾ ਕਰਦੀ ਹੈ ਜਿਹੜੀ ਗ੍ਰਹਿਸਥ ਸੰਬੰਧਾਂ ਦਾ ਸਭਿਆਚਾਰਕ ਤਰਕ ਉਸਾਰਦੀ ਹੋਈ ਪਤੀ ਨੂੰ ਪਤਨੀ ਦੀ ਦੇਹ ਉੱਪਰ

ਮਾਲਕੀ ਦਾ ਅਧਿਕਾਰ ਦਿੰਦੀ ਹੈ ਜਿਸਦੇ ਫਲਸਰੂਪ ਪਤੀ ਲਈ ਪਤਨੀ ਕੇਵਲ ਕਾਮ ਭੋਗ ਦਾ ਸਾਧਨ ਬਣ ਕੇ ਰਹਿ ਜਾਂਦੀ ਹੈ। ਦੂਜੇ ਪਾਸੇ ਪਤਨੀ ਵੀ ਪਿੱਤਰਕੀ ਪ੍ਰਵਚਨਾਂ ਦੀ ਸ਼ਿਕਾਰ ਹੋ ਕੇ ਪਤੀ ਹੱਥੋਂ ਜਿਸਮਾਨੀ ਸ਼ੋਸ਼ਣ ਦਾ ਸ਼ਿਕਾਰ ਹੁੰਦੀ ਹੋਈ ਨਿਰੰਤਰ ਮਾਨਸਿਕ ਸੰਤਾਪ ਹੰਢਾਉਂਦੀ ਹੈ। ਇਸ ਦ੍ਰਿਸ਼ਟੀਕੋਣ ਤੋਂ ਉਸ ਦੀਆਂ ਕਹਾਣੀਆਂ ਵਿਚਲੀਆਂ ਕੁਝ ਨਾਰੀ ਪਾਤਰਾਂ ਜਿੱਥੇ ਮਰਦ ਦੀ ਔਰਤ ਨੂੰ ਸਿਰਫ਼ ਦੇਹ ਤੱਕ ਘਟਾ ਕੇ ਦੇਖਣ ਵਾਲੀ ਪਿੱਤਰਕੀ ਸੋਚ ਨੂੰ ਚੁਣੌਤੀ ਦਿੰਦੀਆਂ ਹਨ, ਉੱਥੇ ਕੁਝ ਨਾਰੀ ਪਾਤਰਾਂ ਮਰਦ ਦੀ ਔਰਤ ਪ੍ਰਤੀ ਅਜਿਹੀ ਸੰਕੁਚਿਤ ਸੋਚ ਨੂੰ ਪ੍ਰਸ਼ਨ ਚਿੰਨ ਕਰਨ ਦੀ ਬਜਾਇ ਸਵੈ-ਤਰਸ ਦੀਆਂ ਸ਼ਿਕਾਰ ਹੋ ਕੇ ਇਕੱਲਤਾ, ਬੇਚੈਨੀ, ਬੇਗਾਨਗੀ ਅਤੇ ਭਟਕਣਾ ਕਾਰਨ ਮਾਨਸਿਕ ਤਣਾਓ ਵਿੱਚ ਘਿਰ ਜਾਂਦੀਆਂ ਹਨ। ਕਈ ਕਹਾਣੀਆਂ ਵਿਚਲੀਆਂ ਔਰਤ ਪਾਤਰ ਪੜ੍ਹੀਆਂ-ਲਿਖੀਆਂ, ਆਰਥਿਕ ਤੌਰ ’ਤੇ ਸਵੈ-ਨਿਰਭਰ ਅਤੇ ਆਪਣੇ ਨਾਰੀ ਅਧਿਕਾਰਾਂ ਅਤੇ ਹੱਕਾਂ ਪ੍ਰਤੀ ਚੇਤੰਨ ਹੋਣ ਦੇ ਬਾਵਜੂਦ ਪਿੱਤਰਸੱਤਾ ਅਤੇ ਮਰਦਸੱਤਾ ਸਾਹਮਣੇ ਝੁਕਣ ਲਈ ਮਜ਼ਬੂਰ ਹੁੰਦੀਆਂ ਦਿਖਾਈ ਦਿੰਦੀਆਂ ਹਨ।

ਨਿਰਮਲ ਜਸਵਾਲ ਦੀਆਂ ਅਧਿਕਤਰ ਕਹਾਣੀਆਂ ਵਿੱਚ ਨਾਰੀ ਪਾਤਰਾਂ ਦਾ ਜੋ ਰੂਪ ਦ੍ਰਿਸ਼ਟੀਗੋਚਰ ਹੁੰਦਾ ਹੈ ਉਹ ਪਿੱਤਰਸੱਤਾ ਦੁਆਰਾ ਸਥਾਪਿਤ ਆਦਰਸ਼ ਭਾਰਤੀ ਔਰਤ ਦੇ ਬਿੰਬ ਨੂੰ ਵਿਸਥਾਪਤ ਕਰਦਾ ਹੈ। ਪਿੱਤਰਸੱਤਾ ਜਿਹੜੀ ਔਰਤ ਨੂੰ ਇਕ ਨਿਸ਼ਚਿਤ ਦਾਇਰਿਆਂ ਵਿੱਚ ਜਿਊਣ ਲਈ ਪਾਬੰਦ ਕਰਦੀ ਹੈ, ਉਹਨਾਂ ਦਾਇਰਿਆਂ ਅਤੇ ਸੀਮਾਵਾਂ ਦੀਆਂ ਧੱਜੀਆਂ ਉਡਾਉਂਦੀਆਂ ਹੋਈਆਂ ਉਸ ਦੀਆਂ ਨਾਰੀ ਪਾਤਰਾਂ ਆਪਣੇ ਜਿਊਣ ਦੇ ਪੈਮਾਨੇ ਖ਼ੁਦ ਨਿਰਧਾਰਿਤ ਕਰਦੀਆਂ ਦਿਖਾਈ ਦਿੰਦੀਆਂ ਹਨ। ਵਿਸ਼ਵ ਪੱਧਰ ਤੇ ਵਿਕਸਤ ਹੋਈ ਨਾਰੀ ਚੇਤਨਤਾ ਨਾਲ ਜੁੜਦੀਆਂ ਹੋਈਆਂ ਇਹ ਔਰਤ ਪਾਤਰਾਂ ਘਰ, ਪਰਿਵਾਰ ਅਤੇ ਵਿਆਹ ਜਿਹੀਆਂ ਪਿੱਤਰਸੱਤਾਤਮਕ ਸੰਸਥਾਵਾਂ ਨੂੰ ਦਮਨਸ਼ੀਲ ਸ਼ਕਤੀ ਪ੍ਰਬੰਧਾਂ ਵਜੋਂ ਦੇਖਦੀਆਂ ਹੋਈਆਂ ਆਪਣੀ ਵਿਅਕਤੀਗਤ ਹੋਂਦ, ਨਿੱਜੀ ਆਜ਼ਾਦੀ ਅਤੇ ਸਵੈ-ਪਛਾਣ ਦੀ ਸਥਾਪਤੀ ਨਾਲ ਜੁੜਦੀਆਂ ਹਨ। ਇਹਨਾਂ ਦੀ ਨਜ਼ਰ ਵਿੱਚ ਔਰਤ ਪਿੱਤਰਕੀ ਮੁੱਲਾਂ, ਰਿਵਾਜਾਂ ਅਤੇ ਪਰੰਪਰਾ ਨੂੰ ਨਿਭਾਉਂਦਿਆਂ ਹੋਇਆਂ ਖ਼ਤਮ ਹੋ ਰਹੀ ਹੈ। ਇਸ ਲਈ ਉਹ ਪਿੱਤਰਸੱਤਾ ਦੁਆਰਾ ਸਥਾਪਿਤ ਨੈਤਿਕ ਮੁੱਲਾਂ ਅਤੇ ਸਮਾਜ-ਸਭਿਆਚਾਰਕ ਵਰਜਣਾਵਾਂ ਨੂੰ ਤੋੜਨ ਦੀ ਜ਼ੁਰੱਅਤ ਕਰਦੀਆਂ ਹਨ। ਸ਼ਹਿਰੀ, ਮਹਾਂਨਗਰੀ ਸਭਿਆਚਾਰ ਵਿੱਚ ਵਿਚਰਦੀਆਂ ਇਹ ਪਾਤਰਾਂ ਸਥਾਪਿਤ ਰਿਸ਼ਤਿਆਂ ਨਾਲ ਚੁੱਪ-ਚਾਪ ਸਮਝੌਤਾ ਨਹੀਂ ਕਰਦੀਆਂ ਬਲਕਿ ਆਪਣੇ ਨਾਲ ਹੁੰਦੇ ਅਮਾਨਵੀ ਵਿਹਾਰ ਪ੍ਰਤੀ ਵਿਦਰੋਹ ਵੀ ਕਰਦੀਆਂ ਹਨ। ਨਿਰਮਲ ਜਸਵਾਲ ਨਿਰੋਲ ਨਾਰੀ ਦ੍ਰਿਸ਼ਟੀਕੋਣ ਤੋਂ ਔਰਤ ਦੀ ਕਾਮੁਕਤਾ ਨਾਲ ਸੰਬੰਧਿਤ ਮਸਲਿਆਂ ਨੂੰ ਬੜੀ ਬੇਬਾਕੀ ਨਾਲ ਉਠਾਉਂਦੀ ਹੈ। ਉਸ ਦੀਆਂ ਕਹਾਣੀਆਂ ਔਰਤ ਦੀਆਂ ਕਾਮੁਕ ਅਤ੍ਰਿਪਤੀਆਂ, ਅਧੂਰੀਆਂ ਕਾਮ

ਅਕਾਂਖਿਆਵਾਂ ਅਤੇ ਉਹਨਾਂ ਅਣਕਹੇ ਜਜ਼ਬਾਤਾਂ ਨੂੰ ਰੂਪਮਾਨ ਕਰਦੀਆਂ ਹਨ ਜੋ ਪਿੱਤਰਕੀ ਸਮਾਜਿਕ ਪ੍ਰਬੰਧ ਵਿੱਚ ਪ੍ਰਗਟਾਵੇ ਪੱਖੋਂ ਵਰਜਿਤ ਸਮਝੇ ਜਾਂਦੇ ਹਨ। ਉਸ ਦੁਆਰਾ ਸਿਰਜਤ ਬੋਲਡ ਨਾਰੀ ਪਾਤਰ ਆਪਣੀਆਂ ਅਤ੍ਰਿਪਤ ਕਾਮੁਕ ਲੋੜਾਂ ਦੀ ਤ੍ਰਿਪਤੀ ਕਰਨਾ ਆਪਣਾ ਮਾਨਵੀ ਹੱਕ ਸਮਝਦੀਆਂ ਹਨ। ਇਹ ਔਰਤ ਪਾਤਰਾਂ ਆਪਣੀ ਕਾਮ ਸੰਤੁਸ਼ਟੀ ਅਤੇ ਕਾਮ ਤ੍ਰਿਪਤੀ ਲਈ ਪਤੀ ਪ੍ਰਮੇਸ਼ਵਰ ਦੀ ਪਿੱਤਰੀ ਧਾਰਣਾ ਨੂੰ ਤੋੜਦੀਆਂ ਹੋਈਆਂ ਵਿਆਹ ਬਾਹਰੇ ਸੰਬੰਧ ਸਥਾਪਿਤ ਕਰਨ ਤੋਂ ਗੁਰੇਜ਼ ਨਹੀਂ ਕਰਦੀਆਂ। ਪਤਨੀ ਅਤੇ ਪ੍ਰੇਮਿਕਾ ਦੇ ਰੂਪ ਵਿੱਚ ਪੇਸ਼ ਇਹ ਬੋਲਡ ਪਾਤਰਾਂ ਅਜਿਹੇ ਮਰਦ ਨਾਲ ਜੁੜਨ ਤੋਂ ਇਨਕਾਰੀ ਹਨ ਜਿਹੜਾ ਉਹਨਾਂ ਨੂੰ ਕੇਵਲ ਕਾਮ ਭੋਗ ਦੀ ਵਸਤ ਤੱਕ ਘਟਾ ਕੇ ਦੇਖਦਾ ਹੈ। ਇਹਨਾਂ ਦੀ ਸਮੱਸਿਆ ਅਜਿਹੇ ਮਰਦ ਦੀ ਤਲਾਸ਼ ਹੈ ਜਿਹੜਾ ਉਹਨਾਂ ਨਾਲ ਬਰਾਬਰ ਦੇ ਧਰਾਤਲ 'ਤੇ ਵਿਚਰਦਾ ਹੋਇਆ ਉਹਨਾਂ ਨੂੰ ਭਰਪੂਰ ਰੂਪ ਵਿੱਚ ਕਾਮ ਸੁੱਖ ਦੇਵੇ। ਨਿਰਮਲ ਜਸਵਾਲ ਉਪਭੋਗੀ ਸਭਿਆਚਾਰ ਦੇ ਫਲਸਰੂਪ ਮਹਾਂਨਗਰੀ ਸਮਾਜ ਵਿਚਲੇ ਔਰਤ-ਮਰਦ ਸੰਬੰਧਾਂ ਦੇ ਬਦਲ ਰਹੇ ਸਰੂਪ ਨੂੰ ਆਲੋਚਨਾਤਮਕ ਦ੍ਰਿਸ਼ਟੀਕੋਣ ਤੋਂ ਪੇਸ਼ ਕਰਦੀ ਹੈ। ਉਹ ਖਪਤ ਸਭਿਆਚਾਰ ਵਿਚ ਖਚਿਤ ਔਰਤ-ਮਰਦ ਦੇ ਜਟਿਲ ਸੰਬੰਧਾਂ 'ਤੇ ਫੋਕਸ ਕਰਦੀ ਹੈ ਜਿਹਨਾਂ ਦੀ ਸਮੁੱਚੀ ਚੇਤਨਾ ਅਖੌਤੀ ਨਿੱਜੀ ਆਜ਼ਾਦੀ, ਨਿੱਜੀ ਖੁੱਲ੍ਹ ਤੇ ਆਨੰਦ ਅਤੇ ਨਿੱਜੀ ਖ਼ੁਸ਼ੀਆਂ ਤੱਕ ਸਿਮਟ ਚੁੱਕੀ ਹੈ। ਇਸ ਵਰਤਾਰੇ ਕਾਰਨ ਉਸ ਦੀਆਂ ਕਹਾਣੀਆਂ ਵਿਚਲੇ ਪਾਤਰ ਭੋਗਵਾਦੀ ਰੁਚੀਆਂ ਦੀ ਪੂਰਤੀ ਲਈ ਪਤੀ-ਪਤਨੀ ਰਿਸ਼ਤੇ ਵਿਚਲੇ ਨੈਤਿਕ, ਸਦਾਚਾਰਕ ਮੁੱਲਾਂ ਨੂੰ ਤੋੜਦੇ ਹੋਏ ਮਨਇੱਛਿਤ ਰਿਸ਼ਤੇ ਸਿਰਜਦੇ ਹਨ। ਕਹਾਣੀਕਾਰ ਮਹਾਂਨਗਰੀ ਔਰਤ ਦੀ ਉਸ ਬਦਲ ਰਹੀ ਮਨੋਸੰਵੇਦਨਾ ਨੂੰ ਉਜਾਗਰ ਕਰਦੀ ਹੈ ਜਿਹੜੀ ਘਰ, ਪਰਿਵਾਰ ਅਤੇ ਵਿਆਹ ਜਿਹੀਆਂ ਸਮਾਜਿਕ ਇਕਾਈਆਂ ਤੋਂ ਦੂਰੀ ਬਣਾਉਂਦੀ ਹੋਈ ਆਪਣੀ ਜ਼ਿੰਦਗੀ ਨੂੰ ਆਪਣੇ ਢੰਗ ਨਾਲ ਜਿਊਣਾ ਚਾਹੁੰਦੀ ਹੈ। ਉਪਭੋਗੀ ਪ੍ਰਵਿਰਤੀ ਕਾਰਨ ਇਹ ਔਰਤ ਪਾਤਰਾਂ ਬਿਨਾਂ ਕਿਸੇ ਬੰਧਨਾਂ ਅਤੇ ਰਿਸ਼ਤੇ ਦੇ ਮਰਦ ਨੂੰ ਉਸੇ ਤਰ੍ਹਾਂ ਭੋਗਦੀਆਂ ਹਨ ਜਿਵੇਂ ਮਰਦ ਔਰਤ ਨੂੰ ਭੋਗਦਾ ਹੈ। ਨਿਰਮਲ ਜਸਵਾਲ ਆਪਣੀ ਕਹਾਣੀ ਵਿੱਚ ਭਾਵੇਂ ਨਾਰੀ ਅਸਤਿਤਵ ਨਾਲ ਜੁੜੇ ਅਨੇਕਪੱਖੀ ਮਸਲਿਆਂ ਨੂੰ ਪੇਸ਼ ਕਰਦੀ ਹੋਈ ਨਾਰੀ ਅੰਦਰਲੀਆਂ ਅਦਿੱਖ ਭਾਵਨਾਵਾਂ, ਖ਼ਾਹਿਸ਼ਾਂ ਨੂੰ ਰੂਪਮਾਨ ਕਰਦੀ ਹੈ ਪ੍ਰੰਤੂ ਇਸਦੇ ਬਾਵਜੂਦ ਉਸਦੀ ਕਥਾ ਰਚਨਾ ਦੀ ਇਹ ਸੀਮਾ ਹੈ ਕਿ ਉਹ ਆਪਣੀਆਂ ਕਈ ਕਹਾਣੀਆਂ ਵਿੱਚ ਔਰਤ ਦੀ ਗੌਣ ਸਥਿਤੀ ਜਾਂ ਉਸ ਦੇ ਸ਼ੋਸ਼ਣ ਲਈ ਮਰਦ ਨੂੰ ਦੋਸ਼ੀ ਠਹਿਰਾਉਂਦੀ ਹੋਈ ਮਰਦ ਪ੍ਰਤੀ ਪੱਖਪਾਤੀ ਨਜ਼ਰੀਏ ਦੀ ਸ਼ਿਕਾਰ ਹੋ ਜਾਂਦੀ ਹੈ ਜਦੋਂਕਿ ਨਾਰੀ ਦੀ ਦੁਜੈਲੀ ਸਥਿਤੀ ਲਈ ਜ਼ਿੰਮੇਵਾਰ ਪਿੱਤਰਸੱਤਾ ਹੈ ਜਿਹੜੀ ਮਰਦ ਦੀ ਮਾਨਸਿਕ ਘਾੜਤ ਦੌਰਾਨ ਉਸਦਾ ਪਿੱਤਰੀਕਰਨ ਕਰ ਦਿੰਦੀ ਹੈ। ਨਿਰਮਲ ਜਸਵਾਲ ਦੀ ਕਹਾਣੀਕਾਰ ਵਜੋਂ ਇਹ ਖਾਸੀਅਤ ਹੈ ਕਿ ਉਹ ਆਪਣੀ ਕਹਾਣੀ ਵਿਚ

ਸਮਲਿੰਗਕਤਾ ਜਿਹੇ ਅਣਗੌਲੇ ਅਤੇ ਅਣਛੋਹੇ ਵਿਸ਼ੇ ਨੂੰ ਲੈ ਕੇ ਇਕ ਨਿਵੇਕਲਾ ਰਚਨਾਤਮਕ ਤਜ਼ਰਬਾ ਕਰਦੀ ਹੋਈ ਹੋਰਨਾਂ ਪੰਜਾਬੀ ਕਹਾਣੀਕਾਰਾਂ ਨਾਲੋਂ ਆਪਣੀ ਵੱਖਰੀ ਪਛਾਣ ਸਥਾਪਿਤ ਕਰਦੀ ਹੈ।

ਰਸ਼ਪਿੰਦਰ ਰਸ਼ਿਮ ਆਪਣੀਆਂ ਕਹਾਣੀਆਂ ਵਿੱਚ ਦਾਜ ਦੀ ਸਮੱਸਿਆ, ਅਣਜੋੜ ਵਿਆਹ ਦੀ ਸਮੱਸਿਆ, ਛੋਟੀਆਂ ਬੱਚੀਆਂ ਦੇ ਜਿਨਸੀ ਸ਼ੋਸ਼ਣ ਦਾ ਮਸਲਾ, ਔਰਤ ਦੀ ਅਸਤਿਤਵੀ ਆਜ਼ਾਦੀ ਅਤੇ ਸਵੈ-ਪਛਾਣ ਦਾ ਸੰਕਟ, ਪਤੀ-ਪਤਨੀ ਸੰਬੰਧਾਂ ਵਿਚਲਾ ਅਸੰਤੁਲਨ, ਉਪਭੋਗੀ ਸਭਿਆਚਾਰ ਦੇ ਸਿੱਟੇ ਵਜੋਂ ਔਰਤ-ਮਰਦ ਸੰਬੰਧਾਂ ਦੀਆਂ ਬਦਲ ਰਹੀਆਂ ਸਮੀਕਰਣਾਂ ਅਤੇ ਰਿਸ਼ਤਿਆਂ ਵਿੱਚ ਪੈਦਾ ਹੋ ਰਹੇ ਤਣਾਉ ਆਦਿ ਨਾਰੀ ਸਰੋਕਾਰਾਂ ਨੂੰ ਪਿੱਤਰਕੀ ਸਮਾਜ-ਸਭਿਆਚਾਰਕ ਪ੍ਰਬੰਧ ਵਿੱਚ ਰੱਖ ਕੇ ਪੇਸ਼ ਕਰਦੀ ਹੈ। ਨਾਰੀਵਾਦੀ ਦ੍ਰਿਸ਼ਟੀਕੋਣ ਤੋਂ ਦੇਖਿਆ ਉਸ ਦੀਆਂ ਕਹਾਣੀਆਂ ਪਿੱਤਰਸੱਤਾਤਮਕ ਢਾਂਚੇ ’ਤੇ ਕਟਾਖ਼ਸ਼ ਕਰਦੀਆਂ ਹਨ ਜਿਹੜਾ ਮਰਦ ਦੇ ਹੱਕ ਵਿੱਚ ਭੁਗਤਦਾ ਹੋਇਆ ਔਰਤ ਨੂੰ ਦੁਜੈਲੇ ਪੱਧਰ ਤੇ ਰਹਿਣ ਲਈ ਮਜ਼ਬੂਰ ਕਰਦਾ ਹੈ। ਰਸ਼ਿਮ ਦੀਆਂ ਕਹਾਣੀਆਂ ਵਿੱਚ ਜਿੱਥੇ ਪ੍ਰੰਪਰਕ ਪਿੱਤਰਕੀ ਸੰਸਕਾਰਾਂ ਨੂੰ ਪ੍ਰਣਾਈ ਆਦਰਸ਼ ਭਾਰਤੀ ਨਾਰੀ ਦਾ ਬਿੰਬ ਉੱਭਰ ਕੇ ਸਾਹਮਣੇ ਆਉਂਦਾ ਹੈ, ਉੱਥੇ ਪੜ੍ਹੀ-ਲਿਖੀ, ਆਰਥਿਕ ਤੌਰ ’ਤੇ ਸਵੈ-ਨਿਰਭਰ ਅਤੇ ਨਾਰੀ ਹੱਕਾਂ ਅਤੇ ਅਧਿਕਾਰਾਂ ਪ੍ਰਤੀ ਚੇਤੰਨ ਨਾਰੀ ਦਾ ਰੂਪ ਵੀ ਪ੍ਰਗਟ ਹੋਇਆ ਹੈ। ਜੋ ਨਾਰੀ ਪਾਤਰਾਂ ਪ੍ਰੰਪਰਾਗਤ ਪਿੱਤਰਕੀ ਮੁੱਲਾਂ ਨੂੰ ਪ੍ਰਣਾਈਆਂ ਹੋਈਆਂ ਹਨ, ਉਹ ਇਸ ਹੱਦ ਤੱਕ ਪਿੱਤਰਸੱਤਾ ਦੀਆਂ ਗ਼ੁਲਾਮ ਹਨ ਕਿ ਆਪਣੇ ਨਾਲ ਹੁੰਦੇ ਅਮਾਨਵੀ ਵਿਵਹਾਰ ਨੂੰ ਜਾਣਦਿਆਂ ਹੋਇਆਂ ਵੀ ਸਭ ਕੁਝ ਚੁੱਪ-ਚਾਪ ਬਰਦਾਸ਼ਤ ਕਰਨਾ ਆਪਣਾ ਨਾਰੀ ਧਰਮ ਸਮਝਦੀਆਂ ਹਨ। ਪਿੱਤਰਸੱਤਾਤਮਕ ਸਮਾਜਿਕ ਚੌਖਟੇ ਵਿੱਚ ਢਲੀਆਂ ਇਹ ਨਾਰੀ ਪਾਤਰਾਂ ਘਰ, ਪਰਿਵਾਰ, ਵਿਆਹ ਅਤੇ ਪਤੀ ਨੂੰ ਆਪਣੀ ਹੋਂਦ ਅਤੇ ਅਸਤਿਤਵੀ ਪਛਾਣ ਦਾ ਆਧਾਰ ਮੰਨਦੀਆਂ ਹੋਈਆਂ ਇਹਨਾਂ ਨਾਲ ਜੁੜੀ ਆਪਣੀ ਪਛਾਣ ਨੂੰ ਹਰ ਹੀਲੇ ਬਰਕਰਾਰ ਰੱਖਣ ਲਈ ਸਮਝੌਤਾਵਾਦੀ ਰੁਖ ਅਖ਼ਤਿਆਰ ਕਰ ਲੈਂਦੀਆਂ ਹਨ। ਦਰਅਸਲ ਕਹਾਣੀਕਾਰ ਰਸ਼ਪਿੰਦਰ ਰਸ਼ਿਮ ਇਹਨਾਂ ਨਾਰੀ ਪਾਤਰਾਂ ਦੀ ਸਿਰਜਣਾ ਰਾਹੀਂ ਸਾਡੇ ਸਾਹਮਣੇ ਪਿੱਤਰਕੀ ਸਮਾਜਿਕ ਪ੍ਰਬੰਧ ਦੇ ਉਸ ਜਟਿਲ ਵਰਤਾਰੇ ਨੂੰ ਸਾਹਮਣੇ ਲਿਆਉਂਦੀ ਹੈ ਜਿਸ ਵਿੱਚ ਨਾਰੀ ਦੀ ਮਾਨਸਿਕ ਘਾੜਤ ਹੀ ਇਸ ਪ੍ਰਕਾਰ ਕੀਤੀ ਜਾਂਦੀ ਹੈ ਕਿ ਉਹ ਪਿੱਤਰਸੱਤਾਤਮਕ ਸਮਾਜਿਕ ਢਾਂਚੇ ਨਾਲ ਟੱਕਰ ਲੈਣ ਦੀ ਬਜਾਇ ਪ੍ਰੰਪਰਕ ਮਰਿਆਦਾਵਾਂ ਨੂੰ ਕਬੂਲਦੀ ਹੋਈ ਸਾਰੀ ਉਮਰ ਸਰੀਰਕ, ਮਾਨਸਿਕ ਸੰਤਾਪ ਹੰਢਾਉਂਦੀ ਰਹਿੰਦੀ ਹੈ। ਉਹਨਾਂ ਦੀ ਜ਼ਿੰਦਗੀ ਦਾ ਸਾਰਾ ਸੰਘਰਸ਼ ਆਦਰਸ਼ ਮਾਂ, ਪਤਨੀ, ਧੀ ਬਣਨ ਦੀ ਪ੍ਰਕ੍ਰਿਆ ਤੱਕ ਹੀ ਸੀਮਤ ਹੋ ਕੇ ਰਹਿ ਜਾਂਦਾ ਹੈ। ਪਤੀ ਅਤੇ ਸਮਾਜ ਦੀਆਂ ਨਜ਼ਰਾਂ ਵਿੱਚ ਪ੍ਰਵਾਨਿਤ ਹੋਣ ਲਈ ਕਈ ਵਾਰ ਉਹ ਆਪਣੀ ਹੋਂਦ ਸਿਫ਼ਰ ਤੱਕ ਘਟਾ ਲੈਂਦੀਆਂ ਹਨ। ਇਹ ਨਾਰੀ ਪਾਤਰਾਂ ਆਪਣੀ ਦੱਬੂ, ਸਹਿੰਦੜ, ਸਮਰਪਿਤ ਅਤੇ

ਸਮਝੌਤਾਵਾਦੀ ਪਿੱਤਰਕੀ ਮਾਨਸਿਕਤਾ ਕਾਰਨ ਨਾਰੀ ਮੁਕਤੀ ਲਈ ਕਿਸੇ ਆਦਰਸ਼ ਜਾਂ ਸਿਧਾਂਤ ਨੂੰ ਜਨਮ ਨਹੀਂ ਦਿੰਦੀਆਂ ਬਲਕਿ ਪਿੱਤਰਸੱਤਾ ਅਤੇ ਮਰਦਸੱਤਾ ਵੱਲੋਂ ਸਥਾਪਿਤ ਧਾਰਨਾਵਾਂ ਨੂੰ ਹੀ ਪੱਕਿਆਂ ਕਰਦੀਆਂ ਦਿਖਾਈ ਦਿੰਦੀਆਂ ਹਨ। ਪ੍ਰੰਤੂ ਇਸਦੇ ਨਾਲ ਹੀ ਰਸ਼ਪਿੰਦਰ ਰਸ਼ਿਮ ਦੀਆਂ ਕਹਾਣੀਆਂ ਵਿੱਚ ਅਜਿਹੀਆਂ ਨਾਰੀ ਪਾਤਰਾਂ ਵੀ ਪੇਸ਼ ਹੋਈਆਂ ਹਨ ਜਿਹੜੀਆਂ ਆਪਣੇ ਸਵੈ ਪ੍ਰਤੀ ਚੇਤੰਨ ਹਨ। ਇਹ ਨਾਰੀ ਪਾਤਰਾਂ ਆਪਣੇ ਆਤਮ-ਸਨਮਾਨ ਅਤੇ ਆਜ਼ਾਦੀ ਲਈ ਪਿੱਤਰਸੱਤਾ ਅਤੇ ਮਰਦਸੱਤਾ ਨੂੰ ਚੁਣੌਤੀ ਦਿੰਦੀਆਂ ਹਨ। ਉਹ ਪਿੱਤਰਸੱਤਾ ਦੁਆਰਾ ਸਥਾਪਿਤ ਧਾਰਣਾਵਾਂ ਨੂੰ ਤੋੜਦੀਆਂ ਹੋਈਆਂ ਆਪਣੀ ਅਸਤਿਤਵੀ ਹੋਂਦ ਅਤੇ ਸਵੈ ਪਛਾਣ ਦੀ ਸਥਾਪਤੀ ਲਈ ਆਪਣੇ ਜਿਊਣ ਦਾ ਵੱਖਰਾ ਰਾਹ ਸਿਰਜਣ ਵੱਲ ਤੁਰਦੀਆਂ ਹਨ ਪ੍ਰੰਤੂ ਸਥਿਤੀ ਦਾ ਦੁਖਾਂਤ ਇਹ ਹੈ ਕਿ ਪਿੱਤਰਸੱਤਾਤਮਕ ਸਮਾਜਿਕ ਪ੍ਰਬੰਧ ਦੇ ਇਸ ਵਿਰਾਟ ਪਾਸਾਰੇ ਦੇ ਅੰਤਰਗਤ ਉਹਨਾਂ ਕੋਲ ਅਜਿਹੀ ਕੋਈ ਸਪੇਸ ਨਹੀਂ, ਜਿੱਥੇ ਉਹ ਆਪਣੇ ਅਨੰਤ ਅਸਤਿਤਵ ਦਾ ਪਾਸਾਰ ਕਰ ਸਕਣ। ਰਸ਼ਪਿੰਦਰ ਰਸ਼ਿਮ ਪ੍ਰਾਕ੍ਰਿਤਕ ਇੱਛਾਵਾਂ ਅਤੇ ਸੰਸਕ੍ਰਿਤਕ ਮਰਿਆਦਾਵਾਂ ਦੇ ਦਵੰਦ ਵਿੱਚ ਘਿਰੀ ਔਰਤ ਦੀ ਮਨੋਸਥਿਤੀ ਨੂੰ ਰੂਪਮਾਨ ਕਰਦੀ ਹੈ। ਉਸ ਦੀਆਂ ਕਹਾਣੀਆਂ ਵਿਚਲੀਆਂ ਕੁਝ ਨਾਰੀ ਪਾਤਰਾਂ ਆਪਣੀਆਂ ਕਾਮੁਕ ਅਕਾਂਖਿਆਵਾਂ ਦੀ ਤ੍ਰਿਪਤੀ ਲਈ ਸਭਿਆਚਾਰਕ ਵਰਜਣਾਵਾਂ ਨੂੰ ਤੋੜਨ ਦੀ ਜ਼ੁਰੱਅਤ ਤਾਂ ਕਰਦੀਆਂ ਹਨ ਪ੍ਰੰਤੂ ਇਸਦੇ ਫਲਸਰੂਪ ਆਤਮ ਗੁਨਾਹ ਦੀ ਭਾਵਨਾ ਵਿੱਚ ਗ੍ਰਸੀਆਂ ਜਾਂਦੀਆਂ ਹਨ। ਜਦੋਂਕਿ ਨਿਰਮਲ ਜਸਵਾਲ ਦੀਆਂ ਬੋਲਡ ਨਾਰੀ ਪਾਤਰਾਂ ਜਿੱਥੇ ਆਪਣੀਆਂ ਅਤ੍ਰਿਪਤ ਕਾਮ ਇੱਛਾਵਾਂ ਦੀ ਪੂਰਤੀ ਲਈ ਪਿੱਤਰਕੀ ਸਮਾਜ-ਸਭਿਆਚਾਰਕ ਵਰਜਣਾਵਾਂ ਨੂੰ ਤੋੜ ਕੇ ਵਿਆਹ ਬਾਹਰੇ ਜਾਂ ਬਿਨਾਂ ਵਿਆਹ ਦੇ ਇਕ ਤੋਂ ਇਕ ਬਾਅਦ ਮਰਦ ਨਾਲ ਜਿਨਸੀ ਸੰਬੰਧ ਸਥਾਪਿਤ ਕਰਦੀਆਂ ਹੋਈਆਂ ਕਿਸੇ ਕਿਸਮ ਦੇ ਆਤਮ ਗੁਨਾਹ ਜਾਂ ਆਤਮ ਹੀਣ ਭਾਵਨਾ ਤੋਂ ਨਿਰਲੇਪ ਰਹਿੰਦੀਆਂ ਹਨ। ਪਿੱਤਰਸੱਤਾ ਦੁਆਰਾ ਨਿਰਧਾਰਿਤ ਔਰਤ ਦੇਹ ਦੀ ਸੁੱਚਤਾ ਦੇ ਸੰਕਲਪ ਪ੍ਰਤੀ ਜਿੰਨੇ ਰਸ਼ਪਿੰਦਰ ਰਸ਼ਿਮ ਦੇ ਨਾਰੀ ਪਾਤਰ ਸੁਚੇਤ ਹਨ, ਉਨੇ ਨਿਰਮਲ ਜਸਵਾਲ ਦੇ ਨਹੀਂ। ਰਸ਼ਪਿੰਦਰ ਰਸ਼ਿਮ ਆਪਣੀਆਂ ਕਹਾਣੀਆਂ ਵਿੱਚ ਛੋਟੀਆਂ ਬੱਚੀਆਂ ਦੇ ਜਿਨਸੀ ਸ਼ੋਸ਼ਣ ਦੇ ਮਸਲੇ ਨੂੰ ਉਠਾਉਂਦੀ ਹੋਈ ਪਿੱਤਰਸੱਤਾਤਮਕ ਸਮਾਜਿਕ ਪ੍ਰਬੰਧ ਦੇ ਉਹਨਾਂ ਦੋਹਰੇ ਮਾਪਦੰਡਾਂ ’ਤੇ ਕਟਾਖ਼ਸ਼ ਕਰਦੀ ਹੈ ਜਿਹੜੇ ਨਾਰੀ ਉੱਪਰ ਦੇਹ ਸੁੱਚਤਾ ਨੂੰ ਬਰਕਰਾਰ ਰੱਖਣ ਲਈ ਉਸ ’ਤੇ ਨੈਤਿਕ ਦਬਾਅ ਬਣਾਈ ਰੱਖਦੇ ਹਨ ਲੇਕਿਨ ਦੂਜੇ ਪਾਸੇ ਬਲਾਤਕਾਰ ਜਿਹੇ ਘਿਨਾਉਣੇ ਕਾਰਜ ਰਾਹੀਂ ਔਰਤ ਦੀ ਦੇਹ ਸੁੱਚਤਾ ਨੂੰ ਭੰਗ ਕਰਨ ਵਾਲੇ ਮਰਦ ਲਈ ਕਿਸੇ ਕਠੋਰ ਮਾਪਦੰਡ ਦੀ ਵਿਵਸਥਾ ਨਹੀਂ ਕਰਦੇ। ਸਥਿਤੀ ਦੀ ਵਿਡੰਬਨਾ ਇਹ ਹੈ ਕਿ ਪਿੱਤਰਸੱਤਾ ਅਤੇ ਧਰਮਸੱਤਾ ਔਰਤ ਨਾਲ ਹੋਏ ਇਸ ਅਮਾਨਵੀ ਵਿਵਹਾਰ ਲਈ ਸਜ਼ਾ ਦਾ ਭਾਗੀਦਾਰ ਵੀ ਔਰਤ ਨੂੰ ਗਰਦਾਨਦੇ ਹੋਏ ਸਮਾਜ-ਸਭਿਆਚਾਰਕ ਪੱਖ ਤੋਂ ਉਸਨੂੰ ਹਾਸ਼ੀਏ ਤੇ ਰਹਿਣ ਲਈ ਮਜ਼ਬੂਰ ਕਰ

ਦਿੰਦੇ ਹਨ। ਰਸ਼ਿਮ ਦੀ ਰਚਨਾਤਮਕਤਾ ਦਾ ਖਾਸ ਪਹਿਲੂ ਇਹ ਹੈ ਕਿ ਉਹ ਆਪਣੀਆਂ ਕਹਾਣੀਆਂ ਰਾਹੀਂ ਲਿੰਗ ਆਧਾਰ ਤੇ ਨਾਰੀ ਨਾਲ ਹੁੰਦੇ ਵਿਤਕਰੇ ਤੇ ਵੱਖਰਤਾ ਭਰੇ ਵਿਵਹਾਰ ਨੂੰ ਆਪਣੇ ਵਿਸ਼ੇਸ਼ ਨਾਰੀ ਦ੍ਰਿਸ਼ਟੀਕੋਣ ਤੋਂ ਉਜਾਗਰ ਕਰਦੀ ਹੈ। ਉਸ ਦੀਆਂ ਕਹਾਣੀਆਂ ਵਿੱਚ ਅਜਿਹੀਆਂ ਪ੍ਰੰਪਰਕ ਨਾਰੀ ਪਾਤਰਾਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ ਜਿਹੜੀਆਂ ਔਰਤ ਪ੍ਰਤੀ ਪਿੱਤਰਕੀ ਦੇ ਨਾਂਹਮੁਖੀ ਡਿਸਕੋਰਸ ਦੀਆਂ ਸ਼ਿਕਾਰ ਹੋ ਕੇ ਆਪਣੀ ਹੀ ਧਿਰ ਦੇ ਖ਼ਿਲਾਫ਼ ਭੁਗਤਦੀਆਂ ਹੋਈਆਂ ਪਿੱਤਰਕੀ ਸਮਾਜਿਕ ਪ੍ਰੰਪਰਾਵਾਂ ਅਤੇ ਧਾਰਣਾਵਾਂ ਨੂੰ ਪੱਕਿਆਂ ਕਰਨ ਦਾ ਜ਼ਰੀਆ ਬਣਦੀਆਂ ਹਨ। ਨਵ-ਪੂੰਜੀਵਾਦੀ ਦੌਰ ਵਿੱਚ ਉਪਭੋਗਤਾਵਾਦੀ ਪ੍ਰਵਿਰਤੀ ਅਤੇ ਮੰਡੀਕਰਨ ਦੀਆਂ ਨੀਤੀਆਂ ਦੇ ਫਲਸਰੂਪ ਔਰਤ ਜਿਸ ਕਿਸਮ ਦੇ ਸਰੀਰਕ, ਮਾਨਸਿਕ ਸੰਤਾਪ ਨੂੰ ਹੰਢਾ ਰਹੀ ਹੈ ਉਸਨੂੰ ਵੀ ਰਸ਼ਪਿੰਦਰ ਰਸ਼ਿਮ ਆਪਣੀਆਂ ਕਹਾਣੀਆਂ ਵਿੱਚ ਬੜੀ ਸੰਵੇਦਨਸ਼ੀਲਤਾ ਨਾਲ ਪੇਸ਼ ਕਰਦੀ ਹੈ।

0-0-0

## ਹਵਾਲੇ ਤੇ ਟਿੱਪਣੀਆਂ


1. ਪ੍ਰੇਮ ਪ੍ਰਕਾਸ਼, ਇਕ ਚੁੱਪ ਜਿਹੀ ਕੁੜੀ, ਮੁੱਖਬੰਦ
2. ਸਤਿੰਦਰ ਸਿੰਘ ਨੂਰ, ਇਕ ਚੁੱਪ ਜਿਹੀ ਕੁੜੀ, ਜਿਲਦ 'ਤੇ
3. ਰਘਬੀਰ ਸਿੰਘ ਸਿਰਜਣਾ, ਉੱਧੜੀ ਹੋਈ ਗੁੱਡੀ, ਜਿਲਦ 'ਤੇ
4. ਵਨੀਤਾ, ਛਲੇਡਾ, ਜਿਲਦ 'ਤੇ
5. ਡਾ. ਹਰਚੰਦ ਸਿੰਘ ਬੇਦੀ, ਔਰਤਾਂ ਦੀਆਂ ਕਹਾਣੀਆਂ, ਹਿੰਦ-ਪਾਕਿ ਪੰਜਾਬੀ ਕਹਾਣੀ, (ਭਾਗ ਦੂਜਾ) ਪੰਨਾ 104 ਤੋਂ ਉੱਧਰਿਤ
6. ਰਸ਼ਪਿੰਦਰ ਰਸ਼ਿਮ, ਛਲੇਡਾ, ਪੰਨਾ 37
7. https://www.womensweb.in/hi/2019/07/kamla.bhasin-patriarchy-feminism Acessed 23 February 2019
8. ਰਸ਼ਪਿੰਦਰ ਰਸ਼ਿਮ, ਛਲੇਡਾ, ਪੰਨਾ 39
9. ਰਾਕੇਸ਼ ਕੁਮਾਰ, ਨਾਰੀਵਾਦੀ ਵਿਮਰਸ਼, ਪੰਨਾ 28
10. ਰਸ਼ਪਿੰਦਰ ਰਸ਼ਿਮ, ਅੰਜੀਰ ਦਾ ਰੁੱਖ, ਪੰਨਾ 25
11. ਡਾ. ਹਰਚੰਦ ਸਿੰਘ ਬੇਦੀ, ਔਰਤਾਂ ਦੀਆਂ ਕਹਾਣੀਆਂ, ਹਿੰਦ-ਪਾਕਿ ਪੰਜਾਬੀ ਕਹਾਣੀ (ਭਾਗ ਦੂਜਾ), ਪੰਨਾ 100
12. ਰਸ਼ਪਿੰਦਰ ਰਸ਼ਿਮ, ਅੰਜੀਰ ਦਾ ਰੁੱਖ, ਪੰਨਾ 21
13. ਨਿਰਮਲ ਜਸਵਾਲ, ਮੱਛੀਆਂ ਕੱਚ ਦੀਆਂ, ਪੰਨਾ 50
14. ਸੀਮੋਨ-ਦ-ਬੋਵਾਰ, ਇਸਤਰੀ ਉਪੇਖਸ਼ਿਤਾ, (ਅਨੁ. ਪ੍ਰਭਾ ਖੇਤਾਨ), ਪੰਨਾ 194
15. ਉਹੀ, ਪੰਨਾ 194
16. ਨਿਰਮਲ ਜਸਵਾਲ, ਮੱਛੀਆਂ ਕੱਚ ਦੀਆਂ, ਪੰਨਾ 51
17. ਉਹੀ, ਪੰਨਾ 57
18. ਉਹੀ, ਪੰਨਾ 70
19. ਡਾ. ਵਨੀਤਾ, ਨਾਰੀਵਾਦ ਅਤੇ ਸਾਹਿਤ, ਪੰਨਾ 11
20. ਨਿਰਮਲ ਜਸਵਾਲ, ਅੰਗਾਰ, ਪੰਨਾ 51
21. ਉਹੀ, ਪੰਨਾ 51

22. ਉਹੀ, ਪੰਨੇ 52-53

23. ਨਿਰਮਲ ਜਸਵਾਲ, ਇਕ ਚੁੱਪ ਜਿਹੀ ਕੁੜੀ, ਪੰਨਾ 59

24. ਉਹੀ, ਪੰਨਾ 62

25. ਉਹੀ, ਪੰਨਾ 64

26. ਕਮਲਾ ਭਸੀਨ, "ਪਿੱਤਰਸੱਤਾ ਦੀਆਂ ਜੜ੍ਹਾਂ ਕਿੰਨੀਆਂ ਕੁ ਡੂੰਘੀਆਂ?", (ਅਨੁ. ਮਨਪ੍ਰੀਤ ਮਹਿਨਾਜ਼), ਪੰਜਾਬੀ ਟ੍ਰਿਬਿਊਨ, 22 ਅਕਤੂਬਰ 2018

27. ਗੁਰਬਚਨ, ਫ਼ਿਲਹਾਲ, ਅੰਕ 12, ਪੰਨਾ 48

28. ਨਿਰਮਲ ਜਸਵਾਲ, ਇਕ ਚੁੱਪ ਜਿਹੀ ਕੁੜੀ, ਪੰਨਾ 70

29. ਰਸ਼ਪਿੰਦਰ ਰਸ਼ਿਮ, ਉੱਧੜੀ ਹੋਈ ਗੁੱਡੀ, ਪੰਨਾ 91

30. ਤਸਕੀਨ, ਬਦਲਦੇ ਸਮਾਜਿਕ ਪ੍ਰਸੰਗ ਤੇ ਪੰਜਾਬੀ ਕਵਿਤਾ 'ਚ ਨਾਰੀ, ਪੰਜਾਬੀ ਲੇਖਕ, ਪੰਨਾ 19

31. ਰਸ਼ਪਿੰਦਰ ਰਸ਼ਿਮ, ਉੱਧੜੀ ਹੋਈ ਗੁੱਡੀ, ਪੰਨਾ 91

32. ਉਹੀ, ਪੰਨੇ 91-92

33. ਨਿਰਮਲ ਜਸਵਾਲ, ਅੰਗਾਰ, ਪੰਨਾ 86

34. ਉਹੀ, ਪੰਨਾ 86

35. ਉਹੀ, ਪੰਨਾ 87

36. ਉਹੀ, ਪੰਨਾ 87

37. ਰਸ਼ਪਿੰਦਰ ਰਸ਼ਿਮ, ਅੰਜੀਰ ਦਾ ਰੁੱਖ, ਪੰਨਾ 73

38. ਨਿਰਮਲ ਜਸਵਾਲ, ਮੱਛੀਆਂ ਕੱਚ ਦੀਆਂ, ਪੰਨਾ 82

39. ਉਹੀ, ਪੰਨਾ 85

40. ਉਹੀ, ਪੰਨਾ 78

41. ਉਹੀ, ਪੰਨਾ 78

42. ਰਸ਼ਪਿੰਦਰ ਰਸ਼ਿਮ, ਉੱਧੜੀ ਹੋਈ ਗੁੱਡੀ, ਪੰਨਾ 75

43. ਉਹੀ, ਪੰਨਾ 74

44. ਉਹੀ, ਪੰਨਾ 82

45. ਉਹੀ, ਪੰਨਾ 99

46. ਤਸਲੀਮਾ ਨਸਰੀਨ, ਔਰਤ ਦੇ ਹੱਕ ਵਿੱਚ, (ਅਨੁ. ਡਾ. ਚਰਨਜੀਤ ਕੌਰ), ਪੰਨਾ 17

47. ਰਸ਼ਪਿੰਦਰ ਰਸ਼ਿਮ, ਉੱਧੜੀ ਹੋਈ ਗੁੱਡੀ, ਪੰਨਾ 98

48. ਡਾ. ਚਰਨਜੀਤ ਕੌਰ ਬਰਾੜ, "ਰਸ਼ਪਿੰਦਰ ਰਸ਼ਿਮ ਦੇ ਕਥਾ-ਜਗਤ ਦਾ ਨਾਰੀ ਦ੍ਰਿਸ਼ਟੀ ਤੋਂ ਅਧਿਐਨ", ਪੰਜਾਬੀ ਕਹਾਣੀ ਪ੍ਰਾਪਤੀਆਂ ਤੇ ਸੰਭਾਵਨਾਵਾਂ, ਦੂਜੀ ਵਿਸ਼ਵ ਪੰਜਾਬੀ ਸਾਹਿਤ ਕਾਨਫਰੰਸ 5-7 ਦਸੰਬਰ, 2012, ਪੰਜਾਬੀ ਸਾਹਿਤ ਅਧਿਐਨ ਵਿਭਾਗ, ਪੰਨਾ 322

49. ਰਸ਼ਪਿੰਦਰ ਰਸ਼ਿਮ, ਉੱਧੜੀ ਹੋਈ ਗੁੱਡੀ, ਪੰਨੇ 9-10

50. ਉਹੀ, ਪੰਨਾ 10

51. ਉਹੀ, ਪੰਨਾ 13

52. ਉਹੀ, ਪੰਨਾ 18

53. ਉਹੀ, ਪੰਨੇ 13-14

54. ਸੀਮੋਨ-ਦ-ਬੋਵਾਰ, ਇਸਤਰੀ ਉਪੇਖਸ਼ਿਤਾ, (ਅਨੁ. ਪ੍ਰਭਾ ਖੇਤਾਨ), ਪੰਨਾ 21

55. ਰਸ਼ਪਿੰਦਰ ਰਸ਼ਿਮ, ਉੱਧੜੀ ਹੋਈ ਗੁੱਡੀ, ਪੰਨਾ 141

56. ਸੀਮੋਨ-ਦ-ਬੋਵਾਰ, ਇਸਤਰੀ ਉਪੇਖਸ਼ਿਤਾ, (ਅਨੁ. ਪ੍ਰਭਾ ਖੇਤਾਨ), ਪੰਨਾ 133

57. ਰਸ਼ਪਿੰਦਰ ਰਸ਼ਿਮ. ਉੱਧੜੀ ਹੋਈ ਗੁੱਡੀ, ਪੰਨੇ 22-23

58. ਨਿਰਮਲ ਜਸਵਾਲ, ਅੰਗਾਰ, ਪੰਨਾ 100

59. ਉਹੀ, ਪੰਨੇ 100-101

60. ਉਹੀ, ਪੰਨਾ 48

61. ਨਿਰਮਲ ਜਸਵਾਲ, ਮੱਛੀਆਂ ਕੱਚ ਦੀਆਂ, ਪੰਨੇ 105-106

62. ਉਹੀ, ਪੰਨਾ 101

63. ਕਮਲਾ ਭਸੀਨ, "ਪਿੱਤਰਸੱਤਾ ਦੀਆਂ ਜੜ੍ਹਾਂ ਕਿੰਨੀਆਂ ਕੁ ਡੂੰਘੀਆਂ?", (ਅਨੁ. ਮਨਪ੍ਰੀਤ ਮਹਿਨਾਜ਼), ਪੰਜਾਬੀ ਟ੍ਰਿਬਿਊਨ, 22 ਅਕਤੂਬਰ 2018

64. ਨਿਰਮਲ ਜਸਵਾਲ, ਮੱਛੀਆਂ ਕੱਚ ਦੀਆਂ, ਪੰਨਾ 106

65. ਬੇਅੰਤ ਕੌਰ, ਨਾਰੀਵਾਦੀ ਚਿੰਤਨ: ਪਰਿਪੇਖ ਤੇ ਵਿਹਾਰ, ਪੰਨਾ 16 ਤੋਂ ਉੱਧਰਿਤ

66. ਨਿਰਮਲ ਜਸਵਾਲ, ਮੱਛੀਆਂ ਕੱਚ ਦੀਆਂ, ਪੰਨਾ 107

67. ਅਭੈ ਕੁਮਾਰ ਦੂਬੈ, ''ਪਿੱਤਰਸੱਤਾ ਦੇ ਨਵੇਂ ਰੂਪ'', ਪਿੱਤਰਸੱਤਾ ਦੇ ਨਵੇਂ ਰੂਪ ਇਸਤਰੀ ਅਤੇ ਭੂਮੰਡਲੀਕਰਨ, (ਸੰਪਾ. ਰਾਜਿੰਦਰ ਯਾਦਵ, ਪ੍ਰਭਾ ਖੇਤਾਨ, ਅਭੈ ਕੁਮਾਰ ਦੂਬੇ), ਪੰਨਾ 63
68. ਰਸ਼ਪਿੰਦਰ ਰਸ਼ਿਮ, ਛਲੇਡਾ, ਪੰਨਾ 32
69. ਰਾਕੇਸ਼ ਕੁਮਾਰ, ਨਾਰੀਵਾਦੀ ਵਿਮਰਸ਼, ਪੰਨਾ 153
70. ਰਸ਼ਪਿੰਦਰ ਰਸ਼ਿਮ, ਛਲੇਡਾ, ਪੰਨੇ 11-12
71. ਉਹੀ, ਪੰਨਾ 15
72. ਉਹੀ, ਪੰਨਾ 16
73. ਰਸ਼ਪਿੰਦਰ ਰਸ਼ਿਮ, ਉੱਧੜੀ ਹੋਈ ਗੁੱਡੀ, ਪੰਨਾ 54
74. ਉਹੀ, ਪੰਨੇ 54-55
75. ਉਹੀ, ਪੰਨਾ 58
76. ਨਿਰਮਲ ਜਸਵਾਲ, ਅੰਗਾਰ, ਪੰਨੇ 22-24
77. ਉਹੀ, ਪੰਨਾ 24
78. ਰਮਣੀਕਾ ਗੁਪਤਾ, ''ਇਸਤਰੀ ਅਤੇ ਨੈਤਿਕਤਾ'', ਨਾਗਪਾਸ਼ ਵਿੱਚ ਇਸਤਰੀ, (ਸੰਪਾ. ਗੀਤਾ ਸ਼੍ਰੀ), ਪੰਨੇ 79-80
79. ਰਸ਼ਪਿੰਦਰ ਰਸ਼ਿਮ, ਉੱਧੜੀ ਹੋਈ ਗੁੱਡੀ, ਪੰਨਾ 124
80. ਮਨੂੰਸਮ੍ਰਿਤੀ, (ਅਨੁ. ਪੰਡਿਤ ਗਿਰਿਜਾਪ੍ਰਸਾਦ ਦਿਵੇਦੀ), ਪੰਨੇ 185-186
81. ਰਸ਼ਪਿੰਦਰ ਰਸ਼ਿਮ, ਉੱਧੜੀ ਹੋਈ ਗੁੱਡੀ, ਪੰਨਾ 124
82. ਰਸ਼ਪਿੰਦਰ ਰਸ਼ਿਮ, ਛਲੇਡਾ, ਪੰਨੇ 52-53
83. ਉਹੀ, ਪੰਨਾ 59
84. ਤਸਲੀਮਾ ਨਸਰੀਨ, ਔਰਤ ਦੇ ਹੱਕ ਵਿੱਚ, (ਅਨੁ. ਚਰਨਜੀਤ ਕੌਰ), ਪੰਨਾ 25
85. ਡਾ. ਨਰਿੰਦਰ ਸਿੰਘ ਕਪੂਰ, ਮਨੋਵਿਗਿਆਨਕ ਅਧਿਐਨ ਵਿਧੀਆਂ, (ਸੰਪਾ. ਰਤਨ ਸਿੰਘ ਜੱਗੀ), ਪੰਨਾ 101
86. ਨਿਰਮਲ ਜਸਵਾਲ, ਇਕ ਚੁੱਪ ਜਿਹੀ ਕੁੜੀ, ਪੰਨਾ 78
87. ਸੀਮੋਨ-ਦ-ਬੋਵਾਰ, ਇਸਤਰੀ ਉਪੇਖਸ਼ਿਤਾ, (ਅਨੁ. ਪ੍ਰਭਾ ਖੇਤਾਨ), ਪੰਨਾ 172
88. ਨਿਰਮਲ ਜਸਵਾਲ, ਇਕ ਚੁੱਪ ਜਿਹੀ ਕੁੜੀ, ਪੰਨਾ 86

89. ਉਹੀ, ਪੰਨਾ 86

90. ਪ੍ਰੇਮ ਪ੍ਰਕਾਸ਼, ਇਕ ਚੁੱਪ ਜਿਹੀ ਕੁੜੀ, ਮੁੱਖਬੰਦ

91. ਨਿਰਮਲ ਜਸਵਾਲ, ਇਕ ਚੁੱਪ ਜਿਹੀ ਕੁੜੀ, ਪੰਨਾ 23

92. ਉਹੀ, ਪੰਨਾ 24

93. ਉਹੀ, ਪੰਨਾ 39

94. ਉਹੀ, ਪੰਨਾ 42

95. ਉਹੀ, ਪੰਨਾ 43

96. ਡਾ. ਨਿਰਮਲ ਜਸਵਾਲ ਰਾਣਾ, ਨਜ਼ਾਕਤਾਂ, ਪੰਨਾ 33

97. ਨਿਰਮਲ ਜਸਵਾਲ, ਇਕ ਚੁੱਪ ਜਿਹੀ ਕੁੜੀ, ਪੰਨੇ 56-58

98. ਉਹੀ, ਪੰਨੇ 75-76

99. ਉਹੀ, ਪੰਨਾ 77

100. ਸਵਰਨ ਚੰਦਨ, ਬਰਤਾਨਵੀਂ ਪੰਜਾਬੀ ਜਨ-ਜੀਵਨ ਅਤੇ ਸਾਹਿਤ, ਪੰਨਾ 111

101. ਨਿਰਮਲ ਜਸਵਾਲ, ਮੱਛੀਆਂ ਕੱਚ ਦੀਆਂ, ਪੰਨਾ 10

102. ਉਹੀ, ਪੰਨਾ 12

103. ਉਹੀ, ਪੰਨੇ 16-17

104. ਉਹੀ, ਪੰਨਾ 61

105. ਉਹੀ, ਪੰਨਾ 67

106. ਉਹੀ, ਪੰਨਾ 62

107. ਉਹੀ, ਪੰਨਾ 49

108. ਉਹੀ, ਪੰਨਾ 45

109. ਰਸ਼ਪਿੰਦਰ ਰਸ਼ਿਮ, ਛਲੇਡਾ, ਪੰਨਾ 19

110. ਉਹੀ, ਪੰਨਾ 18

111. ਨਿਰਮਲ ਜਸਵਾਲ, ਇਕ ਚੁੱਪ ਜਿਹੀ ਕੁੜੀ, ਪੰਨਾ 31

112. ਉਹੀ, ਪੰਨਾ 32

113. ਨਿਰਮਲ ਜਸਵਾਲ, ਮੱਛੀਆਂ ਕੱਚ ਦੀਆਂ, ਪੰਨਾ 29

114. ਉਹੀ, ਪੰਨਾ 27

115. ਉਹੀ, ਪੰਨਾ 25

116. ਸਮਦਰਸ਼ੀ, ਅੰਕ-111, ਦੋ ਮਾਸਿਕ, ਅਗਸਤ-ਸਤੰਬਰ, 2009, ਪੰਨਾ 63 ਤੋਂ ਉੱਧਰਿਤ

117. ਨਿਰਮਲ ਜਸਵਾਲ, ਮੱਛੀਆਂ ਕੱਚ ਦੀਆਂ, ਪੰਨਾ 31